# ਮੰਚਣ

## ਪੁਸਤਕ ਲੜੀ ਨੰ: 18

**ਸੰਪਾਦਕ ਮੰਡਲ:** ਆਤਮਜੀਤ (ਮੋਹਾਲੀ), ਸਤੀਸ਼ ਕੁਮਾਰ ਵਰਮਾ (ਪਟਿਆਲਾ), ਸੁਖਦੇਵ ਸਿੰਘ (ਸਰਸਾ), ਰਵਿੰਦਰ ਭੱਠਲ (ਲੁਧਿਆਣਾ), ਬ. ਸ. ਰਤਨ (ਦਿੱਲੀ), ਬੀ. ਪੀ. ਸਿੰਘ (ਚੰਡੀਗੜ੍ਹ)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਗੰਢਣ



ਮੰਚਣ ਆਰਟਸ ਐਂਡ ਰੀਸਰਚ ਸੈਂਟਰ (ਰਜਿ.) ਵਲੋਂ ਪ੍ਰਕਾਸ਼ਿਤ

ਪੰਜਾਬੀ ਨਾਟਕ ਅਤੇ ਥੀਏਟਰ ਦੀ ਪੁਸਤਕ-ਲੜੀ

# ਪੁਸਤਕ-ਲੜੀ ਨੰ: 18

225, ਫੇਜ਼-6, ਮੋਹਾਲੀ-160055


| | | |
|---|---|---|
| ਇਸ ਅੰਕ ਦੇ ਲੇਖਕ | | 2 |
| ਸੰਪਾਦਕੀ | | 3 |
| ਘਰ ਘਰ ਇਹੋ ਅੱਗ | ਦਰਸ਼ਨ ਮਿਤਵਾ | 5 |
| ਹੋਰ ਕੀ ਕਰਦਾ | ਦੇਵਿੰਦਰ ਕੁਮਾਰ | 19 |
| ਉਠਾਂ ਵਰਗੇ ਆਦਮੀ | ਅਜਾਇਬ ਕਮਲ | 32 |
| ਜਦੋਂ ਰੂਹਾਂ ਜਾਗੀਆਂ | ਮੋਹਣੀ ਦਿਵੇਦੀ | 43 |
| ਚੌਂਕ ਵਿਚ ਖੜੇ ਪੇਸ਼ਾਵਰ | ਸੁਖਮਿੰਦਰ ਸਿੰਘ ਸੇਖੋਂ | 61 |
| ਰੋਟੀ ਦੀ ਭਾਲ | ਹਰਨਾਮ ਸਿੰਘ ਜਮਕ | 73 |
| ਦੁੱਖੜੇ ਉਮਰਾਂ ਦੇ | ਪ੍ਰੀਤ ਮਹਿੰਦਰ ਸੇਖੋਂ | 83 |



ਮੁੱਲ ਇੱਕ ਕਾਪੀ : 15 ਰੁਪਏ/ਚਾਰ ਅੰਕ : 60 ਰੁਪਏ

ਰੰਗ ਕਰਮੀਆਂ ਅਤੇ ਵਿਦਿਆਰਥੀਆਂ ਲਈ : 40 ਰੁਪਏ

(ਵਿਦੇਸ਼ : 400 ਭਾਰਤੀ ਰੁਪਏ) ਸੰਸਥਾਵਾਂ ਤੇ ਲਾਇਬਰੇਰੀਆਂ : 100 ਰੁਪਏ

ਮੰਚਣ ਦੇ ਅੰਕ ਨਾ ਤਾਂ ਮੁਫ਼ਤ ਭੇਜੇ ਜਾਂਦੇ ਹਨ ਅਤੇ ਨਾ ਹੀ ਕਿਸੇ ਸਟਾਲ ਤੇ ਮਿਲਦੇ ਹਨ।

## ਇਸ ਅੰਕ ਦੇ ਲੇਖਕ


ਅਜਾਇਬ ਕਮਲ; Box 15674. Nairobi-Kenya

ਦਰਸ਼ਨ ਮਿਤਵਾ, ਸਿਨੇਮਾ ਰੋਡ, ਮਾਨਸਾ

ਮੋਹਨੀ ਦਿਵੇਦੀ, A-604, Shivdham, Linking Road, Malad West, Bombay-64

ਸੁਖਮਿੰਦਰ ਸਿੰਘ ਸੇਖੋਂ, 329 ਪਾਂਡੂਸਰ, ਨਵੀਂ ਆਬਾਦੀ, ਨਾਭਾ

ਦੇਵਿੰਦਰ ਕੁਮਾਰ, ਐਸ. ਡੀ. ਟਰੇਡਰਜ਼, ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ

ਹਰਨਾਮ ਸਿੰਘ ਚਮਕ (ਸਵਰਗੀ), ਰਚਨਾਵਾਂ ਲਈ ਸੰਪਰਕ : ਰਵਿੰਦਰ ਭੱਠਲ, ਐਸ. ਡੀ. ਕਾਲਿਜ ਬਰਨਾਲਾ

ਪ੍ਰੀਤ ਮਹਿੰਦਰ ਸੇਖੋਂ, ਸਹਿਕਾਰੀ ਕਤਾਈ ਮਿੱਲ, ਮਾਨਸਾ (ਬਠਿੰਡਾ)



**ਸੰਪਾਦਕ-ਮੰਡਲ**

ਆਤਮਜੀਤ (ਮੋਹਾਲੀ) ਸਤੀਸ਼ ਕੁਮਾਰ ਵਰਮਾ (ਪਟਿਆਲਾ) ਸੁਖਦੇਵ ਸਿੰਘ (ਸਰਸਾ)
ਰਵਿੰਦਰ ਭੱਠਲ (ਲੁਧਿਆਣਾ), ਬ. ਸ. ਰਤਨ (ਦਿੱਲੀ), ਬੀ. ਪੀ. ਸਿੰਘ (ਚੰਡੀਗੜ੍ਹ)

ਲੋਕ ਸੰਪਰਕ : ਮਦਨ ਲਾਲ ਗਰਗ


# ਸੰਪਾਦਕੀ

## ਨਵੇਂ ਨਾਟਕਕਾਰਾਂ ਦੀ ਆਮਦ

'ਮੰਚਣ' ਦਾ ਇਹ ਤੀਸਰਾ ਸਕ੍ਰਿਪਟ ਅੰਕ ਹੈ। ਮੰਚਣ ਆਰੰਭ ਕਰਦਿਆਂ ਹਰ ਅੰਕ ਵਿਚ ਦੋ ਸਕ੍ਰਿਪਟਾਂ ਦੇਣ ਦੇ ਫੈਸਲਾ ਕੀਤਾ ਤਾਂ ਡਰ ਲਗਦਾ ਸੀ ਕਿ ਕੀ ਇਹ ਸੰਭਵ ਹੋ ਸਕੇਗਾ ? ਸਾਨੂੰ ਖ਼ੁਸ਼ੀ ਹੈ ਕਿ 'ਮੰਚਣ' ਨੇ ਸਕ੍ਰਿਪਟ ਲੇਖਣ ਦੀ ਲਹਿਰ ਪੈਦਾ ਕਰ ਦਿੱਤੀ ਹੈ। ਮੰਚਣ ਦੇ ਹੁਣ ਤਕ ਦੇ 18 ਅੰਕਾਂ ਵਿਚ, ਲਗਪਗ 40 ਨਾਟਕ ਛਪ ਚੁੱਕੇ ਹਨ ਅਤੇ ਅਣਛਪੀਆਂ ਸਕ੍ਰਿਪਟਾਂ ਨਾਲ ਫਾਈਲਾਂ ਭਰੀਆਂ ਪਈਆਂ ਹਨ। ਨਾਟਕ ਲਿਖਣ ਵਿਚ ਗਿਣਤੀ ਦੇ ਪੱਖ ਤੋਂ ਬਹੁਤ ਵੱਡਾ ਕੰਮ ਹੋ ਰਿਹਾ ਹੈ। ਜਿਥੇ ਇਕ ਪਾਸੇ ਪਰਾਣੇ ਨਾਟਕਕਾਰ ਮੁੜ ਸਰਗਰਮ ਹੋਏ ਹਨ ਉਥੇ ਨਵੇਂ ਨਾਟਕਕਾਰਾਂ ਦੀ ਆਮਦ ਦਾ ਵੀ ਕੋਈ ਸ਼ੁਮਾਰ ਨਹੀਂ। ਕਦੇ ਸਮਾਂ ਸੀ ਕਿ ਵਿਅਕਤੀ ਇਕ ਨਾਟਕ ਲਿਖ ਕੇ ਪੰਜਾਬੀ ਸਾਹਿਤ ਵਿਚ ਸਥਾਪਿਤ ਹੋ ਜਾਂਦਾ ਸੀ ਤੇ ਹੁਣ ਇਨੀ ਭੀੜ ਹੋ ਗਈ ਹੈ ਕਿ ਦਰਜਨਾਂ ਨਾਟਕ ਲਿਖਣ ਵਾਲੇ ਵੀ ਅਸਥਾਪਤੀ ਜਾਂ ਅਰਧ-ਸਥਾਪਤੀ ਹੰਢਾ ਰਹੇ ਹਨ। ਨਵੇਂ ਨਾਟਕਕਾਰਾਂ ਵਿਚ ਬਹੁਤੀ ਗਿਣਤੀ ਰੰਗਕਰਮੀ ਨਾਟਕਕਾਰਾਂ ਦੀ ਹੈ ਜਿਨ੍ਹਾਂ ਨੇ ਆਪਣੀਆਂ ਖੇਡਣ ਦੀਆਂ ਲੋੜਾਂ ਨੂੰ ਮੁਖ ਰੱਖ ਕੇ ਨਾਟਕ ਲਿਖਣ ਵੱਲ ਕਦਮ ਪੁੱਟਿਆ ਹੈ।

ਇਹ ਸਾਰੀ ਸਥਿਤੀ ਖ਼ੁਸ਼ੀ ਦੇਣ ਵਾਲੀ ਹੈ ਅਤੇ ਅਸੀਂ ਇਸਨੂੰ ਮੁਬਾਰਕ ਕਹਿੰਦੇ ਹਾਂ। ਇਸ ਗੱਲ ਦਾ ਖ਼ੁਸ਼ੀ ਭਰਿਆ ਮਾਣ ਵੀ ਮਹਿਸੂਸ ਕਰਦੇ ਹਾਂ ਕਿ 'ਮੰਚਣ' ਨੇ ਇਸ ਨਾਟਕ ਲੇਖਣ ਲਹਿਰ ਦੀ ਉਸਾਰੀ ਵਿਚ ਆਪਣਾ ਤਿਲਫੁੱਲ ਪਾਇਆ ਹੈ। ਪਰੰਤੂ ਹੁਣ ਇਸ ਤੋਂ ਅਗਾਂਹ ਜਾਣ ਦੀ ਲੋੜ ਵੀ ਮਹਿਸੂਸ ਹੋ ਰਹੀ ਹੈ। ਗਿਣਤੀ ਦੇ ਪੱਖ ਤੋਂ ਵਿਸਤ੍ਰਿਤ ਇਸ ਨਾਟਕ ਲੇਖਣ ਲਹਿਰ ਨੂੰ ਗੁਣ ਦੇ ਪੱਖ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। ਇਸ ਸਮੇਂ ਜੋ ਸਕ੍ਰਿਪਟਾਂ ਖਾਸ ਕਰ 'ਰੰਗਕਰਮੀ ਨਾਟਕਕਾਰਾਂ' ਦੀਆਂ ਲਿਖਤਾਂ ਅੱਗੇ ਆ ਰਹੀਆਂ ਉਨ੍ਹਾਂ ਵਿਚ ਵਿਚਾਰ ਦੀ ਖ਼ੁਸ਼ਕਤਗੀ ਤੇ ਵਿਸ਼ੇ ਦੇ ਸਹੀ ਨਿਭਾਅ ਦੀਆਂ ਕਮਜ਼ੋਰੀਆਂ ਨਜ਼ਰ ਆਉਂਦੀਆਂ ਹਨ। ਬਹੁਤੀ ਥਾਈਂ ਨਾਟਕ 'ਮੰਚ-ਮਸ਼ਕਾਂ' ਹੀ ਬਣ ਕੇ ਰਹਿ ਜਾਂਦੇ ਹਨ। ਸਾਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਇਸ ਹਥਲੇ ਸਕ੍ਰਿਪਟ ਅੰਕ ਵਿਚ ਵੀ ਅਜਿਹੀ ਝਲਕ ਮੌਜੂਦ ਹੈ। ਇਸ ਸਭ ਤੋਂ ਸੁਚੇਤ ਹੋਣ ਦੀ ਲੋੜ ਹੈ। ਅਸੀਂ ਨਵੇਂ ਨਾਟਕਕਾਰਾਂ ਨੂੰ ਨਿਮਰਤਾ ਸਹਿਤ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਆਪਣੀਆਂ ਲਿਖਤਾਂ ਦੇ ਗੁਣਾਤਮਕ ਪੱਖ ਵੱਲ ਧਿਆਨ ਦੇਣ ਤਾਂ ਹੀ ਉਨ੍ਹਾਂ ਦੀ ਮਿਹਨਤ ਸਕਾਰਥ ਹੋਵੇਗੀ ਵਰਨਾ ਵਕਤ ਦੀ ਧੂੜ ਵਿਚ ਰੁਲ ਜਾਵੇਗੀ। ਨਾਟਕ ਵਿਚਲਾ ਗੁਣ, ਗੰਭੀਰਤਾ ਅਤੇ ਗਹਿਰਾਈ ਕੇਵਲ ਮੰਚੀ-ਅਨੁਭਵ ਨਾਲ ਹੀ ਨਹੀਂ ਪੈਦਾ ਹੁੰਦੇ ਬਲਕਿ ਇਸ ਦੀ

ਵਡੇਰੀ ਸ਼ਰਤ ਜੀਵਨ-ਅਨੁਭਵ ਹੈ । ਸਾਡਾ ਜ਼ਿੰਦਗੀ ਵਿਚ ਜਿੰਨਾ ਵੱਧ ਵਿਸ਼ਵਾਸ ਹੋਵੇਗਾ ਅਤੇ ਅਸੀਂ ਇਸ ਵਿਸ਼ਵਾਸ ਪ੍ਰਤੀ ਜਿੰਨੇ ਵੱਧ ਸੁਚੇਤ ਹੋਵਾਂਗੇ ਉਨੀ ਹੀ ਸਾਡੀ ਜ਼ਿੰਦਗੀ ਦੇ ਅਰਥਾਂ ਨੂੰ ਪੜ੍ਹਨ ਅਤੇ ਸਿਰਜਣ ਦੀ ਵਧੇਰੇ ਸਮਰਥਾ ਹੋਵੇਗੀ । ਨਾਟਕ ਵਿਚ ਗੁਣ, ਗੰਭੀਰਤਾ ਅਤੇ ਗਹਿਰਾਈ ਉਦੋਂ ਹੀ ਪ੍ਰਵੇਸ਼ ਕਰਦੇ ਹਨ ਜਦੋਂ ਇਹ ਤਿੰਨੇ ਲੱਛਣ ਨਾਟਕਕਾਰ ਦੀ ਆਪਣੀ ਜ਼ਿੰਦਗੀ ਦਾ ਵੀ ਅੰਗ ਹੋਣ । ਜਿਨ੍ਹਾਂ ਲੋਕਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਨੇ ਬਹੁਤਾ ਭਰਪੂਰ ਅਨੁਭਵ ਨਹੀਂ ਦਿੱਤਾ ਉਹ ਲੇਖਣ ਦੇ ਪੱਖੋਂ ਬਦਕਿਸਮਤ ਹਨ । ਇਸ ਲਈ ਚੋਣਤ-ਨਾਟਕਕਾਰਾਂ ਲਈ ਇਹ ਮਸ਼ਵਰਾ ਕੁਥਾਂ ਨਹੀਂ ਕਿ ਉਹ ਜ਼ਿੰਦਗੀ ਅਤੇ ਉਸਦੇ ਵਿਭਿੰਨ ਪਹਿਲੂਆਂ ਬਾਰੇ ਵਧੇਰੇ ਸੁਚੇਤ ਹੋਣ ।

O

ਇਸ ਅੰਕ ਵਿਚ ਨਵਿਆਂ ਦੇ ਨਾਲ ਪੁਰਾਣੇ ਪਰ ਅਣਪਛਾਤੇ ਨਾਟਕਕਾਰ ਹਰਨਾਮ ਸਿੰਘ ਚਮਕ ਦੀ ਰਚਨਾ ਵੀ ਹੈ । ਇਸ ਰਚਨਾ ਦਾ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਜ਼ਰੂਰ ਮਹੱਤਵ ਹੈ ।

O

ਜੈਤੋ ਤੋਂ ਪਾਲੀ ਭੁਪਿੰਦਰ ਸਿੰਘ ਦੇ ਯਤਨਾਂ ਨਾਲ ਇਕ ਹੋਰ ਪੁਸਤਕ-ਲੜੀ 'ਰੰਗਮੰਚ'ਦੀ ਪ੍ਰਕਾਸ਼ਨਾ ਦਾ ਸ਼ੁਭ ਆਰੰਭ ਹੋਇਆ ਹੈ । ਅਸੀਂ 'ਮੰਚਣ' ਵੱਲੋਂ ਇਸ ਉਦਮ ਨੂੰ ਜੀ ਆਇਆਂ ਕਹਿੰਦੇ ਹਾਂ । ਸਾਡਾ ਵਿਸ਼ਵਾਸ ਹੈ ਕਿ ਇਹ ਲੜੀ 'ਮੰਚਣ' ਦੇ ਕੰਮ ਨੂੰ ਹੀ ਅੱਗੇ ਤੋਰੇਗੀ । ਪੁਸਤਕ ਲੜੀ ਦਾ ਪਤਾ : ਬਿਸ਼ਨੰਦੀ ਬਾਜ਼ਾਰ, ਜੈਤੋ (ਬਠਿੰਡਾ)

—ਸੰਪਾਦਕ

# ਘਰ ਘਰ ਇਹੋ ਅੱਗ

## ਦਰਸ਼ਨ ਮਿਤਵਾ

ਦਰਸ਼ਨ ਮਿਤਵਾ ਪੰਜਾਬੀ ਦਾ ਜਾਣਿਆਂ-ਪਛਾਣਿਆਂ ਗਲਪਕਾਰ, ਪੱਤਰਕਾਰ ਅਤੇ ਨਾਟਕਕਾਰ ਹੈ । ਮੰਚਣ '6' ਵਿਚ ਪਹਿਲਾਂ ਵੀ ਉਸਦਾ ਇਕ ਨਾਟਕ 'ਬਦਲੇ ਖੋਰੀਆਂ ਰਾਤਾਂ' ਛਪ ਚੁੱਕਾ ਹੈ । ਇਸ ਨਾਟਕ ਵਿਚ ਵੀ ਉਸਨੇ ਪੇਂਡੂ ਜੀਵਨ ਦੇ ਯਥਾਰਥ ਨੂੰ ਨੇੜਿਉਂ ਚਿਤਰਿਆ ਹੈ ।

ਪਾਤਰ :

ਲੱਖੂ ਬੁੜ੍ਹਾ, ਵਿਦਿਆ, ਮੰਗੂ, ਮੱਖਣ-ਗੋਪਾ (ਛੋਟਾ ਬੱਚਾ), ਵੱਡਾ ਮੁੰਡਾ, ਵੱਡੀ ਬਹੂ, ਛੋਟਾ ਮੁੰਡਾ, ਛੋਟੀ ਬਹੂ,

### ਦ੍ਰਿਸ਼ ਪਹਿਲਾ

[ਦਮੇ ਦਾ ਮਰੀਜ਼ ਲੱਖੂ ਬੁੜ੍ਹਾ ਔਖਾ ਹੋ ਹੋ ਕੇ ਖੰਘ ਰਿਹਾ ਹੈ । ਉਸ ਦੀ ਹਾਲਤ ਖਰਾਬ ਲਗਦੀ ਹੈ । ਘੜੀ-ਘੜੀ ਸਾਹ ਚੜ੍ਹ ਜਾਂਦਾ ਹੈ ਅਤੇ ਖੰਘ ਛਿੜ ਪੈਂਦੀ ਹੈ । ਔਖਾ ਹੋ ਰਿਹਾ ਲੱਖੂ ਬੁੜ੍ਹਾ ਆਪਣੇ ਪੁੱਤਾਂ ਨੂੰ ਗਾਲ੍ਹਾਂ ਦੇ ਰਿਹਾ ਹੈ । ਉੱਚੀ-ਉੱਚੀ ਬੋਲਣ ਕਰਕੇ ਉਸ ਦਾ ਸਾਹ ਚੜ੍ਹਿਆ ਹੋਇਆ ਹੈ ।]

ਲੱਖੂ ਬੁੜ੍ਹਾ : ਸਾਲੇ ਪੁੱਤ ਨ੍ਹੀ, ਦੁਸ਼ਮਣ ਜੰਮੇ ਨੇ । ਇਹੋਜਿਆਂ ਨਾਲੋਂ ਤਾਂ ਔਵੇਂ ਈ ਚੰਗੇ ਸੀ । ਕੀ ਕੰਜਰਾਂ ਨੂੰ ਰਗੜ ਕੇ ਫੜਿਆਂ 'ਤੇ ਲਾਉਣਾ ਸੀ ? ...ਕਾਹਨੂੰ ਦੇਣੇ ਸੀ ਓਇ ਰੱਬਾ । ਏਦੂੰ ਤਾਂ ਜੰਮਦਿਆਂ ਨੂੰ ਈ ਚੱਕ ਲੈਂਦਾ. ਆਈ ਸਬਰ ਕਰ ਲੈਂਦੇ ਬਈ ਹੈ ਨ੍ਹੀ ।

ਵਿਦਿਆ : ਬੱਸ, ਚੁੱਪ ਵੀ ਕਰ ਜਾ ਹੁਣ. ਕਿਉਂ ਬਕਾ-ਬਕੀ ਜਾਨੈਂ । ਫੇਰ ਵੀ ਆਵਦੇ ਨੇ ।

ਲੱਖੂ ਬੁੜ੍ਹਾ : ਕੀ ਕਿਹਾ ਆਵਦੇ...? ਮੈਂ ਏਹਨਾਂ ਦਾ ਮੂੰਹ ਕੀ ਦੇਖਦਾਂ ਸਾਲਿਆਂ ਦਾ । ਪੁੱਤ ਨ੍ਹੀ ਹਨ ਇਹ । ਮੇਰੇ ਵੈਰੀ ਨੇ ਵੈਰੀ...ਨਾਗ ...ਕਾਲੇ ਨਾਗ ।

ਵਿਦਿਆ : ਚੰਗਾ ਬੋਲੀ ਜਾ ।

ਲੱਖੂ ਬੁੜ੍ਹਾ : ਏਹਨਾਂ ਨੇ ਮੈਨੂੰ ਸਮਝ ਕੀ ਰੱਖਿਐ, ਮੈਂ ਤਾਂ ਪੀ ਜੂੰ ਏਹਨਾਂ ਦਾ ਲਹੂ । ਮੈਨੂੰ ਸਾਲੇ ਮਰਿਆ ਈ ਭਾਲਦੇ ਨੇ । ਮੈਂ ਬੱਸ ਆਈਂ ਮਰਜੂੰ,ਏਹਨਾਂ ਦਾ ਲਹੂ ਪੀਤੇ ਬਿਨਾਂ... ਕੰਜਰੋ... ।

ਵਿਦਿਆ : ਰੱਬ ਦੇ ਵਾਸਤੇ ਹੁਣ ਚੁੱਪ ਵੀ ਕਰ ਜਾ । ਆਏਂ ਬੋਲ-ਕਬੋਲ ਬੋਲ ਕੇ ਕਿਉਂ

ਆਵਦਾ ਅੰਦਰ ਸਾੜਦੇਂ, ਫੇਰ ਕੇਹੜਾ ਉਹ ਤੇਰੇ ਕੋਲ ਆ ਬੈਠਣਗੇ ?

ਲੱਖੂ ਬੁੜ੍ਹਾ : (ਬੋਲਦੇ-ਬੋਲਦੇ ਸਾਹ ਚੜ੍ਹ ਜਾਂਦਾ ਹੈ ਅਤੇ ਖੰਘ ਛਿੜਦੀ ਹੈ) ਸਾਲ ਭਰ ਹੋ ਗਿਆ ਮੰਜੇ 'ਚ ਪਏ ਨੂੰ। ਕਦੇ ਆਕੇ ਕਿਸੇ ਸਾਲੇ ਨੇ ਆਏਂ ਨ੍ਹੀ ਪੁੱਛਿਆ ਬਈ ਬਾਪੂ ਕਿਮੇਂ ਐਂ, ਬਈ ਕਿਤੇ ਬਾਪੂ ਦਾ ਪਰਛਾਮਾਂ ਈ ਨਾ ਪੈ ਜੇ ...ਇਹੋਜੇ ਕਬੀ ਜੰਮੇ ਨੇ, ਸਾਲੇ ਵੱਢੀ ਉਂਗਲ 'ਤੇ ਕੀ ਮੂਤਦੇ ਨੇ... ।

ਵਿਦਿਆ : ਹੁਣ ਚੁੱਪ ਨ੍ਹੀ ਕਰੀਦਾ ਫੇਰ ?

ਲੱਖੂ ਬੁੜ੍ਹਾ : ਤੂੰ ਦੇਖਦੀ ਤਾਂ ਜਾਹ। 'ਕੇਰਾਂ ਥੋੜ੍ਹਾ ਜਿਆ ਤਕੜਾ ਹੋ ਜਾਂ, ਖੜ੍ਹਾ ਹੋਣ ਜੋਗਾ। ਬਾਹਾਂ ਫੜ-ਫੜ ਕਢੂੰ ਘਰੋਂ ਕੰਜਰਾਂ ਨੂੰ .. ਸਾਲੇ ਲਗਾੜੇ । 'ਕੱਲੇ-'ਕੱਲੇ ਨੂੰ ਬੇਦਾਵੇ ਲਿਖਾਊਂ।

ਵਿਦਿਆ : ਫੇਰ ਹੁਣ ਬੋਲੀ ਕਾਹਨੂੰ ਜਾਨੈਂ ...ਤਕੜਾ ਹੋ ਕੇ ਜੋ ਮਰਜੀ ਕੁਛ ਕਰੀਂ ਜਾਈਂ।

ਲੱਖੂ ਬੁੜ੍ਹਾ : ਤੇ ਏਥੇ ਘਰ ਦੀ ਥਾਂ ਬਣਵਾਊਂਗਾ ਗੁਰਦੁਆਰਾ। ਮੈਂ ਬਣਾਊਂ ਏਹਨਾਂ ਨੂੰ ਘਰ ਦਾ ਮਾਲਕ, ਵੱਡੇ ਨੌਢੀਆਂ ਨੂੰ। ...ਸਾਲੇ ਲਗਦੇ ਨੇ ਇਹ ਘਰ ਦੇ (ਬੋਲਦਾ-ਬੋਲਦਾ ਹੋਰ ਔਖਾ ਹੁੰਦਾ ਹੈ) ਹਾਏ...ਏ...ਏ... (ਖੰਘ ਛਿੜਦੀ ਹੈ) ਚੱਕ ਲੈ ਓਇ ਰੱਬਾ...ਹਾਏ...ਏ...ਹਾਏ... ।

ਵਿਦਿਆ : ਨਾਲੇ ਓਦੋਂ ਦੀ ਤੈਨੂੰ ਕਹੀ ਜਾਨੀ ਆਂ ਬਈ ਚੁੱਪ ਹੋ ਜਾ। ਹੁਣ ਔਖਾ ਹੁੰਨੈਂ। ਉਹਨਾਂ ਦੇ ਤਾਂ ਕੰਨ 'ਤੇ ਜੂੰ ਨ੍ਹੀ ਸਰਕਦੀ।

ਲੱਖੂ ਬੁੜ੍ਹਾ : ਹਾਏ...ਏ... । ਕਈ ਨ੍ਹੀ ਮੈਂ ਸਮਝੂ ਏਹਨਾਂ ਨਾਲ... ਹਾਏ...ਏ।

ਵਿਦਿਆ : ਚਾਹ ਕਰਕੇ ਲਿਆਮਾਂ, ਕਹੇਂ ਤਾਂ... ?

ਲੱਖੂ ਬੁੜ੍ਹਾ : ਕਿਉਂ ਔਖੀ ਹੁੰਨੀ ਐਂ... ਮੈਂ ਤਾਂ ਖਨ੍ਹੀਂ ਦੋ ਘੜੀਆਂ ਦਾ ਹਾਂ ਕਿ ਨਹੀਂ .. ਤੈਨੂੰ ਇਹਨਾਂ ਕੰਜਰਾਂ ਨੇ ਟੁੱਕ ਕੇਹੜਾ ਦੇਣੈ। ਤੈਨੂੰ ਖਾ ਕੇਹੜਾ ਨਾ ਜਾਣਗੇ, ਸਾਲੇ ਐਸੇ ਰਾਖਸ਼ ਜੰਮੇ ਨੇ।

ਵਿਦਿਆ : ਬੱਸ ਤੂੰ ਹੁਣ ਚੁੱਪ ਕਰਕੇ ਪੈ ਜਾ, ਮੈਂ ਲਿਆਉਣੀ ਆਂ ਚਾਹ ਕਰਕੇ।

ਲੱਖੂ ਬੁੜ੍ਹਾ : ਹਾਏ...ਏ...ਏ... । ਏਹਨਾਂ ਨੇ ਮੈਨੂੰ ਸਮਝ ਕੀ ਰੱਖਿਐ ? ਮੈਂ ਅੱਜ ਈ ਲਿਖਾਉਣਾ ਕੰਜਰਾਂ ਨੂੰ ਬੇ ਦਾਵੇ...ਹਾਏ... ਹਾਏ ਓਇ ਰੱਬਾ... (ਲੱਖੂ ਨੂੰ ਜੋਰ ਦੀ ਘੰਗ ਛਿੜਦੀ ਹੈ। ਵਿਦਿਆ ਉੱਠ ਕੇ ਚਲੀ ਜਾਂਦੀ ਹੈ)

## ਦ੍ਰਿਸ਼ ਦੂਸਰਾ

[ਵੱਡੀ ਬਹੂ ਰੋਟੀ ਪਕਾ ਰਹੀ ਹੈ। ਛੋਟੀ ਉਸ ਕੋਲ ਬੈਠੀ ਹੋਈ ਹੈ। ਉਹ ਆਪਸ ਵਿਚ ਗੱਲਾਂ ਕਰਦੀਆਂ ਲੱਖੂ ਬੁੜ੍ਹੇ ਅਤੇ ਵਿਦਿਆ ਉੱਤੇ ਔਖੀਆਂ-ਭਾਰੀਆਂ ਹੋ ਰਹੀਆਂ ਹਨ]



ਵੱਡੀ ਬਹੂ : ਦੇਖ ਨੀ ਏਹਨਾਂ ਦੋਵਾਂ ਜੀਆਂ ਨੇ ਕੀ ਚੱਜ ਫੜਿਆ ਹੋਇਐ ? ਉਹ ਆਪ ਬਹਾਨਾ ਬਣਾ ਕੇ ਸਾਰਾ-ਸਾਰਾ ਦਿਨ ਮੰਜੇ 'ਚ ਲਿਟਿਆ ਪਿਆ ਰਹਿੰਦੈ । ਆਪ ਵੱਡੀ ਰਕਾਨ ਸਾਰਾ ਦਿਨ ਉਹਦੇ ਸਰ੍ਹਾਣੇ ਬੈਠੀ ਰਹੂ ਜਿਵੇਂ ਦੂਸਰੇ ਤਾਂ ਸਾਰੇ ਮਿੱਟੀ ਦੇ ਈ ਬਣੇ ਹੋਏ ਨੇ। ਪਤਾ ਨਹੀਂ ਦੋਵੇਂ ਜਣੇ ਇਹੋਜੀਆਂ ਕੀ ਗੁੱਝੀਆਂ ਗੱਲਾਂ ਕਰਦੇ ਨੇ, ਸਾਰਾ ਦਿਨ ਉਹਦੇ ਸਰ੍ਹਾਣਿਓਂ ਨ੍ਹੀਂ ਉਠਦੀ। ਧੌਲਾ ਝਾਟਾ ਹੋਇਆ ਪਿਐ ਦੋਵਾਂ ਦਾ... ਹਾਲੇ ਵੀ... ।

ਛੋਟੀ ਬਹੂ : ਦੱਬੀ ਚੱਲੋ ਹੁਣ ਲੋਥ ਦੀਆਂ ਲੱਤਾਂ-ਬਾਹਾਂ । ਗਾਹਾਂ ਤਾਂ ਜਿਵੇਂ ਰੋਜ਼ ਥੱਬਾ ਨੋਟਾਂ ਦਾ ਲਿਆ ਕੇ ਫੜਾਉਂਦੇ ਨੇ ਨਾ ਕਮਾ ਕੇ । ਰੋਜ ਕਜੀਆ-ਕਲੇਸ਼ ਪਿਆ ਰਹਿੰਦੈ ਜੈ ਖਾਣੇ ਦਾ। ਮਰਦਾ-ਗਲਦਾ ਨ੍ਹੀ, ਮਗਰੋਂ ਨ੍ਹੀ ਲਹਿੰਦਾ ਇਹਨਾਂ 'ਚੋਂ ਕੋਈ। ..ਜਾਨ ਲੈਣੀ ਕਰ ਰੱਖੀ ਐ ਦੋਵਾਂ ਨੇ ਰਲ ਕੇ।

ਵੱਡੀ ਬਹੂ : ਨਾ ਈ ਇਹ ਟਿਕਦੀ ਐ ਫੱਫੇ ਕੁੱਟਣੀ। ਬਿੰਦ ਕੁ ਮਗਰੋਂ ਭਰ ਲੂ ਅੱਖਾਂ। ਸਾਰੀ ਰਾਤ ਉਹਦੇ ਸਰ੍ਹਾਣੇ ਬੈਠੀ ਉਹਦੇ ਕੰਨ ਭਰੀ ਜਾਊ। ਅਏਂ ਨ੍ਹੀ ਹੈ ਬਈ ਜੇਹੜੀਆਂ ਮਿਲਦੀਆਂ ਨੇ, ਚੁੱਪ ਕਰਕੇ ਖਾਈ ਚੱਲੀਏ।

ਛੋਟੀ ਬਹੂ : ਨੀ ਚੁਪ...ਆਉਂਦੀ ਐ। ਜੇ ਆਪਣੀ ਮਾੜੀ ਜਹੀ ਗੱਲ ਵੀ ਕੰਨੀਂ ਪੈਗੀ, ਸਾਰਾ ਦਿਨ ਨ੍ਹੀ ਖਹਿੜਾ ਛੱਡਣਾ।

[ਵਿਦਿਆ ਆਉਂਦੀ ਹੈ]

ਵਿਦਿਆ : ਕੁੜੇ ਬਹੂ, ਕਿੱਧਰ ਨੂੰ ਗਿਐ ਵੱਡਾ ?

ਵੱਡੀ ਬਹੂ : ਪਤਾ ਨ੍ਹੀ। ਬਾਹਰ ਨੂੰ ਗਏ ਹੋਣਗੇ, ਮੁੰਡਾ ਰੋਈ ਜਾਂਦਾ ਸੀ, ਉਹਨੂੰ ਲੈ ਕੇ ਗਏ ਨੇ। ਕਹਿੰਦੇ ਸੀ ਕਾਕੇ ਇਹਨੂੰ ਟੌਫੀ ਦੁਆ ਲਿਆਵਾਂ, ਰੋਈ ਜਾਂਦੈ।

ਵਿਦਿਆ : ਹਾਏ ਨੀ ਮਰ ਜਾਣ ਏਹਦੇ ..ਪਿਉ ਤਾਂ ਉੱਪਰ ਪਿਆ ਔਖਾ ਹੋਈ ਜਾਂਦੈ, ਪਤਾ ਨ੍ਹੀ ਬਿੰਦ ਘੜੀ ਦਾ ਹੈ ਖੰਨੀਂ ਨਹੀਂ, ਤੇ ਏਹਨਾਂ ਦੇ ਕੁਛ ਯਾਦ ਚੇਤੇ ਈ ਨ੍ਹੀ . ਨਿੱਜ ਜੰਮਦੀ ਇਹੋ ਜੇ। ਇਹਨਾਂ ਨਾਲੋਂ ਤਾਂ ਸੱਤ ਬਿਗਾਨੇ ਈ ਚੰਗੇ ਜੇਹੜੇ ਬਿੰਦ-ਘੜੀ ਆਕੇ ਹਾਲ ਤਾਂ ਪੁੱਛ ਜਾਂਦੇ ਨੇ। (ਬੋਲਦੀ-ਬੋਲਦੀ ਚਲੀ ਜਾਂਦੀ ਹੈ।)

ਵੱਡੀ ਬਹੂ : ਕਿੱਧਰ ਨੂੰ ਵਗ ਗੀ ਹੁਣ ?

ਛੋਟੀ ਬਹੂ : ਕੀ ਪਤੈ ਹੁਣ ਕੀਹਦੇ ਕੋਲੇ ਕੱਛਣ ਗਈ ਐ ? ਬਿੰਦ ਕੇਹੜਾ ਘਰੇ ਟਿਕਦੀ ਐ। ਹੁਣ ਆਈ ਸੀ ਬੋਲ-ਕੁਬੋਲ ਬੋਲਕੇ ਫੇਰ ਬਾਹਰ ਨੂੰ ਨਿਕਲਗੀ।

ਵੱਡੀ ਬਹੂ : ਸਾਰਾ ਦਿਨ ਚੜ੍ਹੀ ਵਗਦੀ ਐ। ਤੜਕੇ ਦਾ ਹੁਣ ਮਾੜਾ ਜਿਆ ਕੰਮ ਨੂੰ ਕਿਹਾ ਸੀ, ਮਖਿਆ ਆਹ ਦੋ ਕੁ ਭਾਂਡਿਆਂ 'ਚ ਸੁਆਹ ਫੇਰਦੇ, ਤੇਰੇ ਪੁੱਤ ਨੇ ਰੋਟੀ ਖਾਣ ਆਉਣੈ, ਪਰ ਫੇਰ ਜਾ ਵੜੀ ਕਿਸੇ ਪਾਸੇ। ਮਰ ਗਲ ਜਾਣ ਪਰ੍ਹੇ, ਆਪਾਂ ਤਾਂ ਸੌਖੇ ਹੋਜੀਏ। ਕੰਮ ਦੇ ਨਾਂ 'ਤੇ ਗੌਲੀ ਵੱਜ ਜਾਂਦੀ ਐ ਤੇ

ਆਥਣੇ ਫੇਰ ਸੁਆਦ-ਬੇਸੁਆਦ ਪਰਖਣ ਨੂੰ ਦੁਆਲੇ ਹੋ ਜਾਂਦੀ ਐ ।

[ਛੋਟਾ ਮੁੰਡਾ ਆਉਂਦਾ ਹੈ]

ਛੋਟਾ ਮੁੰਡਾ : ਕੀ ਗੱਲ ਅੱਜ ਕੁਵੇਲਾ ਕਰਤਾ ਰੋਟੀ ਨੂੰ ?

ਛੋਟਾ ਮੁੰਡਾ : ਚੰਗਾ ਭਲਾ ਤਾਂ ਪਤੈ, ਸਿਆਪਾ ਤਾਂ ਸਾਰਾ ਦਿਨ ਇਕੋ ਦਾ ਈ ਨ੍ਹੀ ਮੁਕਦਾ । ਉਹ ਤਾਂ ਚਾਹੁੰਦੀ ਐ ਸਾਰਾ ਦਿਨ ਬੁੜ੍ਹੇ ਨੂੰ ਈ ਚੁੱਕੇ ਫਿਰੀਏ ਗੰਧਾੜੇ ।

ਛੋਟਾ ਮੁੰਡਾ : ਉੱਤੇ ਰੋਟੀ ਭੇਜਤੀ ਕਿ ਨਹੀਂ ?

ਵੱਡੀ ਬਹੂ : ਭੇਜਦੀ ਆਂ ਉੱਤੇ ਵੀ ।

ਛੋਟੀ ਬਹੂ : ਜੇ ਮਾਂ ਆ ਜਾਂਦੀ ਤਾਂ ਉਹ ਆਪੇ ਲੈ ਜਾਂਦੀ ਉੱਪਰ ਰਟੀ । ਜੇ ਜੁਆਕ ਦੇ ਹੱਥ ਭੇਜ ਵੀ ਦੇਈਏ ਤਾਂ ਉੂਂ ਕਾਣ-ਮੀਣ ਜਹੀ ਕੱਢੀ ਜਾਂਦੀ ਰਹਿੰਦੀ ਐ ।

ਛੋਟਾ ਮੁੰਡਾ : ਜਾਹ ਗੋਧਿਆ ਤੂੰ ਦੇ ਆ ਬਾਬੇ ਨੂੰ ਰੋਟੀ ।

ਗੋਧਾ : ਲਿਆ ਚਾਚਾ । (ਗੋਧਾ ਰੋਟੀ ਲੈ ਕੇ ਚਲਾ ਜਾਂਦਾ ਹੈ ।)

ਵੱਡੀ ਬਹੂ : ਪਤਾ ਨ੍ਹੀ ਕਿੱਧਰ ਨੂੰ ਗਈ ਐ ਹੁਣ ? ਨਹੀਂ ਆਹ੍ਹਾ ਦੋ ਭਾਂਡਿਆਂ 'ਚ ਹਥ ਫੇਰ ਲੈਂਦੀ, ਪਰ੍ਹਾਂ ਕੰਮ ਮੁਕਦਾ ਹੁੰਦਾ, ਪਰ ਉਹਦਾ ਤਾਂ ਤੁਰਨ ਈ ਨ੍ਹੀ ਮੁਕਦਾ ਕਿਸੇ ਵੇਲੇ । ਫੇਰ ਜੇ ਮਾੜਾ ਮੋਟ ਕਹਿ ਦਿੰਨੇ ਆਂ ਤਾਂ ਉੂਂ ਸਿਰ ਨੂੰ ਆਉਂਦੀ ਐ ।

[ਗੋਧਾ ਰੋਟੀ ਵਾਪਸ ਲੈ ਆਉਂਦਾ ਹੈ]

ਵੱਡੀ ਬਹੂ : ਕਿਉਂ ਵੇ ਮੋੜ ਲਿਆਂਦੀ ?

ਗੋਧਾ : ਬਾਬੇ ਨੇ ਤਾਂ ਰੋਟੀ ਖਾਧੀ ਨ੍ਹੀ ।

ਛੋਟਾ ਮੁੰਡਾ : ਕਿਉਂ ?

ਗੋਧਾ : ਕਹਿੰਦਾ ਮੈਨੂੰ ਤਾਂ ਭੁੱਖ ਨ੍ਹੀ ।

ਵੱਡੀ ਬਹੂ : ਮੈਨੂੰ ਤਾਂ ਪਹਿਲਾਂ ਹੀ ਪਤਾ ਸੀ । ਏਹਨਾਂ ਦੇ ਤਾਂ ਦਗਾੜਾ ਵੱਜਿਆ ਈ ਰਹੂ । ਉਹ ਤੋਂ ਬਿਨਾਂ ਰੋਟੀ ਨ੍ਹੀ ਖਾਂਦਾ । ਨਹੀਂ ਖਾਂਦਾ ਤਾਂ ਨਾ ਖਾਵੇ, ਮਰੇ ਪਰ੍ਹਾਂ । ਏਹਨਾਂ ਦੇ ਤਾਂ ਰੋਸੇ ਈ ਨ੍ਹੀ ਠੀਕ ਆਉਂਦੇ ।

ਛੋਟੀ ਬਹੂ : ਉਹ ਆਪ ਲੈ ਜੇ. ਫੇਰ ਤਾਂ ਉਸੇ ਵੇਲੇ ਭੁੱਖ ਜਾਗ ਪੂ ।

ਛੋਟਾ ਮੁੰਡਾ : ਕੀ ਗੱਲ ਹੋਗੀ ?

ਵੱਡ ੀਬਹੂ : ਸਾਨੂੰ ਹੁਣ ਕੀ ਪਤੈ, ਕੀ ਗੱਲ ਹੋਗੀ ?

ਛੋਟੀ ਬਹੂ : ਮਾਂ ਭਰ ਆਈ ਹੋਊ ਕੰਨ ਤੜਕੇ ਈ ।

ਛੋਟਾ ਮੁੰਡਾ : ਬੇਬੇ ਉੱਧਰ ਈ ਐ ?

ਛੋਟੀ ਬਹੂ : ਜੇ ਉਹ ਉੱਧਰ ਹੁੰਦੀ ਤਾਂ ਰੋਟੀ ਖਾ ਈ ਨਾ ਲੈਂਦਾ । ਉਹਦੇ ਬਿਨਾਂ ਤਾਂ ਰੋਟੀ ਨ੍ਹੀ ਲੰਘਦੀ । ਕੀ ਪਤੈ ਕਿੰਨ੍ਹਾਂ ਦੇ ਗਈ ਐ ? ਕੇਹੜਾ ਵੇਲਾ ਹੋ ਗਿਆ ਗਈ ਨੂੰ । ਨਹੀਂ ਬੰਦਾ ਦੋ ਘੜੀ ਘਰੇ ਬੈਠੇ...।

[ਵਿਦਿਆ ਆਉਂਦੀ ਹੈ ]



ਵਿਦਿਆ : ਨੀ ਜਾਣ ਨੂੰ ਮੈਂ ਕੇਹੜੇ ਖੂਹ 'ਚ ਜਾਣਾ ਸੀ ?...ਵੇ ਛੋਟਿਆ ਤੂੰ ਹੀ ਬਹਿ ਜਾ ਅੱਧਾ ਘੰਟਾ ਜਾ ਕੇ ਆਵਦੇ ਪਿਓ ਕੋਲੇ । ਵੱਡੇ ਨੇ ਤਾਂ ਮਰਿਆ-ਖਪਿਆ ਜਾਣ ਲਿਆ, ਤੂੰ ਤਾਂ...ਚੰਦਰਿਓ ਮੈਨੂੰ ਦੱਸ ਤਾਂ ਦਿਓ ਉਹਨੇ ਥੋਡਾ ਇਹੋ ਜਾ ਕੀ ਬੁਰਾ ਕਰਤਾ, ਜੇਹੜੇ ਆਏਂ ਵੈਰੀ ਬਣ ਕੇ ਬਹਿ ਗੇ ?

ਛੋਟਾ ਮੁੰਡਾ : ਬੇਬੇ ਕਿਸੇ ਵੇਲੇ ਆਰਾਮ ਨਾਲ ਰੋਟੀ ਤਾਂ ਖਾ ਲੈਣ ਦਿਆ ਕਰ । ਤੇਰੇ ਕੋਲ ਸਾਰਾ ਦਿਨ ਆਹੀ ਕਹਾਣੀ । ਮੈਂ ਕੋਈ ਵਿਹਲਾ ਤਾਂ ਤੁਰਿਆ ਨ੍ਹੀ ਫਿਰਦਾ, ਘੜੀ-ਪਲ ਟੈਮ ਵੀ ਲੱਗੇ ।

ਵਿਦਿਆ : ਬਹੂ ਵੇ ਮੈਂ ਮਰਜਾਂ, ਤੂੰ ਤਾਂ ਜਮਾਂ ਈ ਲੋਹੜਾ ਮਾਰਿਆ । ਸੋਚਿਆ ਸੀ ਕੁੜੇ ਇਹ ਸੁਖ ਦੇਊਗਾ, ਪਰ ਇਹ ਤਾਂ ਵੱਡੇ ਤੋਂ ਵੀ ਵਿਹੁ ਦੀ ਗੰਦਲ ਨਿਕ-ਲਿਆ । ਉਹ ਤਾਂ ਫੇਰ ਵੀ ਅਜੇ ਘੂਰੇ-ਘੱਪੇ ਤੋਂ ਆਖੇ ਲੱਗ ਈ ਜਾਂਦੈ ।

ਛੋਟਾ ਮੁੰਡਾ : ਬੇਬੇ ਤੂੰ ਕਿਵੇਂ ਸਾਡਾ ਖਹਿੜਾ ਛੱਡੇਂਗੀ ਵੀ ਕਿ ਨਹੀਂ ? ਜਦੋਂ ਦੇਖੋ, ਗਲ ਪੈਣ ਤੋਂ ਬਿਨਾਂ ਤੈਨੂੰ ਹੋਰ ਕੋਈ ਕੰਮ ਈ ਨ੍ਹੀ ਹੈ ।

ਵਿਦਿਆ : ਵੇ ਥੋਡਾ ਪਿਓ ਐ, ਦੁਸ਼ਮਣ ਤਾਂ ਨ੍ਹੀ । ਜੇ ਬਿੰਦ ਘੜੀ ਕੋਲੇ ਜਾ ਕੇ ਬਹਿ ਜੋਂਗੇ ਤਾਂ ਕੋਈ ਥੋਡੇ ਦਗਾੜਾ ਨ੍ਹੀ ਵਜਦਾ । ਕੋਈ ਥੋਡੇ ਨਾਲੋਂ ਕੁਛ ਲਾਹੁੰਦਾ ਨੀ ਹੈ ਉਹ । ਪਤਾ ਨ੍ਹੀ ਉਹ ਘੜੀ-ਪਲ ਦਾ ਹੈ ਕਿ ਨਹੀਂ, ਫੇਰ ਟੱਡੀਓ ਬੋਕ...ਥੋਡੇ ਦੁੱਖ ਦਾ ਮਾਰਿਆ ਈ ਉਹ ਅੰਦਰੋ-ਅੰਦਰੀ ਭੁੱਜ ਕੇ ਖਿੱਲ ਬਣਿਆ ਪਿਐ । ਜਿੱਦੇਂ ਦਾ ਉਹ ਮੰਜੇ 'ਚ ਪਿਐ, ਕਦੇ ਛਿਪੇਂ ਓਂ ਉਹਦੇ ਕੋਲੇ ਕੋਈ ਜਾ ਕੇ...? ਜਦੋਂ ਉਹ ਪੂਰਾ ਹੋ ਗਿਆ ਫੇਰ ਤਾਂ ਸਾਰੇ ਸੌਖੇ ਹੋਜੋਂਗੇ । ਸਾਰਿਆਂ ਦੇ ਕਾਲਜੇ ਠੰਡ ਪੈਜੂਗੀ ।

ਛੋਟਾ ਮੁੰਡਾ : ਥੋਡਾ ਤਾਂ ਸਾਰਾ ਦਿਨ ਆ ਹੀ ਰੰਡੀ-ਰੋਣਾ ਮੁਕਦਾ ਈ ਨ੍ਹੀ ਹੈ । ਤੜਕੇ ਦੇ ਕੰਮ ਕਰਦੇ ਕਰਦੇ ਮਰ ਜਾਨੇ ਆਂ ਤੇ ਜਦੋਂ ਥੱਕੇ ਟੁੱਟੇ ਘਰੇ ਆਈਦੇ ਤਾਂ ਆਉਂਦਿਆਂ ਨੂੰ ਇਹੀ ਕਾਟੋ ਕਲੇਸ਼ ।

ਵਿਦਿਆ : (ਡੁਸਕਦੀ ਹੋਈ) ਆਹੋ ਭਾਈ ਥੋਨੂੰ ਤਾਂ ਆਪੇ ਈ ਕਾਟੋ ਕਲੇਸ ਲੱਗਣਾ ਹੋਇਆ । ਜੰਮ 'ਤੇ, ਪਾਲ 'ਤੇ, ਆਵਦੇ ਆਪ ਜੋਗਰੇ ਕਰ 'ਤੇ ।

ਛੋਟਾ ਮੁੰਡਾ : ਫੇਰ ਹੁਣ ਜ਼ਹਿਰ ਦੇ ਦੇ ਜੇ ਬਹੁਤੇ ਬੁਰੇ ਲਗਦੇ ਆਂ ਤਾਂ ।

ਵਿਦਿਆ : ਜੇ ਘੜੀ ਉਹਦੇ ਕੋਲ ਜਾ ਕੇ ਬਹਿਜੋਂਗੇ ਤਾ ਕੋਈ ਸੂਲ ਨ੍ਹੀ ਹੁੰਦਾ ਥੋਡੇ, ਉਹਦਾ ਵੀ ਹਿਰਦਾ ਠਰ ਜੇ ।

ਛੋਟਾ ਮੁੰਡਾ : ਥੋਡਾ ਹਿਰਦਾ ਤਾਂ ਕਦੇ ਠਰਨਾ ਈ ਨ੍ਹੀ ਹੈ ।

ਵਿਦਿਆ : ਵੇ ਥੋਡੀ ਬੇੜੀ ਬਹਿ ਜੇ ਚੰਦਰਿਓ...। (ਵਿਦਿਆ ਚਲੀ ਜਾਂਦੀ ਹੈ ।)

ਛੋਟੀ ਬਹੂ : ਔਹ ਜਾ ਚੜ੍ਹੀ ਕੋਠੇ 'ਤੇ । ਹੁਣ ਭਰਦੂ ਉਹਦੇ ਕੰਨ । ਹੁਣ ਪੜ੍ਹਾਦੂ ਕੋਈ ਨਾ ਕੋਈ ਪੱਟੀ ।

ਛੋਟਾ ਮੁੰਡਾ : ਤੂੰ ਕੀ ਲੈਣੈ, ਲੱਗੀਐਂ ਭਕਾਈ ਮਾਰਨ।...ਕੋਈ ਕੁਝ ਬੋਲੀ ਜਾਵੇ, ਤੂੰ ਨਾ ਮੂੰਹੋਂ ਸ਼ਬਦ ਕੱਢੀਂ, ਤੈਨੂੰ ਮੈਂ ਦੱਸਾਂ।...ਲੈ ਮੈਂ ਤਾਂ ਚਲਦਾਂ ਕੰਮ ਤੇ (ਛੋਟਾ ਮੁੰਡਾ ਜਾਂਦਾ ਹੈ)

ਛੋਟੀ ਬਹੂ : ਲੈ ਮੈਂ ਤਾਂ ਹੁਣ ਆਪਦੇ ਮੂੰਹ ਨੂੰ ਜਿੰਦੇ ਲਾ ਲਾਂ..?

## ਦ੍ਰਿਸ਼ ਤੀਸਰਾ

[ਲੱਖੂ ਬੁੜ੍ਹਾ ਬੈਠਾ ਹੋਇਆ ਹੈ। ਉਸਦੀ ਹਾਲਤ ਪਹਿਲਾਂ ਨਾਲੋਂ ਕੁਝ ਚੰਗੀ ਹੈ। ਵਿਦਿਆ ਵੀ ਕੋਲ ਬੈਠੀ ਹੋਈ ਹੈ। ਮੰਗੂ ਆਉਂਦਾ ਹੈ।]

ਮੰਗੂ : ਕਿਵੇਂ ਐ ਸ਼ਾਹਾ ?

ਲੱਖੂ ਬੁੜ੍ਹਾ : ਕੇਹੜਾ, ਮੰਗੂ ਐ ..ਆਜਾ ਟੱਪਿਆ ਗਾਹਾਂ।

ਮੰਗੂ : ਹੋਰ ਸੁਣਾ ਫੇਰ ਲੱਖੂ ਮੱਲਾ ਕੀ ਹਾਲੇ-ਚਾਲੇ ?

ਲੱਖੂ ਬੁੜ੍ਹਾ : ਠੀਕ ਐ ਭਰਾਵਾ, ਜੇਹੜਾ ਟੈਮ ਟੱਪੀ ਜਾਂਦੈ ਤੂੰ ਸੁਣਾ ਕਿਵੇਂ ਐ ? ਕੀ ਗੱਲ ਹੁਣ ਕਦੇ ਗੇੜਾ ਈ ਨ੍ਹੀ ਮਾਰਿਆ ਪਿੰਡ ?

ਵਿਦਿਆ : ਤੈਨੂੰ ਤਾਂ ਘਰੇ ਆਏ ਨੂੰ ਈ ਮੁੱਦਤ ਹੋਗੀ ਭਾਈ ਮੰਗੂ। ਇਹੋ ਜੇ ਤੂੰ ਕੀ ਵਪਾਰ ਕਰਨ ਲੱਗ ਪਿਆ ?

ਮੰਗੂ : ਮੈਨੂੰ ਤਾਂ ਭਾਈ ਵਿਦਿਆ, ਮੰਡੀ ਛੱਡ ਕੇ ਗਏ ਨੂੰ ਵਰ੍ਹੇ ਦੇ ਨੇੜੇ ਹੋ ਗਿਆ ਹੋਊ।

ਲੱਖੂ ਬੁੜ੍ਹਾ : ਅੱਛਾ।

ਮੰਗੂ : ਤੇ ਹੋਰ। ਅੱਜ ਮੰਡੀ ਆਇਆ ਸੀ, ਮਖਿਆ ਜਾਂਦਾ ਜਾਂਦਾ ਲੱਖੂ ਮੱਲ ਨੂੰ ਤਾਂ ਮੈਂ ਜ਼ਰੂਰ ਮਿਲ ਕੇ ਜਾਊਂਗਾ !

ਵਿਦਿਆ : ਚੰਗਾ ਕੀਤਾ ਭਾਈ। ਇਹ ਤਾਂ ਹੁਣ ਉਈਂ ਓਦਰਿਆ ਰਹਿੰਦੈ। ਤੈਨੂੰ ਤਾਂ ਰੋਜ ਈ ਯਾਦ ਕਰ ਲੈਂਦੇ, ਹੁਣ ਤਾਂ ਕਦੇ ਮੰਗੂ ਨੇ ਵੀ ਗੇੜਾ ਨ੍ਹੀ ਮਾਰਿਆ।

ਮੰਗੂ : ਘਰੋਂ ਈ ਨ੍ਹੀ ਨਿਕਲਿਆ ਜਾਂਦਾ ਵਿਦਿਆ। ਘਰ ਦੇ ਕੰਮ-ਧੰਦੇ ਈ ਨ੍ਹੀ ਮੁਕਦੇ ਮੇਰੇ ਪੁੱਤ ਦੇ ਕਿਸੇ ਵੇਲੇ।

ਵਿਦਿਆ : ਹੋਰ ਫੇਰ ਮੂਰਤੀ ਤਾਂ ਠੀਕ ਰਹਿੰਦੀ ਐ ?

ਮੰਗੂ : ਲੈ ਠੀਕ ਹੋਣ ਨੂੰ ਓਹਨੂੰ ਕੀ ਗੋਲੀ ਵੱਜਣੀ ਐ। ਐਂ ਭੱਜੀ ਫਿਰਦੀ ਐ ’ਕੇਰਾਂ ਟੱਟੂ ਵਾਂਗੂੰ।

ਵਿਦਿਆ : ਹੈ ਡੁੱਬ ਜਾਣ’ ਨਾ ਹੋਵੇ ਤਾਂ, ਗੋਲੀ ਕਿਉਂ ਵੱਜੇ ਬਿਚਾਰੀ ਨੂੰ। ਉਹਨੇ ਇਹੋ ਜਾ ਕੀ ਬੁਰਾ ਕਰਤਾ ਗੋਲੀ ਵੱਜਣ ਨੂੰ ?

ਲੱਖੂ ਬੁੜ੍ਹਾ : ਕਿਵੇਂ, ਸੱਚੀਓਂ ਈ ਪਿੰਡ ਹੁੰਨੈਂ ?



ਮੰਗੂ : ਹੋਰ ਸ਼ਾਹਾ ਏਥੇ ਮੰਡੀਆਂ ’ਚ ਤਾਂ ਨਿਰਬਾਹ ਹੋਣਾ ਈ ਔਖੈ। ਪਿੰਡ ’ਚ ਅਜੇ ਫੇਰ ਵੀ ਸੌਖ ਐ।

ਲੱਖੂ ਬੁੜ੍ਹਾ : ਵਧੀਆ ਰਿਹਾ ਮੰਗੂ ਰਾਮਾ ਜੇਹੜਾ ਪਿੰਡ ਜਾ ਵੜਿਆ। ਮੇਰਾ ਤਾਂ ਆਪ ਕਈ ਵਾਰੀ ਦਿਲ ਕੀਤੈ ਬਈ ਪਿੰਡ ਈ ਲੈ ਜਾਂ ਜੁੱਲੀ ਬਿਸਤਰਾ ਚੱਕ ਕੇ।

ਮੰਗੂ : ਫੇਰ ਦੇਖਦਾ ਕੀ ਐਂ ? ਪਿੰਡ ਅਜੇ ਫੇਰ ਵੀ ਚੰਗੇ ਨੇ। ਓਥੇ ਸਾਲੀ ਦੁੱਖ-ਸੁੱਖ ਦੀ ਸਾਂਝ ਤਾਂ ਹੈਗੀ ਪਿੰਡ ’ਚ।

ਲੱਖੂ ਬੁੜ੍ਹਾ : ਪਰ ਭਰਾਵਾ ਹੁਣ ਰਿਹਾ ਨ੍ਹੀ ਦਮ ਕਿਤੇ ਜਾਣ ਦਾ। ਹੁਣ ਤਾਂ ਰੱਬ ਬੁਲਾ ਲੈ, ਸੌਖੇ ਹੋਜੀਏ। ਐਤਕੀ ਤਾਂ ਬਿਮਾਰੀ ਨੇ ਜਮ੍ਹਾਂ ਈ ਹਰਾ ਤੇ।

ਮੰਗੂ : ਫੇਰ ਕੋਈ ਦਾਰੂ-ਦਰਮਲ ਕਰਨਾ ਸੀ।

ਵਿਦਿਆ : ਦਾਰੂ-ਦਰਮਲ ਦੀ ਕੇਹੜਾ ਕੋਈ ਕਸਰ ਛੱਡੀ ਐ ਭਰਾਵਾ। ਅਸੀਂ ਤਾਂ ਭਾਈ ਔਹ ਦਿੱਲੀ-ਦੱਖਣ ਜਾ ਆਏ, ਕਿਵੇਂ ਠੀਕ ਨ੍ਹੀ ਆਇਆ।

ਮੰਗੂ : ਜਾਣਾ ਈ ਪੈਂਦੈ। ਬਿਨਾਂ ਜਾਏ ਵੀ ਸਰਦਾ ਨ੍ਹੀ ਹੈ। ਬਾਕੀ ਭਾਈ ਤੇਰੇ ਤਾਂ ਮੁੰਡੇ ਵੀ ਚੰਗੇ ਨੇ ਜੇਹੜੇ ਤੈਨੂੰ ਦਿੱਲੀ-ਦੱਖਣ ਲਈ ਫਿਰਦੇ ਨੇ, ਨਹੀਂ ਤਾਂ...।

ਲੱਖੂ ਬੁੜ੍ਹਾ : ਕੀ ਕਿਹਾ, ਮੇਰੇ ਮੁੰਡੇ..? ਤੈਨੂੰ ਨ੍ਹੀ ਪਤਾ ਮੰਗੂ ਰਾਮਾਂ ਏਹਨਾਂ ਬੇਰੁਖ਼ੀਆਂ ਦਾ।

ਮੰਗੂ : ਓ ਨਹੀਂ, ਤੂੰ ਮੰਨ ਲੈ ਲੱਖੂ ਸ਼ਾਹਾ, ਜੇ ਤੈਨੂੰ ਆਵਦਿਆਂ ਦੀਆਂ ਦੱਸ ਦਿਆਂ ਤਾਂ ਤੂੰ ਚਰਜ ਈ ਮੰਨ ਜੇ, ਤੂੰ ਅਜੇ ਫੇਰ ਵੀ ਵੀਹ ਐਂ ਸਾਡੇ ਨਾਲੋਂ।

ਵਿਦਿਆ : ਤੇਰੇ ਮੁੰਡੇ ਤਾਂ ਚੰਗੇ ਹੁੰਦੇ ਸੀ ਮੰਗੂ।

ਮੰਗੂ : ਚੰਗਾ ਤਾਂ ਬੱਸ ਰੱਬ ਦਾ ਨਾਂ ਈ ਐ ਵਿਦਿਆ। ਲੈ ਤੂੰ ਮੇਰਿਆਂ ਦੀ ਸੁਣ ਇਕ ਦਿਨ ਵੱਡੇ ਨੇ ਆਵਦੀ ਮਾਂ ਦੇ ਗਲ ’ਗੂਠਾ ਈ ਦੇਤਾ ਸੀ। ਉਹ ਤਾਂ ਕਿਤੇ ਮੈਂ ਈ ਪਹੁੰਚ ਗਿਆ ਮੌਕੇ ਨਾਲ, ਨਹੀਂ ਮਾਰਤੀ ਹੁੰਦੀ।

ਵਿਦਿਆ : ਹਾਏ ਵੇ ਮਰ ਜਾਣ ਥੌਡੇ...ਵੱਡਾ ਇਹੋ ਜਿਆ ਨਿਰਦਈ ਨਿਕਲਿਆ ?

ਮੰਗੂ : ਨਿਰਦਈ ਵਰਗਾ ਨਿਰਦਈ ਮੈਂ ਤਾਂ ਉਸੇ ਵੇਲੇ ਬਾਂਹ ਫੜਕੇ ਅੱਡ ਕਰਤਾ। ਬੱਸ, ਗੱਲ ਕਰ ਬਈ ਕਿਸੇ ਕੋਲੇ ਭਾਫ਼ ਨ੍ਹੀ ਕਢਦੇ। ਮੇਰਾ ਤਾਂ ਸਾਲੇ ਕਮੂਤਾਂ ਨੇ ਬਾਹਲਾ ਨੱਕ ’ਚ ਦਮ ਕਰ ਛੱਡਿਐ।

ਵਿਦਿਆ : ਆਉਂਦੀਆਂ ਈ ਪਤਾ ਨ੍ਹੀ ਕੀ ਪੜ੍ਹਾਉਂਦੀਆਂ ਨੇ, ਮਾਂ-ਪਿਉ ਦਾ ਮੋਹ ਤਾਂ ਧਰਿਆ-ਧਰਾਇਆ ਈ ਰਹਿ ਜਾਂਦੈ।

ਲੱਖੂ ਬੁੜ੍ਹਾ : ਕਾਹਨੂੰ ਪੜ੍ਹਾਉਂਦੀਆਂ ਨੇ ਉਹ ਵਿਚਾਰੀਆਂ। ਆਵਦੇ ਚੰਗੜ ਹੋਣ ਸਾਲੇ ਤਾਂ ਉਹਨਾਂ ਦੀ ਕੀ ਮਜਾਲ ਐ ਬਈ ਮੂਹਰੋਂ ਚੂੰ ਵੀ ਕਰ ਜਾਣ। ਨਾ ਉਹ ਹੁਣ ਆਏਂ ਕਹਿੰਦੀਆਂ ਨੇ ਬਈ ਮਾਂ-ਪਿਉ ਕੋਲ ਜਾਕੇ ਮੂੰਹ ਈ ਨਾ ਦਿਖਾਓ। ...ਅਸੀਂ ਸਾਲੇ ਵੈਰੀ ਤਾਂ ਨ੍ਹੀ ਹੋਗੇ ਕੋਈ (ਗੱਚ ਭਰ ਕੇ) ਸਾਲ ਭਰ ਹੋ ਗਿਆ ਮੰਜੇ ’ਚ ਪਏ ਨੂੰ, ਸਹੁੰ ਲੈ ਲੈ ਜੇ ਕੋਈ ਘੜੀ ਵੀ ਆਕੇ ਛਿਪਿਐ ਤਾਂ।

ਮੰਗੂ : ਲੱਖੂ ਮੱਲਾ, ਤੂੰ ਆਵਦਿਆਂ ਨੂੰ ਰੋਨੈਂ ਮੈਂ ਹੁਣ ਆਵਦਿਆਂ ਦੀ ਨੀ ਦੱਸੀ। ਘਰ ਘਰ ਈ ਮਿੱਟੀ ਦੇ ਚੁੱਲ੍ਹੇ ਨੇ ਸ਼ਾਹਾ।

ਲੱਖੂ ਬੁੜ੍ਹਾ : ਫੇਰ ਵੀ ਯਾਰ ਜੰਮੇ-ਪਾਲੇ ਨੇ।

ਮੰਗੂ : ਗਿੰਦਰ ਬਾਰੇ ਨੀ ਸੁਣਿਆ, ਤੇਜੇ ਦੇ ਬਾਰੇ। ਛੋਟੇ ਮੁੰਡੇ ਨੇ ਸੁੱਤਾ ਪਿਆ ਈ ਚੱਕਛਾ ਗੰਡਾਸੇ ਨਾਲ, ਤੂੰ ਜੰਮਣ ਪਾਲਣ ਦੀਆਂ ਗੱਲਾਂ ਕਰਦੈਂ।

ਵਿਦਿਆ : ਦੁਨੀਆਂ ਦਾ ਅੰਤ ਈ ਆਇਐ ਪਿਐ ਭਾਈ। ਕੋਈ ਕਿਸੇ ਦਾ ਨੀ ਭਾਈ ਸੱਚੀ ਗੱਲ ਐ। ਸਭ ਪੈਸੇ ਦੇ ਭਾਈਵਾਲ ਨੇ।

ਲੱਖੂ ਬੁੜ੍ਹਾ : ਫੇਰ ਇਹੋ ਜੇ ਪੁੱਤਾਂ ਦਾ ਆਚਾਰ ਪਾਉਣੈ? ਜੰਮਦਿਆਂ ਨੂੰ ਈ ਫਾਹਾ ਦੇ ਦੇ। ...ਮੈਂ ਤਾਂ ਧੱਕੇ ਮਾਰ ਮਾਰ ਘਰੋਂ ਕੱਢੂੰ ਸਾਲਿਆਂ ਨੂੰ ...ਤੇ ਏਥੇ ਘਰ ਦੀ ਥਾਂ ਬਣਵਾਊਂ ਗੁਰਦੁਆਰਾ..।

ਮੰਗੂ : ਓਇ ਸ਼ਾਹਾ, ਇਹ ਸਾਰੀਆਂ ਗੱਲਾਂ ਈ ਨੇ। ਕਾਹਨੂੰ ਤਾਂ ਪੁੱਤ ਘਰੋਂ ਕੱਢੇ ਜਾਂਦੇ ਨੇ ਤੇ ਨਾ ਈ ਗੁਰਦੁਆਰੇ ਬਣਵਾਏ ਜਾਣ। ਜਦੋਂ ਪੁੱਤਾਂ ਨੂੰ ਤਾਂ ਘਰੇ ਬੈਠਿਆਂ ਨੂੰ ਧੱਕੇ ਦੇਣ ਨੂੰ ਦਿਲ ਕਰਦੈ, ਫੇਰ ਬਿਗਾਨਿਆਂ ਨੂੰ ਭਲਾ ਕੇਹੜਾ ਦੇਵੇ ਓਇ।

ਲੱਖੂ ਬੁੜ੍ਹਾ : ਤੇਰੇ ਸਾਮ੍ਹਣੇ ਈ ਐ।

ਵਿਦਿਆ : ਉਈਂ ਬੋਲੀ ਜਾਂਦੈ ਅਵਾ-ਤਵਾ। ਫੇਰ ਵੀ ਆਵਦਾ ਈ ਦਿਲ ਦੁਖਦੈ। ਇਹ ਤਾਂ ਕੋਈ ਟਾਮਾ ਟੱਲਾ ਈ ਹੁੰਦੈ ਜੀਨ੍ਹੇ ਪਿਛਲੇ ਕਰਮਾਂ 'ਚ ਕੋਈ ਚੰਗਾ ਕਰਮ ਕੀਤਾ ਹੋਵੇ, ਉਹੀ ਭੋਗਦੈ ਪੁੱਤਾਂ ਦਾ ਸੁੱਖ ਤਾਂ। (ਮੰਗੂ ਜਾਣ ਲਈ ਉਠਦਾ ਹੈ।)

ਲੱਖੂ ਬੁੜ੍ਹਾ : ਕਿਮੇਂ ਉੱਠ ਖੜ੍ਹਾ?

ਮੰਗੂ : ਹੋਰ, ਜਾਨਾਂ ਬੱਸ, ਫੇਰ ਕੁਵੇਲਾ ਹੁੰਦੈ। ਲੈ ਤੂੰ ਐਮੀਂ ਨਾ ਗੁੱਸਾ ਕਰੀ ਜਾਇਆ ਕਰ ਮੁੰਡਿਆਂ ਦਾ। ਮੈਂ ਸਮਝਾਊਂ ਕਦੇ ਇਹਨਾਂ ਨੂੰ।

ਲੱਖੂ ਬੁੜ੍ਹਾ : ਨਾ ਜੀ ਇਹਨਾਂ ਨੇ ਕੀ ਸਮਝਣਾ ਸੀ।

ਮੰਗੂ : ਤੂੰ ਦੇਖੀਂ ਤਾਂ ਸਹੀ, ਮੈਨੂੰ ਆਉਂਦੇ ਨੇ ਸਾਰੇ ਜਾਦੂ ਮੰਤਰ। ਇਹ ਤਾਂ ਤੇਰੇ ਪਿੱਛੇ ਪਿੱਛੇ ਭੱਜੇ ਫਿਰਨਗੇ।

ਲੱਖੂ ਬੁੜ੍ਹਾ : ਚੰਗਾ ਮੰਗੂ ਰਾਮਾ ਕਦੇ ਆਉਂਦਾ-ਜਾਂਦਾ ਮਾਰ ਜਿਆ ਕਰ ਗੇੜਾ, ਟੈਮ ਈ ਲੰਘ ਜਾਂਦੈ।

ਮੰਗੂ : ਕੋਈ ਨੀ।

## ਦ੍ਰਿਸ਼ ਚੌਥਾ

[ਲੱਖੂ ਬੁੜ੍ਹਾ ਬੈਠਾ ਹੋਇਆ ਹੈ। ਮੱਖਣ ਰੋਂਦਾ ਹੋਇਆ ਆਉਂਦਾ ਹੈ]

ਲੱਖੂ ਬੁੜ੍ਹਾ : ਮੱਖਣਾ .ਉਰੇ ਆ ਮੇਰਾ ਪੁੱਤ...ਕੀ ਗੱਲ ਹੋਗੀ?



ਮੱਖਣ : (ਰੋਂਦਾ ਹੋਇਆ) ਬਾਬਾ।

ਲੱਖੂ ਬੁੜ੍ਹਾ : (ਉਸ ਨੂੰ ਗੋਦੀ ਵਿਚ ਲੈ ਕੇ ਪਲੂਸਦਾ ਹੋਇਆ) ਕੀ ਹੋ ਗਿਆ ਮੇਰੇ ਸ਼ੇਰ ਬੱਗੇ ਨੂੰ,.. ਮੇਰੀ ਮਖਣੀ...ਕਿਉਂ, ਰੋਨਾ ਕਿਉਂ ਐਂ...।

ਮੱਖਣ : ਬਾਬਾ।

ਲੱਖੂ ਬੁੜ੍ਹਾ : ਤੂੰ ਦੱਸ ਤਾਂ ਸਹੀ ਪੁੱਤ।

ਮੱਖਣ : (ਡੁਸਕਦਾ ਹੋਇਆ) ਮੈਨੂੰ ਬੀਬੀ ਮਾਰਦੀ ਐ।

ਲੱਖੂ ਬੁੜ੍ਹਾ : ਕਿਉਂ?

ਮੱਖਣ : ਕਹਿੰਦੀ ਬਾਬੇ ਕੋਲ ਨਾ ਜਾਇਆ ਕਰ।

ਲੱਖੂ ਬੁੜ੍ਹਾ : ਅੱਛਾ।

ਮੱਖਣ : ਹਾਂ।

ਲੱਖੂ ਬੁੜ੍ਹਾ : ਕੋਈ ਨੀ ਆਪਾਂ ਮਾਰਾਂਗੇ ਤੇਰੀ ਬੀਬੀ ਨੂੰ।

ਮੱਖਣ : ਉਹ ਤਾਂ ਬਾਬਾ ਤੈਨੂੰ ਵੀ ਗਾਲ੍ਹਾਂ ਦਿੰਦੀ ਸੀ।

ਲੱਖੂ ਬੁੜ੍ਹਾ : ਕੀ ਕਹਿੰਦੀ ਸੀ?

ਮੱਖਣ : ਗਾਲ੍ਹਾਂ ਦਿੰਦੀ ਸੀ, ਨਾਲੇ ਕਹਿੰਦੀ ਸੀ ਬਾਬੇ ਕੋਲ ਨਾ ਜਾਇਆ ਕਰ ਬਮਾਰ ਹੋਜੇਂਗਾ।

ਲੱਖੂ ਬੁੜ੍ਹਾ : ਕੋਈ ਨੀ ਪੁੱਤ, ਹੁਣ ਨੀ ਕੁਛ ਕਹਿਣ ਦਿੰਦਾ ਤੇਰੀ ਬੀਬੀ ਨੂੰ।

ਮੱਖਣ : ਉਹ ਕੁੱਟੂਗੀ ਮੈਨੂੰ। ਕੱਲ ਵੀ ਕੁੱਟਿਆ ਸੀ।

ਲੱਖੂ ਬੁੜ੍ਹਾ : ਕਿਉਂ?

ਮੱਖਣ : ਕਹਿੰਦੀ ਤੂੰ ਉਪਰ ਕੀ ਕਰਨ ਗਿਆ ਸੀ ਬਾਬੇ ਕੋਲ...ਫੇਰ ਕੁੱਟਣ ਲਾਗੀ।

ਲੱਖੂ ਬੁੜ੍ਹਾ : ਆਪਾਂ ਤੇਰੇ ਭਾਪੇ ਨੂੰ ਦੱਸਾਂਗੇ।

ਮੱਖਣ : ਉਹ ਤਾਂ ਆਪ ਮੈਨੂੰ ਮਾਰਦੈ।

ਲੱਖੂ ਬੁੜ੍ਹਾ : ਉਹ ਵੀ ਮਾਰਦੈ?

ਮੱਖਣ : ਹਾਂ। ਭਾਪੇ ਨੇ ਵੀ ਮੇਰੇ ਥੱਪੜ ਮਾਰਿਆ ਸੀ।

ਲੱਖੂ ਬੁੜ੍ਹਾ : ਅੱਛਾ! (ਹਉਕਾ ਭਰਦਾ ਹੈ) ਵਾਹ ਓਇ ਡਾਢਿਆ, ਦੇਖ ਲਿਆ।... ਸਾਲੇ ਏਹਨੂੰ ਜੁਆਕ ਨੂੰ ਵੀ ਮੇਰੇ ਕੋਲ ਆਉਣ ਤੋਂ ਰੋਕਦੇ ਨੇ, ਅਖੇ ਬਿਮਾਰੀ ਲੱਗ ਜੂ...ਥੋਡੀ ਬੇੜੀ ਬਹਿ ਜੇ ਸੈਂਸੀਓ...।

ਮਖਣ : ਬਾਬਾ...।

ਲੱਖੂ ਬੁੜ੍ਹਾ : ਹਾਂ ਮੇਰਾ ਮੱਖਣ ਪੁੱਤ।

ਮੱਖਣ : ਅੰਬੋ ਕਿਥੇ ਗਈ ਐ?

[ਵਿਦਿਆ ਆਉਂਦੀ ਹੈ]

ਵਿਦਿਆ : ਕੀ ਗੱਲ ਆਏਂ ਬੈਠੈਂ ਓਦਰਿਆ ਜਿਆ?

ਲੱਖੂ ਬੁੜ੍ਹਾ : ਨਹੀਂ।

ਵਿਦਿਆ : ਕਿਤੇ ਬੁਖ਼ਾਰ ਤਾਂ ਨ੍ਹੀ ਹੋ ਗਿਆ ?...ਚਾਹ ਲਿਆਵਾਂ ਕਰਕੇ ?

ਲੱਖੂ ਬੁੜ੍ਹਾ : ਮਨ ਨ੍ਹੀ ਕਰਦਾ ਕਾਸੇ ਨੂੰ ।

ਵਿਦਿਆ : ਇਹੋ ਜੀ ਕੀ ਗੱਲ ? ਹੋਗੀ ਅੱਜ ਤੂੰ ਮੰਗੂ ਨਾਲ ਵੀ ਸੰਵਾਰ ਕੇ ਗੱਲ ਨ੍ਹੀ ਕੀਤੀ ।

ਲੱਖੂ ਬੁੜ੍ਹਾ : ਨਹੀਂ, ਇਹੋ ਜੀ ਤਾਂ ਕਦੀ ਗੱਲ ਨ੍ਹੀ ।...ਅੱਜ ਤਾਂ ਉਹ ਬੈਠਾ ਵੀ ਬਹੁਤਾ ਚਿਰ ਰਿਹੈ ਮੇਰੇ ਕੋਲ ।

ਵਿਦਿਆ : ਏਥੋਂ ਕੋਠੇ ਤੋਂ ਉੱਤਰ ਕੇ ਕਿੰਨਾ ਈ ਚਿਰ ਬਹੂਆਂ ਕੋਲੇ ਬੈਠਾ ਰਿਹੈ, ਖੌਨੀ ਕੁਛ ਸਮਝਾ ਕੇ ਈ ਗਿਆ ਹਵੇ । ਵੱਡੀ ਬਹੂ ਨੇ ਤਾਂ ਉਹਨੂੰ ਚਾਹ ਵੀ ਕਰਕੇ ਪਿਆਈ ਅੱਜ, ਮੈਂ ਤਾਂ ਚਰਜ ਈ ਮੰਨਗੀ । ਪਹਿਲਾਂ ਤਾਂ ਉਹ ਮੁੰਡਿਆਂ ਨੂੰ ਉਡੀਕਦਾ ਰਿਹਾ, ਫੇਰ ਬਹੂ ਨੂੰ ਲੱਗ ਗਿਆ ਹੌਲੀ-ਹੌਲੀ ਕੁਛ ਕਹਿਣ । ਮੈਂ ਜਾਣ ਕੇ ਬਾਹਰ ਨਿਕਲਗੀ ।

ਲੱਖੂ ਬੁੜ੍ਹਾ : ਚਲ ਚੰਗਾ, ਕੀ ਐ ਉਹਦੇ ਕਹੇ ਤੋਂ ਈ ਸਮਝ ਜਾਣ ।

ਵਿਦਿਆ : ਤੂੰ ਪੁੱਤ ਮੱਖਣਾਂ ਆਵਦੀ ਬੀਬੀ ਨੂੰ ਦੱਸ ਕੇ ਆਇਐਂ ?

ਮੱਖਣ : ਨਾ ।

ਵਿਦਿਆ : ਜੇ ਉਹਨੂੰ ਪਤਾ ਲੱਗ ਗਿਆ ਤਾਂ ਕੁੱਟੂਗੀ ਨ੍ਹੀ ਤੈਨੂੰ ?

ਮੱਖਣ : ਉਹ ਤਾਂ ਕਿਸੇ ਦੇ ਘਰੇ ਗਈ ਹੋਈ ਐ ।

ਲੱਖੂ ਬੁੜ੍ਹਾ : ਦੇਖ ਲੈ, ਸਾਲੇ ਬੇਤੁਖਮੇ, ਇਹਨੂੰ ਜੁਆਕ ਨੂੰ ਵੀ ਮੇਰੇ ਕੋਲ ਆਉਣ ਤੋਂ ਵਰਜਦੇ ਨੇ, ਕਰਤੂਤਾਂ ਦੇਖ ਲੈ ਸਾਲਿਆਂ ਦੀਆਂ ।...ਕੋਈ ਨ੍ਹੀ ਮੈਂ ਵੀ ਗਿਣ ਗਿਣ ਕੇ ਬਦਲੇ ਲਊਂ ਸਾਲਿਆਂ ਤੋਂ ।

ਮੱਖਣ : ਬਾਬਾ ਤੂੰ ਥੱਲੇ ਕਿਉਂ ਨ੍ਹੀ ਆਉਂਦਾ ਹੁੰਦਾ, ਸਾਡੇ ਘਰੇ ?

ਵਿਦਿਆ : ਇਹਤੋਂ ਜਾਇਆ ਨ੍ਹੀ ਜਾਂਦਾ, ਪੌੜੀਆਂ ਨ੍ਹੀ ਉਤਰੀਆਂ ਜਾਂਦੀਆਂ ਪੁੱਤ ।

ਮੱਖਣ : ਮੈਂ ਉਂਗਲੀ ਫੜ ਲੂੰ ਬਾਬੇ ਦੀ,...ਹੈਂਅ ਬਾਬਾ, ਉਤਰੇਂਗਾ ਥੱਲੇ ?

ਲੱਖੂ ਬੁੜ੍ਹਾ : ਹਾਂ ਪੁੱਤ ਉਤਰੂੰਗਾ ! ਪਰ ਜੇ ਤੈਨੂੰ ਤੇਰੀ ਬੀਬੀ ਨੇ ਮਾਰਿਆ...?

ਮੱਖਣ : ਫੇਰ ਤੂੰ ਉਹਨੂੰ ਕੁੱਟੀਂ ।

ਲੱਖੂ ਬੁੜ੍ਹਾ : ਚੰਗਾ !

ਮੱਖਣ : ਅੰਬੇ ਮੇਰੀ ਬੀਬੀ ਤੇ ਭਾਪਾ ਮੈਨੂੰ ਉੱਪਰ ਬਾਬੇ ਕੋਲ ਕਿਉਂ ਨ੍ਹੀ ਆਉਣ ਦਿੰਦੇ ?

ਵਿਦਿਆ : ਤੂੰ ਅਜੇ ਛੋਟੈਂ ਪੁੱਤ ।

ਮੱਖਣ : ਮੈਂ ਏਡਾ ਵੱਡਾ ਤਾਂ ਹੋ ਗਿਆ ਅੰਬੇ...ਦੇਖ...ਦੇਖ,ਮੈਂ ਬਾਬੇ ਦੀ ਖੂੰਡੀ ਤੋਂ ਵੀ ਵੱਡਾ । ਬਾਬਾ, ਮੈਂ ਜਾਨਾਂ ਮੇਰੀ ਬੀਬੀ ਆਗੀ । (ਮੱਖਣ ਚਲਾ ਜਾਂਦਾ ਹੈ ।)

ਵਿਦਿਆ : ਕਾਸੇ ਚੀਜ਼ ਦੀ ਲੋੜ ਤਾਂ ਨ੍ਹੀ ? ਸਿਰ ਦੱਬਾਂ ?



ਲੱਖੂ ਬੁੜ੍ਹਾ : ਨਹੀਂ । ਕਦੇ ਕਦੇ ਤਾਂ ਸਾਲਾ ਆਏਂ ਲਗਦੈ ਬਈ ਹੁਣ ਉੱਠ ਕੇ ਭੱਜ ਲੂੰ, ਤੇ ਕਦੇ ਕਦੇ ਬਿੰਦ ਘੜੀ ਦਾ ਈ ਲਗਦਾਂ ।...ਮੁੰਡੇ ਆਗੇ ਸੀ ਕਿ ਨਹੀਂ ?

ਵਿਦਿਆ : ਹਾਲੇ ਤਾਂ ਆਏ ਨ੍ਹੀ ਸੀ । ਅੱਜ ਤਾਂ ਮੈਂ ਚਰਜ ਈ ਮੰਨਗੀ । ਪਤਾ ਨ੍ਹੀ ਵੱਡੀ ਬਹੂ ਦੇ ਦਮਾਕ 'ਚ ਕੀ ਆਈ, ਕਹਿੰਦੀ ਅਕੇ ਬੇਬੇ ਕੁਵੇਲਾ ਹੁੰਦੈ, ਤੂੰ ਉਪਰ ਵਗਜਾ ਬਾਪੂ ਕੋਲ ।

ਲੱਖੂ ਬੁੜ੍ਹਾ : ਕੀ ਕਿਹਾ ?

ਵਿਦਿਆ : ਮਖਿਆਂ ਅੱਜ ਗੱਲ ਕੀ ਹੋਗੀ ? ਮੈਂ ਉਦੋਂ ਦੀ ਹੈਰਾਨ ਹੋਈ ਜਾਨੀਆਂ ਬਈ ਏਨਾ ਮਿੱਠਾ ਤਾਂ ਉਹ ਕਦੇ ਬੋਲੀ ਨ੍ਹੀ ਸੀ ਜਿੱਦਣ ਦੀ ਆਈ ਐ ।

ਲੱਖੂ ਬੁੜ੍ਹਾ : ਕੋਈ ਹੋਰ ਗੱਲ ਹਊ ਵਿਚੋਂ ?

ਵਿਦਿਆ : ਇਹ ਤਾਂ ਹੁਣ ਰੱਬ ਈ ਜਾਣਦੈ । ਆਏਂ ਹੱਸ ਕੇ ਤਾਂ ਕਦੇ ਉਹ ਬੋਲੀ ਈ ਨ੍ਹੀ ਸੀ । ਕੀ ਐ ਭਾਈ ਮੰਗੂ ਦੇ ਕਹੇ ਈ ਸਮਝਗੇ ਹੋਣ ?

ਲੱਖੂ ਬੁੜ੍ਹਾ : ਕਿਤੇ ਏਸੇ ਕਰਕੇ ਤਾਂ ਨ੍ਹੀ ਮਿੱਠੇ ਹੁੰਦੇ ਬਈ ਕਹਿ-ਕਹਾ ਕੇ ਇਕ ਵਾਰੀ ਮੈਨੂੰ ਚੁਬਾਰੇ 'ਚੋਂ ਲਾਹ ਦੇਣ ?

ਵਿਦਿਆ : ਕੀ ਐ ਵਿਚੋਂ ਇਹੀ ਗੱਲ ਹੋਵੇ ?

ਲੱਖੂ ਬੁੜ੍ਹਾ : ਪਰ ਐਂ ਤਾਂ ਨ੍ਹੀ ਮੈਂ ਚੁਬਾਰੇ 'ਚੋਂ ਉਤਰਦਾ ।

ਵਿਦਿਆ : ਓਦਣ ਮੈਨੂੰ ਵੀ ਸੁਣਾਈਆਂ ਜਈਆਂ ਕਰਦੀ ਸੀ । ਅਕੇ ਜੇ ਬਾਪੂ ਥੱਲੇ ਆ ਜੇ ਤਾਂ, ਕੋਲੇ ਨੇ ਚੁਬਾਰਾ ਰੋਕ ਛੱਡਿਐ ।

ਲੱਖੂ ਬੁੜ੍ਹਾ : ਰੋਕਣ ਨੂੰ ਉਹਦਾ ਪਿਉ ਬਣਵਾ ਕੇ ਦੇ ਕੇ ਗਿਐ । ਕਿਉਂ ਦੇਖਿਆ, ਮੈਨੂੰ ਚੁਬਾਰੇ 'ਚੋਂ ਵੀ ਧੱਕੇ ਦੇ ਕੇ ਕੱਢਣ ਨੂੰ ਤਿਆਰ ਨੇ ਸਾਲੇ... ਤੇ ਤੂੰ ਕਰਦੀ ਐਂ ਇਹਨਾਂ ਦੀਆਂ ਮੇਰਾਂ ।

ਵਿਦਿਆ : ਮੈਨੂੰ ਕਹਿੰਦੀ ਅਕੇ ਆਪਣੀ ਬੀਹੀ ਵਿਹਲੀ ਪਈ ਐ, ਜੇ ਬਾਪੂ ਓਥੇ ਪਿਆ ਰਿਹਾ ਕਰੇ ਤਾਂ ਕੀ ਫ਼ਰਕ ਪੈਂਦੈ ? ਨਾਲੇ ਤਾਂ ਕੋਲ ਨਾਲੀ ਐ, ਊਂ ਸੌਖ ਹੋਜੂ ਬਾਪੂ ਨੂੰ । ਨਾਲੇ ਸਾਮ੍ਹਣੇ ਪਿਆ ਦੇਖ ਕੇ ਕੋਈ ਆਉਂਦਾ-ਜਾਂਦਾ ਵੀ ਬਿੰਦ ਘੜੀ ਬਹਿ ਜਾਂਦੈ ਬਾਪੂ ਕੋਲੇ ।

ਲੱਖੂ ਬੁੜ੍ਹਾ : ਅੱਛਾ, ਹੁਣ ਮੈਂ ਬੀਹੀ ਜੋਗਾ ਈ ਰਹਿ ਗਿਆ ? ਦੇਖ ਓਇ ਕੀ ਮਿਥੀ ਹੋਈ ਐ ਏਹਨਾਂ ਨੇ । ਮੈਂ ਮਰਿਆਂ ਨੀ ਚੁਬਾਰਾ ਛਡਦਾ ।

ਵਿਦਿਆ : ਅਕੇ ਫੇਰ ਤਾਂ ਆਉਂਦੇ-ਜਾਂਦੇ ਤੇਰੇ ਪੁੱਤ ਵੀ ਹਾਲ ਪੁੱਛ ਜਾਇਆ ਕਰਨਗੇ ਬਾਪੂ ਦਾ, ਏਨੇ ਨਾਲ ਮਨ ਹੌਲਾ ਹੋ ਜਾਂਦੈ । ਹੁਣ ਤਾਂ ਉਹਨਾਂ ਦਾ ਟੈਮ ਨ੍ਹੀ ਲਗਦਾ ।

ਲੱਖੂ ਬੁੜ੍ਹਾ : ਆਹੋ, ਕਾਹਨੂੰ ਲਗਦੈ ਉਹਨਾਂ ਦਾ ਟੈਮ । ਤਾਂ ਹੀ ਤੈਨੂੰ ਮਿੱਠਾ ਬੋਲਦੀ ਸੀ । ਹੋਰ ਮੈਂ ਕੋਹੜਾ ਜਾਣਦਾ ਨ੍ਹੀ ਹਾਂ ਏਹਨਾਂ ਭਲੇਮਾਣਸਾਂ ਨੂੰ । ਆਂਦੇਂ ਹਊ ਬਈ ਬਾਪੂ ਨੂੰ ਸਿੱਟ ਕੇ ਗਲੀ 'ਚ ਇਕ ਜਣਾ ਚੁਬਾਰਾ ਸਾਂਭ ਲਊ ਤੇ ਇਕ

ਜਣਾ ਥੱਲੜਾ ਹਿੱਸਾ । ਸਾਲੇ ਅੱਜੇ ਈ ਵੰਡੀਆਂ ਪਾਉਣ ਨੂੰ ਹੁਸ਼ਿਆਰ ਹੋਏ ਫਿਰਦੇ ਨੇ ।...ਪਹਿਲਾਂ ਮੈਨੂੰ ਮਰ ਤਾਂ ਜਾਣ ਦਿਓ ਕੰਜਰੋ ।

ਵਿਦਿਆ : ਮੇਰੇ ਵਿਚ ਦੀ ਮੈਨੂੰ ਸੁਣਾ ਕੇ ਗੱਲਾਂ ਕਰਦੀ ਸੀ ਅਕੇ ਚੁਬਾਰਾ 'ਕੱਲੇ ਬਾਪੂ ਨੇ ਸਾਂਭ ਰੱਖਿਐ ਤੇ ਹੁਣ ਥੱਲੇ ਦੋ ਟੱਬਰਾਂ ਦਾ ਨਿਰਬਾਹ ਕਿਵੇਂ ਹੁੰਦੈ । ਜੁਆਕ-ਜੱਲਿਆਂ ਆਲਾ ਘਰ ਐ । ਫੇਰ ਕੋਈ ਨਾ ਕੋਈ ਆਇਆ-ਗਿਆ ਰਹਿੰਦੈ । ਅਕੇ ਜੇ ਬਾਪੂ ਮੰਨ ਜੇ ਤਾਂ ਰਲ ਮਿਲ ਕੇ ਟੈਮ ਕੱਢ ਲਈਏ ।

ਲੱਖੂ ਬੁੜ੍ਹਾ : ਮੈਨੂੰ ਵੀ ਉਦੋਂ ਸੂਰਜ ਦੱਸ ਕੇ ਗਿਆ ਸੀ । ਏਹਨਾਂ ਕੰਜਰਾਂ ਨੇ ਈ ਸਿਖਾਕੇ ਭੇਜਿਆ ਸੀ । ਉਹ ਵੀ ਸਾਲਾ ਮੈਨੂੰ ਮੱਤਾਂ ਦੇਵੇ ਜਿਵੇਂ ਮੈਨੂੰ ਕੇਹੜਾ ਕੋਈ ਸੂਹ ਐ । ਮੈਂ ਮਰਿਆ ਨੀ ਨਿਕਲਦਾ ਏਥੋਂ, ਸਾਲੇ ਬੇ-ਤੁਖ਼ਮੇ । (ਲੱਖੂ ਬੁੜ੍ਹੇ ਨੂੰ ਬਲਦੇ-ਬਲਦੇ ਸਾਹ ਚੜ੍ਹਦਾ ਹੈ ਅਤੇ ਖੰਘ ਛਿੜਦੀ ਹੈ ।)

ਵਿਦਿਆ : ਇਕ ਦਿਨ ਵੱਡੇ ਮੁੰਡੇ ਕੋਲ ਵੀ ਝੰਜਟ ਜਿਆ ਪਾਈ ਜਾਂਦੀ ਸੀ ।

ਲੱਖੂ ਬੁੜ੍ਹਾ : (ਖੰਘਦਾ ਹੋਇਆ, ਚੜ੍ਹੇ ਸਾਹੀਂ ਪੂਰੇ ਗੁੱਸੇ ਵਿਚ) ਦੇਖ ਤੈਨੂੰ ਮੈਂ ਦੱਸਾਂ, ਤੜਕੇ ਦੋਵਾਂ ਮੁੰਡਿਆਂ ਨੂੰ ਕਹਿਦੀਂ ਜਾਕੇ ਬਈ ਆਵਦਾ-ਆਵਦਾ ਟਿਕਾਣਾ ਕਰਲੋ ਕਿਤੇ । ਮੈਂ ਇਹ ਜਗ੍ਹਾ ਵੇਚਣੀ ਐ । ਮੇਰੀ ਆਵਦੀ ਜਗ੍ਹਾ ਐ, ਜੱਦੀ ਨ੍ਹੀ ਹੈ, ਮੈਂ ਚਾਹੇ ਵੇਚਾਂ ਚਾਹੇ ਪੁੰਨ ਕਰਾਂ, ਮੇਰੀ ਮਰਜ਼ੀ । ਇਹ ਵੀ ਸਾਲੇ ਕੀ ਯਾਦ ਰੱਖਣਗੇ । ਮੈਂ ਤਾਂ ਕੱਖੋਂ ਹੌਲੇ ਕੇਹੜਾ ਨਾ ਕਰਦੂ ਕੰਜਰਾਂ ਨੂੰ । ਗੂਹ ਦੀਆਂ ਰੋੜੀਆਂ ਚੁਗਣ ਲਾਦੂੰ, ਤੈਨੂੰ ਮੈਂ ਦੱਸਾਂ । (ਪੂਰੇ ਜ਼ੋਰ ਦੀ ਖੰਘ ਛਿੜਦੀ ਹੈ । ਵਿਦਿਆ ਉਸ ਨੂੰ ਬੋਲਣ ਤੋਂ ਵਰਜਦੀ ਹੈ ।)

ਵਿਦਿਆ : ਬੱਸ, ਤੂੰ ਹੁਣ ਚੁੱਪ ਕਰ, ਮੈਂ ਆਪੇ ਤਾੜ ਦੂੰ ਤੜਕੇ ।

ਲੱਖੂ ਬੁੜ੍ਹਾ : ਤਾੜਨਾ-ਤੂੜਨਾ ਨ੍ਹੀ ਹੈ, ਬੱਸ ਕੱਲ ਨੂੰ ਮੇਰਾ ਘਰ ਖਾਲੀ ਕਰ ਦੇਣ । (ਜ਼ੋਰ ਜ਼ੋਰ ਦੀ ਖੰਘ ਛਿੜਦੀ ਹੈ ।)

## ਦ੍ਰਿਸ਼ ਪੰਜਵਾਂ

[ਦੋਵੇਂ ਮੁੰਡੇ ਅਤੇ ਦੋਵੇਂ ਬਹੂਆਂ ਆਪਸ ਦੀਆਂ ਭੇਦ ਭਰੀਆਂ ਗੱਲਾਂ ਕਰ ਰਹੀਆਂ ਹਨ । ਉਹ ਸਾਰੇ ਘਾਬਰੇ ਜਿਹੇ ਲਗਦੇ ਹਨ]

ਵੱਡੀ ਬਹੂ : ਤੁਸੀਂ ਇਕ ਹੋਰ ਈ ਨਵੀਂ ਗੱਲ ਸੁਣੀ ਐ ?

ਵੱਡਾ ਮੁੰਡਾ : ਕੀ ?

ਵੱਡੀ ਬਹੂ : ਬੁੜ੍ਹਾ ਹੁਣ ਆਪਾਂ ਨੂੰ ਜਮ੍ਹਾਂ ਈ ਉਜਾੜਨ ਨੂੰ ਫਿਰਦੈ ।

ਛੋਟਾ ਮੁੰਡਾ : ਕਿਵੇਂ ?

ਵੱਡੀ ਬਹੂ : ਕਿਵੇਂ ਕੀ ? ਨਾਲੇ ਮੈਂ ਥੋਨੂੰ ਕਿੱਦੇਂ ਦੀ ਕਹੀ ਜਾਨੀ ਆਂ ਬਈ ਕੋਈ ਨਾ ਕੋਈ ਰਾਹ ਕੱਢ ਲੋ, ਪਰ ਕੋਈ ਕੇਹੜਾ ਮੰਨਦੈ । ਥੋਡੇ ਵੀ ਉਦੋਂ ਕੰਨ ਖੁੱਲ੍ਹਣਗੇ ਜਿੱਦੋਂ ਜੁੱਲੀ-ਤੱਪੜੀ ਚੱਕ ਕੇ ਸੜਕ ਤੇ ਸੌਣਾ ਪਿਆ ।



ਛੋਟਾ ਮੁੰਡਾ : ਤਾਂ ਵੀ ਕੋਈ ਗੱਲ ਤਾਂ ਹੋਊਗੀ ਈ ?

ਛੋਟੀ ਬਹੂ : ਬਾਪੂ ਇਹ ਘਰ ਵੇਚਣ ਨੂੰ ਫਿਰਦੈ ।

ਵੱਡਾ ਮੁੰਡਾ : ਲੈ ਆਏਂ ਕਿਵੇਂ ਵੇਚ ਦੂ ਘਰ, ਸਾਡਾ ਕੋਈ ਹੱਕ ਈ ਨ੍ਹੀ ਹੈ ਘਰ 'ਤੇ ?

ਵੱਡੀ ਬਹੂ : ਚੰਗਾ ਫੇਰ, ਹੱਕ ਈ ਲੈ ਲਈਓ ।...ਨਾ ਕਿਸੇ ਦੀ ਗੱਲ ਸਮਝਣੀ ਹੋਈ ਨਾ ਵਾਸਤਾ ।

ਵੱਡਾ ਮੁੰਡਾ : ਤੈਨੂੰ ਕੌਣ ਦੱਸ ਕੇ ਗਿਐ ?

ਵੱਡੀ ਬਹੂ : ਮੰਗੂ ਆਇਆ ਸੀ ਕਿ ਨਹੀਂ ? ਪਹਿਲਾਂ ਤਾਂ ਉਹ ਥੋਨੂੰ ਉਡੀਕਦਾ ਰਿਹਾ, ਫੇਰ ਹਾਰ ਕੇ ਮੈਨੂੰ ਦੱਸ ਕੇ ਗਿਐ ? ਕੱਲ੍ਹ ਮਾਂ ਵੀ ਸਾਰਾ ਦਿਨ ਉੱਪਰ ਈ ਨ੍ਹੀ ਗਈ, ਪਤਾ ਨ੍ਹੀ ਉਹਨੂੰ ਪਹਿਲਾਂ ਈ ਸ਼ੱਕ ਸੀ ਬਈ ਮੰਗੂ ਕੁਛ ਦੱਸ ਈ ਨਾ ਜਾਵੇ.. ਫੇਰ ਮੈਂ ਮਿੱਠੀ ਹੋ ਕੇ ਭੇਜਿਆ ।

ਛੋਟਾ ਮੁੰਡਾ : ਮੰਗੂ ਨੂੰ ਕੀ ਪਤੈ ?

ਵੱਡੀ ਬਹੂ : ਓਸੇ ਨੂੰ ਤਾਂ ਕਿਹਾ ਬਾਪੂ ਨੇ ਬਈ ਕਿਸੇ ਦਲਾਲ ਨੂੰ ਭੇਜੀਂ । ਪਹਿਲਾਂ ਤਾਂ ਉਹਤੋਂ ਈ ਪੁੱਛਦਾ ਰਿਹਾ ਬਈ ਇਹ ਘਰ ਕਿੰਨੇ ਕੁ ਦਾ ਹੋਊ, ਅੱਜ-ਕੱਲ੍ਹ ਕੀ ਭਾਅ-ਭੂਅ ਨੇ ਜਗ੍ਹਾ ਦੇ । ਫੇਰ ਕਹਿੰਦਾ ਆਪਾਂ ਆਹਾ ਘਰ ਵੇਚਣੈ, ਪਤਾ ਕਰਕੇ ਦੇਈਂ ।

ਛੋਟਾ ਮੁੰਡਾ : ਤੇ ਅਸੀਂ ਕੁਛ ਨ੍ਹੀ ਲਗਦੇ ਏਸ ਘਰ ਦੇ ?

ਛੋਟੀ ਬਹੂ : ਸਭ ਕੁਛ ਪੁੱਛਿਐ । ਮੰਗੂ ਕਹਿੰਦਾ ਇਹ ਕੇਹੜਾ ਪਿਉ-ਦਾਦੇ ਦੀ ਜੱਦੀ ਜਗ੍ਹਾ ਐ ਬਈ ਥੋਡਾ ਹੱਕ ਬਣਦੈ । ਇਹ ਤਾਂ ਥੋਡੇ ਬਾਪੂ ਨੇ ਆਵਦੀ ਕਮਾਈ ਨਾਲ ਬਣਾਈ ਐ । ਏਹਦੀ ਮਰਜ਼ੀ ਬਸ਼ੱਕ ਵੇਚੇ ਤੇ ਬਸ਼ੱਕ ਪੁੰਨ ਦਾਨ ਕਰੇ ।

ਵੱਡਾ ਮੁੰਡਾ : ਫੇਰ ਹੁਣ ਕੀ ਬਣੂ ?

ਵੱਡੀ ਬਹੂ : ਬਣਨਾ ਕੀ ਐ ? ਅਕੇ ਬੁੜ੍ਹੇ ਨਾਲ ਦੋ-ਚਾਰ ਦਿਨ ਠੰਡੇ-ਮਿੱਠੇ ਹੋ ਜੋ ਜੇ ਘਰ ਬਚ ਜੇ ਤਾਂ । ਇਹ ਕੇਹੜਾ ਹੁਣ ਕੋਈ ਵਰ੍ਹਾ ਦੋ ਵਰ੍ਹੇ ਬੈਠਾ ਰਹੂ, ਕਿਤੇ ਹੋਰ ਆਕੜ-ਆਕੜ 'ਚ ਘਰ ਗੰਵਾ ਲੋਂ । ਨਾਲੇ ਘਰ ਹੱਥੋਂ ਜਾਊ, ਨਾਲੇ ਲੋਕ ਉਲਟਾ ਕਹਿਣਗੇ ਬਈ ਬੁੜ੍ਹੇ ਨੂੰ ਘਰੋਂ ਧੱਕੇ ਦੇ ਕੇ ਕੱਢਤਾ ।

ਛੋਟਾ ਮੁੰਡਾ : ਗੱਲ ਤਾਂ ਫੇਰ ਉਹਦੀ ਸਹੀ ਐ ।

[ਉਪਰੋਂ ਲੱਖੂ ਬੁੜ੍ਹੇ ਦੇ ਖੰਘਣ ਦੀ ਆਵਾਜ਼ ਆਉਂਦੀ ਹੈ]

ਵੱਡਾ ਮੁੰਡਾ : ਬਾਪੂ ਔਖਾ ਲਗਦੈ ।...ਬੇਬੇ...ਬੇਬੇ...।

ਵੱਡੀ ਬਹੂ : ਮਾਂ ਜੀ... ਮੱਖਾਂ ਮਾਂ ਜੀ...।

ਛੋਟਾ ਮੁੰਡਾ : ਬੇਬੇ...ਬੇਬੇ ..।

[ਵਿਦਿਆ ਆਉਂਦੀ ਹੈ]

ਵਿਦਿਆ : ਕੀ ਐ ?

ਵੱਡਾ ਮੁੰਡਾ : ਤੂੰ ਕਿੱਥੇ ਵਗ ਜਾਨੀ ਐਂ, ਉਪਰ ਬਾਪੂ ਖੰਘ ਨਾਲ ਔਖਾ ਹੋਈ ਜਾਂਦੈ ।

ਵਿਦਿਆ : ਵੇ ਕਿੱਥੇ ਜਾਣਾ ਸੀ ਮੈਂ । ਨਲਕਾ ਖ਼ਰਾਬ ਹੋਇਆ ਪਿਆ ਸੀ । ਵੱਡੀ ਬਹੂ ਕਹਿੰਦੀ ਅਕੇ ਲੱਛਮੀ ਦਿਓਂ ਜਾਕੇ ਦੋ ਬਾਲਟੀਆਂ ਪਾਣੀ ਦੀਆਂ ਈ ਲਿਆ ਦੇ ਉਹ ਲੈਣ ਗਈ ਸੀ ।

ਛੋਟਾ ਮੁੰਡਾ : ਤੈਨੂੰ ਕਈ ਵਾਰੀ ਤਾਂ ਕਿਹਾ ਬੇਬੇ ਤੂੰ ਹੁਣ ਕੰਮ ਕੁੰਮ ਨਾ ਕਰਿਆ ਕਰ । ਤੇਰੀ ਹੁਣ ਕੋਈ ਉਮਰ ਐ ਪਾਣੀ ਢੋਣ ਦੀ ।

ਵੱਡਾ ਮੁੰਡਾ : (ਆਪਣੀ ਔਰਤ ਨੂੰ ਘੂਰਦਾ ਹੈ) ਏਹਨੂੰ ਵੀ ਕਿੰਨੇ ਵਾਰੀ ਕਿਹੈ ਕੰਜਰ ਦੀ ਨੂੰ ਬਈ ਬੇਬੇ ਨੂੰ ਤੂੰ ਕੋਈ ਕੰਮ ਨਾ ਕਿਹਾ ਕਰ, ਪਰ ਜਮਾਂ ਕੀ ਟਲਦੀ ਐ ।

ਵੱਡੀ ਬਹੂ : ਚਲੋ ਗਲਤੀ ਹੋਗੀ, ਹੁਣ ਛੱਡ ਵੀ ਦਿਓ । ਤੁਸੀਂ ਤਾਂ ਮਾਰਨ ਨੂੰ ਆ ਪੈਂਦੇ ਓਂ ।

ਵੱਡਾ ਮੁੰਡਾ : ਦੇਖ ਲੀਂ ਜੇ ਅੱਗੇ ਤੋਂ ਬੇਬੇ ਨੂੰ ਕਿਹੈ ਕੋਈ ਕੰਮ ਤਾਂ, ਟੰਗਾਂ ਵੱਢ ਦੂੰ ਸਾਲੀ ਗੰਦੀ ਤੀਮੀਂ ਦੀਆਂ । ਕੋਈ ਲੋੜ ਨ੍ਹੀ ਬੇਬੇ ਤੈਨੂੰ ਇਹ ਗੋਲਪੁਣੇ ਕਰਨ ਦੀ । ਇਹ ਕਾਹਦੇ ਵਾਸਤੇ ਲਿਆਂਦੀਆਂ ਨੇ ਵਿਆਹ ਕੇ ਵਛੇਰੀਆਂ ?

ਛੋਟਾ ਮੁੰਡਾ : ਤੂੰ ਆਵਦਾ ਸਾਰਾ ਦਿਨ ਬਾਪੂ ਕੋਲੇ ਰਿਹਾ ਕਰ ਉਪਰ ਚੁਬਾਰੇ 'ਚ । ਕੰਮ ਕਰਨ ਨੂੰ ਇਹ ਦੋ ਜਣੀਆਂ ਥੋੜੀਆਂ ਨੇ ਹੁਣ ?

[ਲੱਖੂ ਬੁੜ੍ਹੇ ਦੀ ਖੰਘਣ ਦੀ ਆਵਾਜ਼]

ਵੱਡਾ ਮੁੰਡਾ : ਜਾਹ ਬੇਬੇ ਉੱਪਰ ਜਾਹ, ਬਾਪੂ ਕੋਲ, ਔਖਾ ਹੋਈ ਜਾਂਦੈ । ਜਾਹ ਓਇ ਛੋਟਿਆ ਤੂੰ ਡਾਕਟਰ ਨੂੰ ਲਿਆ ਬੁਲਾ ਕੇ, ਕਾਹਲੀ ਨਾਲ...।

ਛੋਟਾ ਮੁੰਡਾ : ਤੁਸੀਂ ਚਾਹ ਬਣਾਓ 'ਕੇਰਾਂ ਕਰਾਰੀ ਜਹੀ, ਲੌਂਗ-ਲੈਚੀਆਂ ਵਾਲੀ ..। ਮੈਂ ਡਾਕਟਰ ਨੂੰ ਲੈ ਕੇ ਆਇਆ ।

ਵੱਡਾ ਮੁੰਡਾ : ਚੱਲ ਬੇਬੇ ਆਪਾਂ ਉੱਪਰ ਚੱਲੀਏ . ਓਇ ਮੱਖਣਾ...ਓਇ ਮੱਖਣਾਂ, ਤੈਨੂੰ ਤੇਰਾ ਬਾਬਾ ਸੱਦਦੈ ਓਇ...ਓਇ ਮੱਖਣਾਂ...ਚੱਲ ਬੇਬੇ...(ਵੱਡਾ ਮੁੰਡਾ ਤੇ ਵਿਦਿਆ ਜਾਣ ਲਗਦੇ ਹਨ) ਚਾਹ ਹੁਣੇ ਕਰ ਲਿਆਈਓ ਕਿਤੇ ਵਰ੍ਹੇ ਲਾ ਦਿਓਂ...।

ਵੱਡੀ ਬਹੂ : ਅੱਛਾ !

(ਪਰਦਾ)



# ਹੋਰ ਕੀ ਕਰਦਾ

## ਦੇਵਿੰਦਰ ਕੁਮਾਰ

ਦੇਵਿੰਦਰ ਕੁਮਾਰ ਇਕ ਸਿਰੜੀ ਰੰਗਕਰਮੀ ਹੈ । ਦੁਆਬਾ ਕਲਾ ਮੰਚ, ਮੰਗੂਵਾਲ ਅਤੇ ਕਲਾ ਸੰਪਰਕ, ਨਵਾਂ ਸ਼ਹਿਰ ਨਾਲ ਕਈ ਵਰ੍ਹਿਆਂ ਤੋਂ ਸੰਬੰਧਿਤ ਹੁੰਦਿਆਂ ਅਦਾਕਾਰ ਤੇ ਨਿਰਦੇਸ਼ਕ ਦੇ ਤੌਰ 'ਤੇ ਕਾਰਜਸ਼ੀਲ ਹੈ । ਇਸ ਦੇ ਨਾਲ ਨਾਲ ਨਾਟਕਕਾਰੀ ਪੱਖੋਂ ਉਸਦਾ ਇਕ ਨਾਟ-ਸੰਗ੍ਰਹਿ 'ਵਿਹੜਾ ਆਪਣਾ ਧਰਤ ਪਰਾਈ' ਛਪ ਚੁਕਾ ਹੈ । ਉਹ ਨਾਟਕ ਦੇ ਖੇਤਰ ਵਿਚ ਪੀ. ਐਚ. ਡੀ. ਲਈ ਖੋਜ-ਕਾਰਜ ਵੀ ਕਰ ਰਿਹਾ ਹੈ

### ਪਾਤਰ

ਕਰਮ, ਗੇਜ, ਛਿੰਦਾ, ਸ਼ਾਹ, ਤ੍ਰਿਲੋਕੀ, ਪਿੰਡ ਦੇ ਦੋ ਬੰਦੇ ।

[ਦੋਆਬੇ ਦਾ ਇਕ ਪਿੰਡ । ਜਿਮੀਦਾਰਾ ਪਰਿਵਾਰ ਦਾ ਇਕ ਘਰ । ਵਿਹੜੇ ਦੀ ਨੁੱਕਰੇ ਕਰਮ ਸਿੰਘ ਕਹੀ ਠੀਕ ਕਰ ਰਿਹਾ ਹੈ । ਬਾਹਰੋਂ ਗੇਜ ਆਉਂਦਾ ਹੈ]

ਕਰਮ : ਮੈਂ ਚਲਦਾਂ.. ਜਾਕੇ ਆਡ ਘੜਦਾਂ...ਤੂੰ ਵੀ ਆ ਜਈਂ ।

ਗੇਜ : ਭਾਈਆ.. ਠਹਿਰੀਂ ਜਰਾ, ਇੱਕ ਸਲਾਹ ਕਰਨੀ ਸੀ ਤੇਰੇ ਨਾਲ ।

ਕਰਮ : ਉਥੇ ਈ ਕਰ ਲਮਾਂਗੇ.. ।

ਗੇਜ : ਨਹੀਂ ਮੈਂ ਇਕ ਹੋਰ ਬੰਦੇ ਨੂੰ ਵੀ ਸਨੇਹਾ ਦੇ ਕੇ ਆਇਆਂ ।

ਕਰਮ : ਕਿਹਨੂੰ ?

ਗੇਜ : ਛਿੰਦੇ ਨੂੰ.. ਭਜਨੇ ਨਾਈ ਦੇ ਮੁੰਡੇ ਨੂੰ ।

ਕਰਮ : ਕਿਉਂ ?

ਗੇਜ : ਰਾਣੋ ਦੇ ਵਿਆਹ ਬਾਰੇ ਗੱਲ ਕਰਨੀ ਸੀ । ਹੁਣ ਤੋਂ ਤਿਆਰੀ ਸ਼ੁਰੂ ਕਰੀਏ ।

ਕਰਮ : ਤਿਆਰੀ ਤਾਂ ਕਰਨੀ ਈ ਚਾਹੀਦੀ ਆ ।

ਗੇਜ : ਪੈਸੇ ਦਾ ਇੰਤਜਾਮ ਵੀ ਤਾਂ ਕਰਨਾ ਪੈਣਾ, ਜਿਹੜੇ ਚਾਰ ਪੈਸੇ ਸੀ ਉਹ ਟਰੈਕਟਰ ਤੇ ਲਾ ਬੈਠੇ ਆਂ ।

ਕਰਮ : ਤੈਨੂੰ ਟਰੈਕਟਰ ਲੈਣ ਲਈ ਕਿਹਨੇ ਕਿਹਾ ਸੀ ? ਤੂੰ ਮੰਨੀ ਕਿਸੇ ਦੀ ?

ਗੇਜ : ਭਾਈਆ—ਇਹ ਵੀ ਜ਼ਰੂਰੀ ਸੀ । ਹੁਣ ਜੁੱਗ ਮਸ਼ੀਨਰੀ ਦਾ । ਫੇਰ ਸ਼ਰੀਕਾਂ ਦੇ ਟਰੈਕਟਰਾਂ ਤੋਂ ਕੰਮ ਕਰਵਾਈਏ ?

ਕਰਮ : ਫੇਰ ਹੁਣ ਤੂੰ ਮੇਥੋਂ ਕਾਹਤੇ ਪੁੱਛਦਾਂ ? ਕਰ ਲਾ ਇੰਤਜਾਮ ਪੈਸੇ ਦਾ ਜਿਥੋਂ ਕਰਨਾ ।

ਗੇਜ : ਏਦਾਂ ਕਰਦੇ ਆਂ...ਪੈਸਾ ਕਰਜੇ ਤੇ ਚੁੱਕ ਲੈਨੇ ਆਂ, ਫਸਲ ਆਈ ਤੇ ਮੋੜ

ਦਿਆਂਗੇ। ਇੱਕ ਖੇਤ ਹੋਰ ਗਹਿਣੇ ਰੱਖਣਾ ਪੈਣਾ।

ਕਰਮ : ਹਾਂ...ਹਾਂ...ਗਹਿਣੇ ਰੱਖਦੇ...ਸਭ ਕੁੱਛ ਗਹਿਣੇ ਰੱਖਦੇ। ਤੈਨੂੰ ਕੀ ਦਰਦ ਹੋ ਸਕਦੈ ? ਤੂੰ ਕਿਹੜੀ ਜਾਇਦਾਤ ਕੋਈ ਹੱਥੀਂ ਬਣਾਈ ਐ ? ਬਣੀ ਬਣਾਈ ਤੇ ਤੇਰੀ ਅੱਖ ਐ...ਫੂਕ ਦੇ ਸਾਰੀ . ਜਦ ਬਣਾਏਂਗਾ ਤਾਂ ਪਤਾ ਲੱਗੂ। ਮੈਨੂੰ ਕੀ ? ਮੈਂ ਕਿਹੜਾ ਐਥੇ ਸਦਾ ਬੈਠਾ ਰਹਿਣਾ। ਮੇਰੀ ਤਾਂ ਜਿਮੇਂ ਕਿਮੇਂ ਨੰਘ ਗਈ। ਮੇਰੇ ਵੱਲੋਂ ਤੂੰ ਇਹਨੂੰ ਗਹਿਣੇ ਰੱਖ ਚਾਹੇ ਵੇਚ, ਮੈਨੂੰ ਕੀ.. ? ਕਚੈਰੀ ਤਸੀਲੇ ਜਾਣ ਦੀ ਇੱਕ ਸ਼ਰਮ ਈ ਹੁੰਦੀ ਐ, ਉਹ ਤੂੰ ਪਹਿਲਾਂ ਈ ਮੁਕਾ ਚੁੱਕਾਂ। ਮੈਂ ਐਸੇ ਕਰਕੇ ਹਜੇ ਤੱਕ ਜਮੀਨ ਤੇਰੇ ਨਾਂ ਨ੍ਹੀ ਲੁਆਈ। ਮੈਨੂੰ ਪਤਾ ਸੀ, ਤੂੰ ਤਾਂ ਹੁਣ ਤੱਕ ਖਾ ਚੁੱਕਣਾ ਸੀ ਸਭ ਕੁੱਛ।

ਗੇਜ : ਭਾਈਆ ਦੋ ਮਹੀਨੇ ਦੀ ਤਾਂ ਗੱਲ ਆ– ਫ਼ਸਲ ਤੇ ਮੋੜ ਹੋ ਜਾਣਾਂ।

ਕਰਮ : ਤੇਰੀ ਅਕਲ 'ਚ ਜਿੱਦਾਂ ਆਉਂਦਾ ਤੂੰ ਉੱਦਾਂ ਕਰ ..। ਰੱਬ ਦਾ ਸ਼ੁਕਰ ਆ ਹੱਲੇ ਤੇਰੇ ਇੱਕ ਕੁੜੀ ਆ। ਇੱਕ ਦੇ ਈ ਵਿਆਹ 'ਤੇ ਜਮੀਨ ਗਹਿਣੇ ਪੈਣ ਲੱਗੀ। ਮੈਂ ਤੇਰੀਆਂ ਚਾਰ ਭੈਣਾਂ ਦਾ ਵਿਆਹ ਕੀਤਾ ਕੋਈ ਸਿਆੜ ਨਹੀਂ ਗੁਆਇਆ। ਜਮੀਨ ਉਦੋਂ ਵੀ ਐਨੀ ਸੀ ਨਾਲੇ ਵਾਹੀ ਵੀ ਹਲਾਂ ਦੀ ਸੀ।

ਗੇਜ : ਤੇਰਾ ਜਮਾਨਾ ਹੋਰ ਸੀ –ਹੁਣ ਉਹ ਪੁਰਾਣੇ ਸਮੇਂ ਨ੍ਹੀ ਰਹੇ। ਤੂੰ ਐਦਾਂ ਦੱਸ; ਮੇਰੀ ਮੇਹਨਤ 'ਚ ਕਿਹੜੀ ਕਮੀ ਏ ? ਦਿਨ ਰਾਤ ਲੱਗਾ ਈ ਰਹਿਨਾਂ - ਤੇਰੇ ਸਾਹਮਣੇ ਈ ਆ। ਦੱਸ ਕਿਹੜੀ ਬੈਂਕ ਲੁੱਟ ਲਿਆਮਾਂ ? ਮੈਂ ਕਿਹੜਾ ਪੈਸਾ ਖਰਾਬ ਕੀਤਾ ? ਚਾਰ ਸੰਦ ਬਣਾਏ ਈ ਆ। ਪਹਿਲਾਂ ਪੱਕੇ ਕੋਠੇ ਛੱਤੇ ਫੇਰ ਐਡੀ ਕਬੀਲਦਾਰੀ। ਇਹ ਪੈਸਾ ਲੱਗਾ ਈ ਆ—ਖੇਤੀ 'ਚੋਂ ਈ ਕੱਢਿਆ... ਹੋਰ ਤੂੰ ਦੱਸ ਮੈਂ ਜਿਹੜੇ ਐਬ ਕਮਾਏ ਆ ਜਾਂ ਨਸ਼ੇ ਕੀਤੇ ਆ ?

[ਬਾਹਰੋਂ ਛਿੰਦਾ ਆਵਾਜ਼ ਮਾਰਦਾ ਹੈ।]

ਗੇਜ : ਆ ਜਾ ਛਿੰਦਿਆ।

[ਛਿੰਦਾ ਆਉਂਦਾ ਹੈ। ਪਹਿਰਾਵੇ ਤੋਂ ਹੀ ਇੰਜ ਲਗਦਾ ਜਿਵੇਂ ਵਿਦੇਸ਼ ਤੋਂ ਪਰਤਿਆ ਹੋਵੇ]

ਛਿੰਦਾ : ਸਾਸਰੀਕਾਲ...ਭਾਈਆ ਜੀ...ਸੁਣਾਓ ਕੀ ਹਾਲ ਆ ?

ਕਰਮ : ਠੀਕ ਆ...ਅੱਛਾ ਮੈਂ ਜਰਾ ਖੇਤ ਨੂੰ ਜਾਣਾਂ, ਤੂੰ ਬੈਠ। (ਕਰਮ ਸਿੰਘ ਬਾਹਰ ਚਲਾ ਜਾਂਦਾ ਹੈ)

ਗੇਜ : ਛਿੰਦਿਆ, ਪਹਿਲਾਂ ਐਦਾਂ ਦੱਸ, ਪੀਣਾ ਕੀ ਆ ?

ਛਿੰਦਾ : ਕੁਛ ਨ੍ਹੀ ਪੀਣਾ ਚਾਚਾ।

ਗੇਜ : ਘਰ ਦੀ ਕਢੀਓ ਤਾਂ ਹੈਗੀ ਆ।

ਛਿੰਦਾ : ਨਾ ਬਈ ਚਾਚਾ। ਕੀ ਹੋਇਆ ਅਸੀਂ ਪਰਦੇਸ ਜਾ ਆਏ, ਹੈ ਤਾਂ ਫੇਰ ਵੀ ਥੁਹਾਡੇ ਲਾਗੀ।



ਗੇਜ : ਚੰਗੇ ਵੇਲੇ ਭਜਨੇ ਨੇ ਤੈਨੂੰ ਬਾਹਰ ਭੇਜ ਦਿੱਤਾ। ਨਹੀਂ ਤਾਂ ਪੁੱਤਰਾ ਰਹਿ ਜਾਣਾ ਸੀ ਰਾਜੇ ਦਾ ਰਾਜਾ। ਸਾਰੀ ਉਮਰ ਪਿੰਡ 'ਚ ਬੈਠਾ ਹਜਾਮਤਾਂ ਕਰੀ ਜਾਂਦਾ ਜਾਂ ਫਿਰ ਪਿੰਡ 'ਚ ਘਰੋ-ਘਰੀ ਸੱਦੇ ਦਿੰਦਾ ਫਿਰਦਾ।

ਛਿੰਦਾ : ਚਾਚਾ, ਇਹ ਵੀ ਕਿਸਬ ਆ। ਆਪਣੇ ਕੰਮ 'ਚ ਕਾਹਦਾ ਮਿਹਣਾ। ਕਿਰਤ ਕਰਨੀ ਆ— ਦੇਣ ਵਾਲਾ ਦਾਤਾ।

ਗੇਜ : ਦੇਣ ਲੱਗੇ ਨੇ ਵੀ ਕਿਹੜੀ ਕਸਰ ਬਾਕੀ ਰੱਖੀ ਆ। ਹੁਣ ਤੇਰੇ ਕੋਲ ਸਭ ਕੁੱਛ ਆ।

ਛਿੰਦਾ : ਬੱਸ ਐਦਾਂ ਈਂ ਆ—ਮਾਲਕ ਦੀ ਮੌਜ ਆ। ਚਾਚਾ, ਤੇਰਾ ਸੁਨੇਹਾ ਗਿਆ ਸੀ।

ਗੇਜ : ਮੈਂ ਤੇਰੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਸੀ, ਪਰ ਹੈ ਪੜਦੇ ਆਲੀ। ਤੇਰੀ ਹੋਵੇ ਹਾਂਅ, ਤੇਰੀ ਹੋਵੇ ਨਾਂਅ, ਗੱਲ ਬਾਹਰ ਨ੍ਹੀ ਜਾਣੀ ਚਾਹੀਦੀ।

ਛਿੰਦਾ : ਤੂੰ ਬੇਫਿਕਰ ਹੋ ਕੇ ਗੱਲ ਕਰ।

ਗੇਜ : ਆਪਣੀ ਰਾਣੋਂ ਦਾ ਵਿਆਹ ਰੱਖਿਆ ਹੋਇਆ। ਜਿਹੜੇ ਸਾਡੇ ਕੋਲ ਪੈਸੇ ਸੀ, ਉਹ ਖਰਚ ਕਰ ਬੈਠੇ ਆਂ ਟਰੈਕਟਰ ਤੇ। ਵਿਆਹ ਤਾਂ ਕਰਨਾ ਈ ਹੋਇਆ। ਮੈਂ ਸੋਚਿਆ ਸੀ ਤੇਰੇ ਕੋਲ ਚਾਰ ਪੈਸੇ ਹੈਗੇ ਆ, ਜੇ ਵਿਆਜੂ ਦੇ ਦੇਵੇਂ।

ਛਿੰਦਾ : ਇਹ ਵਿਆਜ ਆਲਾ ਕੰਮ ਤਾਂ ਕਦੀ ਕੀਤਾ ਨ੍ਹੀ। ਤੇਰੀ ਗਰਜ ਜੇ ਪੰਜ ਦੱਸ ਹਜਾਰ ਨਾਲ ਸਰਦੀ ਆ ਤਾਂ ਹੱਥ ਉਧਾਰ ਲੈ ਲਾ।

ਗੇਜ : ਇਹ ਦੋਏ ਚੀਜ਼ਾਂ ਨ੍ਹੀ ਹੋਣੀਆਂ, ਨਾ ਦੱਸ ਹਜਾਰ ਨਾਲ ਸਰਨਾ, ਨਾ ਹੱਥ ਉਧਾਰ ਲੈਣਾ। ਰੁਪਈਆ ਚਾਹੀਦਾ ਪੰਜਾਹ ਹਜਾਰ।

ਛਿੰਦਾ : ਐਨਾ ਨ੍ਹੀ ਚਾਚਾ ਹੋਣਾ।

ਗੇਜ : ਉਹ ਤੂੰ ਗੱਲ ਤਾਂ ਸੁਣ। ਕੰਮ ਕਰਨਾ ਪੱਕਾ ਲਿਖਤੀ।...ਜਮੀਨ ਤੂੰ ਸਾਡੀ ਦੇਖੀ ਆ ?

ਛਿੰਦਾ : ਆਹੋ।

ਗੇਜ : ਉਹਦੀ ਕੀਮਤ ਜੇ ਸਿਟਮੇਂ ਭਾਅ ਵੀ ਲਾਈਏ ਤਾਂ ਵੀ ਲੱਖ ਨੂੰ ਕਿੱਲਾ ਜਾਂਦਾ। ਅਸੀਂ ਤੈਨੂੰ ਪੰਜਾਹ 'ਚ ਕਰ ਦੇਣਾ ਬਿਆਨਾ—ਠੀਕ ਆ ? ਤਰੀਕ ਮਿਥ ਲੈਣੀ ਆ –ਜੇ ਅਸੀਂ ਸਮੇਤ ਵਿਆਜ ਨਾ ਮੋੜੀਏ ਤੂੰ ਰਜਿਸਟਰੀ ਕਰਵਾ ਲਈਂ। ਤੈਨੂੰ ਪੰਜਾਹ ਹਜਾਰ 'ਚ ਖੇਤ ਮਿਲ ਜਊ। ਰਹੀ ਗੱਲ ਵਿਆਜ ਦੀ... ਜਿਹੜੀ ਸ਼ਰਾ ਪਿੰਡ 'ਚ ਚੱਲਦੀ ਆ ਉਹਤੋਂ ਆਨਾ ਘੱਟ ਨੀ ਦੇਣਾ।

ਛਿੰਦਾ : ਅਸੀਂ ਵਿਆਜ ਲੈਂਦੇ ਕੀ ਚੰਗੇ ਲਗਦੇ ਆਂ।

ਗੇਜ : ਨਹੀਂ ਕਾਕਾ ਤੂੰ ਹੈਂ ਪੁੱਤਰਾਂ ਵਰਗਾ। ਐਦਾਂ ਈ ਲੋਕ ਇੱਕ ਦੂਜੇ ਦੀਆਂ ਗਰਜਾਂ ਸਾਰਦੇ ਆਏ ਆ। ਬੱਸ ਪਿਆਰ ਬਣਿਆ ਰਹੇ। ਇਸ ਲਈ ਗੱਲ ਕੋਰੀ ਤੇ ਸਾਫ ਚੰਗੀ ਹੁੰਦੀ ਆ।

ਛਿੰਦਾ : ਜਮੀਨ ਕਿਹਦੇ ਨਾਂ ਆ ?

ਗੇਜ : ਤੂੰ ਇਹਦੀ ਚਿੰਤਾ ਨਾ ਕਰ—ਇਹ ਕੰਮ ਸਾਡਾ ।

ਛਿੰਦਾ : ਅੱਛਾ ਮੈਂ ਘਰ ਸਲਾਹ ਕਰਕੇ ਦਸੂੰਗਾ । ਮੈਂ ਹਜੇ ਪੱਕੀ ਹਾਂਅ ਨ੍ਹੀ ਕਰਦਾ ।

ਗੇਜ : ਸਲਾਹ ਤਾਂ ਕਰਨੀ ਚਾਹੀਦੀ ਆ ਪਰ ਗੱਲ ਬਾਹਰ ਨਾ ਜਾਵੇ । ਸ਼ਰੀਕਾਂ ਦੇ ਬੋਲ ਸੁਣਨੇ ਬੜੇ ਔਖੇ ਆ ।

ਛਿੰਦਾ : ਚੰਗਾ ਮੈਂ ਚਲਦਾਂ ।

ਗੇਜ : ਦੱਸੀਂ ਫੇਰ ਇੱਕ ਦੋ ਦਿਨ ਵਿੱਚ ।

[ਛਿੰਦਾ ਬਾਹਰ ਜਾਂਦਾ ਹੈ ਤੇ ਗੇਜ ਵੀ ਬੋਹੀ ਚੁੱਕ ਕੇ ਬਾਹਰ ਜਾਂਦਾ ਹੈ -ਹਨੇਰਾ- ਤਖਤ ਪੋਸ ਤੇ ਵਹੀਆਂ ਪਈਆਂ ਹਨ, ਆੜ੍ਹਤੀ ਤੇ ਉਸਦਾ ਪੁੱਤਰ ਬੈਠੇ ਕੋਈ ਹਿਸਾਬ ਕਿਤਾਬ ਕਰ ਰਹੇ ਹਨ ।]

ਸ਼ਾਹ : ਦੇਖ ਕਾਕਾ ਤ੍ਰਿਲੋਕੀ-- ਸਾਡਾ ਵਕਤ ਤਾਂ ਕਿਸੇ ਨਾ ਕਿਸੇ ਢੰਗ ਨਾਲ ਗਿਆ ਨਿਕਲ, ਜੇ ਮੇਰੀ ਮੰਨੇ ਤੂੰ ਕੋਈ ਹੋਰ ਧੰਦਾ ਸ਼ੁਰੂ ਕਰ ਲੈ ।

ਤ੍ਰਿਲੋਕੀ : ਉਹ ਕਿਉਂ ਬਾਪੂ ?

ਸ਼ਾਹ : ਵਕਤ ਬਦਲ ਗਿਆ, ਜ਼ਮਾਨਾ ਬਦਲ ਗਿਆ, ਹੁਣ ਆਪ ਵੀ ਨਾਲ ਈ ਬਦਲ ਜਾਣਾ ਚਾਹੀਦਾ ।

ਤ੍ਰਿਲੋਕੀ : ਮੈਂ ਸਮਝਿਆ ਨਹੀਂ ।

ਸ਼ਾਹ : ਆਹ ਦੇਖ ਮੇਰੇ ਬਾਪ ਦੇ ਵਕਤਾਂ ਦੀ ਬਹੀ ਤੇ ਇਹ ਆ ਮੇਰੇ ਵਕਤ ਦੀ ਬਹੀ. ਕੁੱਛ ਲੱਗਦਾ ਫਰਕ ?

ਤ੍ਰਿਲੋਕੀ : ਮੈਨੂੰ ਤਾਂ ਕੁੱਛ ਪਤਾ ਨ੍ਹੀ ਲੱਗਦਾ ।

ਸ਼ਾਹ : ਤੇਰੇ 'ਚ ਇਹੀ ਭੈੜ ਆ । ਨਾ ਤੈਨੂੰ ਸਮਝ ਲੱਗਦੀ ਆ, ਨਾ ਤੈਨੂੰ ਕੁਛ ਪਤਾ ਲੱਗਦਾ । ਬਹੀ ਖੋਲ੍ਹ, ਗੌਰ ਨਾਲ ਦੇਖ, ਸਾਰੇ ਜੱਟਾਂ ਦੇ 'ਗੂਠੇ ਲੱਗੇ ਹੋਏ ਆ ਤੇ ਹੁਣ ਆਹ ਦੇਖ, ਅਫਸਰਾਂ ਆਂਗੂ ਦਸਖਤ ਕਰਕੇ ਕਰਜਾ ਲੈਂਦੇ ਆ ।

ਤ੍ਰਿਲੋਕੀ : ਇਹਦੇ ਨਾਲ ਕੀ ਫਰਕ ਪੈਂਦਾ ?

ਸ਼ਾਹ : ਫਰਕ ਤਾਂ ਪੈਣਾ ਈ ਹੋਇਆ – ਜਦ ਜੱਟਾਂ ਨੂੰ ਦਿਮਾਗ ਲੱਗ ਜਾਏ ਤਾਂ ਸ਼ਾਹਾਂ ਨੂੰ ਭੁੱਖਿਆਂ ਮਰਨਾ ਪੈਣਾ । ਹੁਣ ਨੀਤਾਂ 'ਚ ਫ਼ਰਕ ਆ ਗਿਆ, ਪੱਲਿਓਂ ਪੈਸੇ ਦੇ ਕੇ ਵੈਰ ਕਮਾਉ—ਉਹ ਵੀ ਪੁੱਠੀ ਜਾਤ ਨਾਲ ।

ਤ੍ਰਿਲੋਕੀ : ਮੈਂ ਸਮਝਿਆ ਨ੍ਹੀ ।

ਸ਼ਾਹ : ਮਾੜੇ ਦਿਨਾਂ ਦੀ ਨਿਸ਼ਾਨੀ ਆ—ਜਦ ਬਾਣੀਏ ਦਾ ਪੁੱਤ ਗੱਲ ਸਮਝਣੋਂ ਹੱਟ ਜਾਏ—ਉਏ ਪੁੱਤਰਾ ਪਿੰਡ ਪਿੰਡ ਖੱਲ੍ਹ ਗਈਆਂ ਸੋਸਾਇਟੀਆਂ—ਇਹ ਗਿੱਝ ਗਏ ਆ ਕੁਰਸੀ ਤੇ ਬਹਿ ਕੇ ਕਰਜਾ ਲੈਣਾ । ਬੜੇ ਚੁਸਤ ਆ ।...ਪੈਸੇ ਲੈਣ ਵੇਲੇ ਮਿਸ਼ਰੀ ਬਣ ਜਾਂਦੇ ਆ ਮਿੱਠੇ, ਤੇ ਮੋੜਨ ਵੇਲੇ ਯੂਨੀਅਨਾਂ ਬਣਾ ਲਊਗੇ— ਜੇ ਪਿੰਡ ਜਾਕੇ ਪੈਸੇ ਮੰਗੋ ਤਾਂ ਸਾਹਮਣੇ ਬੈਠ ਕੇ ਮੁੱਛਾਂ ਨੂੰ ਵੱਟ ਦੇਈ ਜਾਊਗੇ, ਮੁਸਕੜੀ ਹੱਸੀ ਜਾਊਗੇ ।



[ਬਾਹਰੋਂ ਆਵਾਜ਼ ਆਉਂਦੀ ਹੈ]

ਆਵਾਜ਼ : ਸ਼ਾਹ ਜੀ...।

ਸ਼ਾਹ : ਆ ਜਾਉ—ਲੈ ਇੱਕ ਹੋਰ ਆ ਗਿਆ ਭੁੱਖ ਦਾ ਫੁੱਫੜ...ਕੌਣ ? ਸਰਦਾਰ ਗੇਜ ਸਿੰਘ ? ਆ ਜਾ ਬਈ...ਲੰਘ ਆ.. ਬਹਿ ਜਾ ਜੁੱਤੀ ਲਾਹ ਕੇ ।

ਗੇਜ : ਸੁਣਾਉ ਸ਼ਾਹ ਜੀ, ਤਬੀਅਤਾਂ ? ਠੀਕ ਆ ?

ਸ਼ਾਹ : ਐਦਾਂ ਈ ਆ ਸਰਦਾਰਾ, ਅੱਜ ਕੱਲ ਤਬੀਅਤਾਂ ਕਾਹਦੇ ਸਿਰ ਤੇ ਠੀਕ ਰਹਿਣੀਆਂ ? ਜਦ ਵਹੀ ਵੱਲ ਨਿਗਾਹ ਮਾਰਦੇ ਆਂ ਤਾਂ ਦਿਲ ਤਾਂਹ ਠਾਂਹ ਜਾਂਦਾ ।

ਗੇਜ : ਕੀ ਗੱਲ ਹੋਈ ਸ਼ਾਹ ਜੀ ?

ਸ਼ਾਹ : ਬੱਸ ਗੱਲ ਕੀ ਹੋਣੀ---ਦਿਲ ਈ ਪਰਚਾਉਣਾ—ਬਹੀ ਦੇਖਕੇ ਪਰਚਾ ਛੱਡੀਦਾ... ਖੈਰ ਤੂੰ ਸੁਣਾ, ਤੇਰਾ ਫੇਰਾ ਕਿੱਦਾਂ ਪਿਆ ?

ਗੇਜ : (ਝੋਲਾ ਫੜਾਉਂਦਾ ਹੋਇਆ) ਆ ਲਉ – ਗੁੜ ਕੱਢਿਆ ਸੀ, ਮੈਂ ਕਿਹਾ ਸੇਠ ਹੁਰਾਂ ਨੂੰ ਦੇ ਕੇ ਆਈਏ ।

ਸ਼ਾਹ : ਫੜ ਲੈ ਪੁੱਤਰ –ਔਥੇ ਰੱਖਦੇ—ਜਾਣ ਲੱਗਾ ਲੈ ਜਈਂ ਤੇ ਆਪਣੀ ਝਾਈ ਨੂੰ ਦੇ ਦੇਈਂ ।

ਗੇਜ : ਸੇਠ ਜੀ ! ਮੈਂ ਇਕ ਕੰਮ ਆਇਆ ਸੀ ।

ਸ਼ਾਹ : ਪੂਰੇ ਤੀਹ ਸਾਲ ਮੈਂ ਆਪਣੇ ਬਾਪ ਨਾਲ ਕੰਮ ਕਰਾਇਆ ਸੀ । ਹੁਣ ਵੀਹ ਸਾਲ ਮੈਨੂੰ ਵੀ ਹੋ ਚੱਲੇ ਆ । ਮੈਨੂੰ ਸਭ ਪਤਾ— ਜੱਟ ਮੋਮੋਠੱਗਣਾ ਬਣਕੇ ਸ਼ਾਹ ਕੋਲ ਕਿਹੜੇ ਕੰਮ ਆਉਂਦਾ ।

ਗੇਜ : ਕੀ ਕਰੀਏ ਸ਼ਾਹ ਜੀ? ਸ਼ਾਹ ਬਿਨਾਂ ਜੱਟ ਦਾ ਕਿੱਥੇ ਸਰਦਾ ? ਬੱਸ ਕੁੜੀ ਦਾ ਵਿਆਹ ਕਰਕੇ ਹੱਥ ਜਰਾ ਤੰਗ ਹੋ ਗਿਆ ।

ਸ਼ਾਹ : (ਤ੍ਰਿਲੋਕੀ ਨੂੰ) ਠਹਿਰ ਓਇ ਕਾਕਾ, ਅਜੇ ਗੁੜ ਨਾ ਖਾਈਂ, ਜੱਟ ਨੇ ਗੁੜ ਬੱਟੇ ਪਤਾ ਨ੍ਹੀ ਕੀ ਮਨਾ ਲੈਣਾ । ਸਰਦਾਰ ਜੀ ! ਥੁਹਾਡਾ ਤਾਂ ਹੱਥ ਈ ਤੰਗ ਆ, ਐਥੇ ਸਭ ਕੁਛ ਤੰਗ ਹੋਈ ਫਿਰਦਾ ।

ਗੇਜ : ਸ਼ਾਹ ਜੀ ਅਸੀਂ ਚਾਹੁੰਦੇ ਸੀ ਐਸ ਸਾਲ ਪੰਚੈਤ ਦੀ ਜਮੀਨ ਅਸੀਂ ਬੋਲੀ ਤੇ ਲੈ ਲੈਂਦੇ –

ਸ਼ਾਹ : ਲਉ ਬਈ— ਜੀ ਸਦਕੇ ਲਉ—ਥੁਹਾਨੂੰ ਕੌਣ ਰੋਕਦੈ ?

ਗੇਜ : ਪਰ ਪੈਸੇ ਦੀ ਵੀ ਲੋੜ ਪੈਣੀ ਆ ।

ਸ਼ਾਹ : ਬੱਸ, ਇਹੀ ਭੈੜ ਆ ਥੁਹਾਡੇ ਜੱਟਾਂ ਵਿਚ । ਬਿਨਾਂ ਪੈਸੇ ਤੋਂ ਸਕੀਮਾਂ ਬਣਾ ਲੈਂਦੇ ਓ ।

ਗੇਜ : ਸ਼ਾਹ ਜੀ ! ਐਤਕੀਂ ਫਸਲਾਂ ਬਥੇਰੀਆਂ ਸੁੱਖ ਨਾਲ ।

ਸ਼ਾਹ : ਓਇ ! ਜਾਣ ਦੇ ਜੱਟਾ ਆਂਡੇ ਕਿਤੇ, ਕੁੜ ਕੁੜ ਕਿਤੇ । ਫਸਲ ਦੀ ਗਰੰਟੀ ਕਿਤੇ ਦੇ ਦੇਨੇ ਆਂ ਤੇ ਵੇਚਣ ਵੇਲੇ ਪਤਾ ਨੀ ਕਿਧਰ ਲੈ ਜਾਣੀ ।

ਗੇਜ : ਸ਼ਾਹ ਜੀ ! ਜੋ ਦੇਣਾ ਉਹ ਤਾਂ ਦੇ ਕੇ ਈ ਸਰਨਾ, ਨਹੀਂ ਤਾਂ ਅਗਲੇ ਜਨਮ 'ਚ ਲੇਖਾ ਦੇਣਾ ਪਊ !

ਸ਼ਾਹ : ਇਹ ਸਾਰੀਆਂ ਗੱਲਾਂ ਪੈਸੇ ਲੈਣ ਵੇਲੇ ਕਰਦੇ ਓ । ਦੇਣ ਵੇਲੇ, ਉਹੀ ਘੜੇ ਘੜਾਏ ਜਵਾਬ— ਫਸਲ ਨੀ ਹੋਈ .. ਬਿਮਾਰੀ ਪੈ ਗਈ . . . ਗੜੇ ਪੈ ਗਏ ਗੁੱਸਾ ਨਾ ਕਰੀਂ ਸਰਦਾਰਾ— ਫੇਰ ਬੀਮਾਰੀ ਵੀ ਸਾਨੂੰ ਪੈ ਗਈ - ਗੜੇ ਵੀ ਸਾਡੇ ਸਿਰ ਈ ਪਏ ।

ਗੇਜ : ਸ਼ਾਹ ਜੀ ਵਿਆਜ ਰੁਪਈਆ ਧੇਲੀ ਜਿਆਦਾ ਲਾ ਲਿਉ ।

ਸ਼ਾਹ : ਬੱਸ ਇਸੇ ਹੀ ਲਾਲਚ ਚ ਫਸਕੇ ਬਾਣੀਆ ਮਾਰ ਖਾ ਜਾਂਦਾ । ਸਾਡੇ ਤਾਂ ਸਰਦਾਰਾ ਲੱਗੇ ਹੋਏ ਆ ਕੰਨਾਂ ਨੂੰ ਹੱਥ. ਆ ਸਾਰੀ ਬਹੀ ਐਦਾਂ ਹੀ ਭਰੀ ਹੋਈ ਆ ।

ਗੇਜ : ਫੇਰ ਵੀ ਗਟਜ ਤਾਂ ਸਾਰਨੀ ਈ ਪੈਣੀ ਆਂ । ਤੁਹਾਡੇ ਹੁੰਦਿਆਂ ਕਿੱਥੇ ਜਾਈਏ ?

ਸ਼ਾਹ : ਨਾਂ ਬਈ .. ਤੁਹਾਡੇ ਅਲੇ ਤਾਂ ਪਹਿਲਾਂ ਈ ਬਹੁਤ ਰਕਮ ਖੜੀ ਆ ।

ਗੇਜ : ਅਸੀਂ ਕਿਹੜਾ ਮੁਕਰਦੇ ਆਂ - ਆਖਰ ਦੇਕੇ ਈ ਖਲਾਸੀ ਹੋਣੀ ।

ਸ਼ਾਹ : ਨਾ ਬਈ— ਹੁਣ ਮੁਸ਼ਕਲ ਆ - ਐਨੇ ਪੈਸੇ ਕਿਥੋਂ ਕੱਢੀ ਜਾਈਏ ? ਤੁਸੀਂ ਤਾਂ ਸਿਆਹੀ ਨਾਲ ਲਬੇੜ ਕੇ ਲਾਇਆ ਗੂਠਾ, ਪੈਸੇ ਪਾਏ ਖੀਸੇ ਤੇ ਤੁਰਦੇ ਬਣੇ । ਐਥੇ ਨਾ ਸੂਦ ਮੁੜੇ, ਨਾ ਮੂਲ । ਬੈਠੇ ਗੂਠੇ ਦੇਖੀ ਜਾਉ ।

ਗੇਜ : ਸ਼ਾਹ ਜੀ ! ਸਾਡੇ ਵੱਡੇ ਵਡੇਰਿਆਂ ਦੇ ਗੂਠੇ ਵੀ ਤੁਹਾਡੀ ਬਹੀ 'ਚ ਹੋਣੇ ਆ ਪਰ ਕਿਸੇ ਨੇ ਕੋਈ ਪੈਸਾ ਤਾਂ ਨੀ ਮਾਰਿਆ ?

ਸ਼ਾਹ : ਚਾਹੀਦੇ ਕਿੰਨੇ ਕੁ ਨੇ ?

ਗੇਜ : ਜੀ. ਚਾਹੀਦੇ ਤਾਂ ਪੰਦਰਾਂ ਕੁ ਹਜਾਰ ਨੇ ਪਰ ਬੁੱਤਾ ਦੱਸ ਹਜਾਰ ਨਾਲ ਵੀ ਸਾਰ ਲਵਾਂਗੇ ।

ਸ਼ਾਹ : ਇਹ ਤਾਂ ਗੇਜ ਸਿਆਂ— ਨਾਂਹ ਆਲੀ ਗੱਲ ਹੋ ਗਈ ।

ਗੇਜ : ਐਦਾਂ ਸਾਡਾ ਦਿਲ ਨਾਂ ਤੋੜ. ਇਹ ਤਾਂ ਆਪਣਾ ਪਿਆਰ ਆ — ਮਾਣ ਤਾਣ ਆ— ਜਦ ਦਾ ਟਰੈਕਟਰ ਲਿਆ ਉਦੋਂ ਦੀ ਦੂਜੇ ਸੇਠ ਨੇ ਗੇੜੇ ਮਾਰ ਮਾਰ ਕੇ ਸਰਦਲ ਨੀਮੀ ਕੀਤੀ ਪਈ ਆ । ਪਰ ਮੈਂ ਉਨ੍ਹ ਸਾਫ-ਸਾਫ ਕਹਿ ਦਿੱਤਾ— ਬਈ ਜਦ ਤੱਕ ਸੇਠ ਸਾਨੂੰ ਨੀਂ ਛੱਡਦਾ ਅਸੀਂ ਨੀਂ ਕਿਤੇ ਹੋਰ ਜਾਣਾ ।

ਸ਼ਾਹ : ਫੇਰ .. ?

ਗੇਜ : ਫੇਰ ਕੀ... ਤੁਸੀਂ ਹੁਣ ਤੋੜ ਵਿਛੋੜੇ ਆਲੀ ਗੱਲ ਨਾ ਕਰੋ । ਫੇਰ ਮਜਬੂਰੀ ਹੋ ਜਾਣੀ ।

ਸ਼ਾਹ : ਹੁਣ ਥੁਹਾਡੀ ਮੈਂ ਗਰਜ ਸਾਰ ਦਿਨਾਂ - ਐਸ ਫਸਲ ਤੋਂ ਬਾਦ ਜੋ ਮਰਜੀ ਕਰਿਓ — ਕਿਤੇ ਭਲਿਆਂ ਮੂੰਹਾਂ ਤੋਂ ਬੁਰੇ ਨਾ ਬਣਨਾ ਪਵੇ ।

ਗੇਜ : ਗੁੜ ਆਲਾ ਬੈਲਾ ਵੀ ਮੈ ਫੇਰ ਈ ਲੈ ਜਾਊਂ ।

ਸ਼ਾਹ : ਜਿੱਦਣ ਬੋਲੀ ਹੋਈ... ਆ ਕੇ ਲੈ ਜਈਂ ਭਈ— ਹੋਰ ਕੀ ? ਇਕ ਗੱਲ ਮੈਂ ਤੈਨੂੰ ਹੁਣੇ ਈ ਆਖ ਦਿਆਂ — ਵਿਆਜ ਜਿਆਦਾ ਲੱਗੂ— ਐਥੇ ਸਾਡੇ ਕੋਲ ਕਿਹੜੀ ਡਾਂਗ ਆ ? ਜਾਂ ਬੰਦੂਕ ਆ ?



ਗੇਜ : ਪਰ ਸ਼ਾਹ ਜੀ ! ਥੁਹਾਡੀ ਡਾਂਗ ਜ਼ਿਆਦਾ ਮਾਰ ਕਰਦੀ ਆ ।

ਸ਼ਾਹ ਅੱਛਾ, ਚੱਲ ਹੁਣ ਤੂੰ ਜੁੱਤੀ ਪਾਕੇ ।

ਗੇਜ : ਅੱਛਾ ਸੇਠ ਜੀ ਮਿਹਰਬਾਨੀ (ਜਾਂਦਾ ਹੈ)

ਸ਼ਾਹ : ਲਿਆ ਉਇ ਤ੍ਰਿਲੋਕੀ ਭੋਰਾ ਕੁ ਗੁੜ ਦੀ ਡਲੀ ।

[ਹਨੇਰਾ —ਕਰਮ ਸਿੰਘ ਤੇ ਗੇਜ ਸਿੰਘ ਬਹਿਸਦੇ ਆਉਂਦੇ ਹਨ ।]

ਕਰਮ : ਤੇਰੀਆਂ ਪੁੱਠੀਆਂ ਸਕੀਮਾਂ ਨੇ ਸਾਨੂੰ ਜੀਣ ਜੋਗਾ ਨਹੀਂ ਛੱਡਿਆ । ਕੀ ਬਣ ਇਆ ਤੇਰੀ ਹੁਸ਼ਿਆਰੀ ਨੇ ? ਅਖੇ ਟਰੈਕਟਰ ਨਾਲ ਖੇਤੀ ਵਧੂਗੀ .. ਵੱਧ ਗਈ ? ਹੁਣ ਜਦ ਛਿੰਦੇ ਦੇ ਨਾਂ ਰਜਿਸਟਰੀ ਹੋਊ ਤਾਂ ਕਿਹੜਾ ਮੂੰਹ ਲੈ ਕੇ ਪਿੰਡ 'ਚ ਫਿਰਾਂਗੇ ?

ਗੇਜ : ਕੋਈ ਤਰਕੀਬ ਸੋਚਦੇ ਆਂ - ਜਰਾ ਅਰਮਾਨ ਨਾਲ ਗੱਲ ਕਰ ।

ਕਰਮ : ਤੇਰੀਆਂ ਤਰਕੀਬਾਂ ਨੂੰ ਮੈਂ ਜਾਣਦਾ ਮੈਥੋਂ ਭੁੱਲੀਆਂ ਨੀਂ ਹੋਈਆਂ । ਥੱਲੇ ਲਾਕੇ ਰੱਖ ਦਿੱਤੇ ਉਇ ਮੈਂ ਇਹੀ ਖੇਤੀ ਬੋਲਦਾਂ ਨਾਲ ਕਰਦਾ ਸੀ, ਫੇਰ ਵੀ ਹੁਣ ਨਾਲੋਂ ਸੌਖੇ ਸੀ ।

ਗੇਜ : ਭਾਈਆ ! ਮਸ਼ੀਨਰੀ ਤੋਂ ਬਿਨਾਂ ਨਹੀਂ ਹੁਣ ਸਰਦਾ ।

ਕਰਮ : ਠੀਕ ਆ — ਜੇ ਮਸ਼ੀਨਰੀ ਲੈਣੀ ਆ ਤਾਂ ਬੇਤਰਤੀਬੀ ਤੇ ਫਜੂਲ ਖਰਚੀ ਤਾਂ ਘਟਾਈ ਜਾ ਸਕਦੀ ਐ ।

ਗੇਜ : ਕਿਹੜੀ ਫਜੂਲ ਖਰਚੀ ?

ਕਰਮ : ਮਾੜਾ ਜਿਹਾ ਕੰਮ ਪੈ ਗਿਆ — ਚੜ੍ਹਕੇ ਟੱਬਰ ਤੁਰ ਪਿਆ ਸ਼ਹਿਰ ਨੂੰ—ਕਿਸੇ ਦੇ ਮਕਾਣੀ ਜਾਣਾ ਹੋਵੇ — ਤੂੰ ਟਰਾਲੀ ਜੋੜ ਲੈਨਾਂ — ਕਿਤੇ ਹੋਵੇ ਜਲਸਾ ਕਿਤੇ ਹੋਵੇ ਜਲੂਸ, ਤੇਰਾ ਟਰੈਕਟਰ ਸਭ ਤੋਂ ਮੂਹਰੇ । ਜਮੀਨਾਂ ਤਾਂ ਫੇਰ ਵਿਕਣੀਆਂ ਈ ਹੋਈਆਂ - ਮਾੜੀ-ਮਾੜੀ ਚੀਜ਼ ਦੀ ਕਿਰਸ ਕਰਨੀ ਪੈਂਦੀ ਆ ।

ਗੇਜ : ਕਿਰਸਾਂ ਕਰਕੇ ਵੀ ਇਥੇ ਕਿਹੜੇ ਮਹਿਲ ਪੈ ਜਾਣੇ, ਇਹੀ ਭੰਗ ਭੁੱਜਣੀ ਆਂ ।

ਕਰਮ : ਕਦੀ ਸੋਚਿਆ ਬੈਠਕੇ, ਕਿੰਨਾਂ ਕਰਜਾ ਤੇਰੇ ਸਿਰ ? ਕਿੱਦਾਂ ਲਾਹੁਣਾ ?

ਗੇਜ : ਲਹਿ ਜਾਣਾ— ਆਪੇ ਈ ਲਹਿ ਜਾਣਾ— ਇੱਕ ਸਕੀਮ ਆ— ਜੇ ਮੰਨੇ ਤਾਂ ।

ਕਰਮ : ਹੁਣ ਕਿਹੜੀ ਸਕੀਮ ਕੱਢ ਲਈ ?

ਗੇਜ : ਨਾਂ ਪੈਸੇ ਮੋੜਨੇ ਪੈਣ, ਨਾਂ ਜਮੀਨ ਬੈਅ ਕਰਨੀ ਪਵੇ ।

ਕਰਮ : ਇਹ ਕਿੱਦਾਂ ਹੋ ਸਕਦਾ ?

ਗੇਜ : ਸਭ ਕੁਛ ਹੋ ਸਕਦਾ— ਪਹਿਲਾਂ ਗੁੱਸਾ ਘੱਟ ਕਰ— ਗੱਲ ਸੁਣ ਤੇ ਸਮਝ ।

ਕਰਮ : ਹਾਂ ਦੱਸ ।

ਗੇਜ : ਛਿੰਦਾ ਰੋਜ ਸ਼ਾਮ ਨੂੰ ਪੀਂਦਾ— ਠੀਕ ਹੈ ? ਕਿਸੇ ਦਿਨ ਮੌਕਾ ਤਾੜਕੇ ਸ਼ਰਾਬ 'ਚ ਕੁਛ ਰਲਾ ਦਿਆਂਗੇ । ਨਾ ਰਹੇ ਬਾਂਸ, ਨਾ ਬਜ ਬੰਸਰੀ ।

ਕਰਮ : ਉਹ ਹੈ ਜਿਉਂ ਅੱਗੋਂ ਨਿਆਣਾ—ਬਈ ਸ਼ਰਾਬ ਦੇ ਲਾਲਚ 'ਚ ਆ ਜਾਊ- ਕੱਢ ਤੀ ਸਕੀਮ ।

ਗੇਜ : ਜਾਂ ਫੇਰ ਜੱਟਾਂ ਆਲਾ ਦਾਅ ਹੈ ।

ਕਰਮ : ਕਿਹੜਾ ?

ਗੇਜ : ਕਿਤੇ ਕੱਲਾ ਦੇਖਕੇ ਰਾਤ ਨੂੰ ਪਾਰ ਬਲਾ ਦੇਨੇ ਆਂ ।

ਕਰਮ : ਤੂੰ ਉਹਦਾ ਖੂਨ ਕਰਨਾ ਚਾਹੁੰਨਾਂ ? ਏਸ ਖਾਨਦਾਨ ਨੂੰ ਖੂਨੀ ਬਣਾਏਂਗਾ ?

ਗੇਜ : ਹੌਲੀ ਬੋਲ – ਗੱਲ ਸੁਣ ਲੈ ਪੂਰੀ, ਇੱਥੇ ਕੀ ਪਤਾ ਲੱਗਣਾ, ਕਿਹਨੇ ਖੂਨ ਕੀਤਾ ?

ਕਰਮ : ਖੂਨ ਵੀ ਕਦੀ ਛੁੱਪੇ ਰਹੇ ?

ਗੇਜ : ਮੰਨ ਲੈ ਖੂਨ ਪੈ ਈ ਗਿਆ ਸਿਰ – ਉਮਰ ਕੈਦ ਹੋ ਗਈ-– ਮਸਾਂ ਬਾਰਾਂ ਤੇਰਾਂ ਸਾਲ ਕੱਟਣੇ ਪੈਂਦੇ ਆ । ਜੇ ਕੇਸ ਪਿਆ ਤੂੰ ਆਪਣੇ ਸਿਰ ਪਵਾ ਲਈਂ । ਤੂੰ ਤਾਂ ਰੋਟੀਆਂ ਈ ਖਾਣੀਆਂ... ਬਾਹਰ ਰਹਿ ਕੇ ਖਾ ਲਈਆਂ ਜਾਂ ਅੰਦਰ ਰਹਿ ਕੇ । ਮਗਰੋਂ ਖੇਤੀ ਵੀ ਚੱਲਦੀ ਰਹੂ ।

ਕਰਮ : ਅਖੀਰਲੀ ਉਮਰੇ ਸੋਹਣਾ ਰੁਤਬਾ ਦੇਣ ਲੱਗਾ... ਕਾਤਲ ਦਾ— ਬਖਸ਼ ਲਈਂ ਰੱਬਾ— ਇਕ ਪੁੱਤਰ ਸਕੀਮ ਬਣਾ ਰਿਹਾ ਬਾਪ ਨੂੰ ਸਜਾ ਕਰਾਉਣ ਦੀ । ਬੱਸ ਕਰ — ਬਹੁਤਾ ਵਧੀਆ ਤੇਰਾ ਦਿਮਾਗ—ਤੇ ਬਹੁਤ ਵਧੀਆ ਤੇਰੀ ਸਕੀਮ । [ਜਾਂਦਾ ਹੈ । ਪਿੱਛੇ ਪਿੱਛੇ ਗੇਜ ਵੀ ਜਾਂਦਾ ਹੈ -ਹਨੇਰਾ- ਪਿੰਡ ਦੇ ਥੜੇ ਤੇ ਦੋ ਬੰਦੇ ਬੈਠੇ ਹਨ । ਇੱਕ ਰੱਸੀ ਵੱਟ ਰਿਹਾ ਹੈ]

ਪਹਿਲਾ : ਦੇਖ ਲਾ — ਜਦ ਮਾੜੇ ਦਿਨ ਆਉਂਦੇ ਆ- ਮੱਤ ਵੀ ਉਲਟੀ ਹੋ ਜਾਂਦੀ ।

ਦੂਜਾ : ਮੈਂ ਤਾਂ ਹੈਰਾਨ ਹਾਂ ਕਿ ਐਡੀ ਦਲੇਰੀ ਤਾਂ ਦੇਖ ਕਿੱਦਾਂ ਕੀਤੀ ? ਉੱਦਾਂ ਸਾਲਾ ਘੁੰਆਂ ਜਿਹਾ ਦੇਖਣ ਨੂੰ ਕਿੰਨਾ ਸਾਊ ਲੱਗਦਾ ਸੀ ।
[ਸ਼ਾਹ ਤੇ ਤ੍ਰਿਲੋਕੀ ਸਾਹੋ ਸਾਹੀ ਆ ਰਹੇ ਹਨ ।]

ਸ਼ਾਹ : ਮੈਂ ਕਿਹਾ ਸਰਦਾਰੋ— ਐਥੇ ਗੇਜ ਸਿੰਘ ਬਲਦ ਕਰਮ ਸਿੰਘ ਬਲਦ ਫੁੰਮਣ ਦਾ ਘਰ ਕਿਹੜਾ ?

ਪਹਿਲਾ : ਕਿਨਾਂ ਚੋਂ ਆ... ? ਕਿਹੜੀ ਪੱਟੀ ਆ... ?

ਸ਼ਾਹ : ਐਂ ਤਾਂ ਮੈਨੂੰ ਪੱਟੀ ਦਾ ਕੋਈ ਪਤਾ ਨੀਂ... ਜੱਟ ਆ ਪਿੱਛੇ ਜਿਹੇ ਨਵਾਂ ਨਵਾਂ ਟਰੈਕਟਰ ਲਿਆ ।

ਦੂਜਾ : ਸੇਠ ਜੀ ! ਤੁਸੀਂ ਕਿਥੋਂ ਆਏ ਓ ?

ਸ਼ਾਹ : ਮੈਂ ਐਥੋਂ ਈ ਸ਼ਹਿਰੋਂ... ਦਾਣਾ ਮੰਡੀ 'ਚ ਦੁਕਾਨ ਐ ।



ਪਹਿਲਾ : ਮੈਂ ਵੀ ਸੋਚਦਾ ਸੀ- ਬਈ ਕਿਤੇ ਦੇਖੇ ਲੱਗਦੇ ਆ, ਪਛਾਣ 'ਚ ਨੀਂ ਸੀ ਆਂ ਰਿਹਾ ।

ਸ਼ਾਹ : ਮਾਫ ਕਰਨਾ ਸਰਦਾਰੋ- ਗੁੱਸਾ ਨਾਂ ਕਰਿਓ— ਜਦੋਂ ਸ਼ਾਹ ਚੱਲਕੇ ਜੱਟ ਕੋਲ ਆਂ ਜਾਏ, ਜੱਟ ਪਛਾਨਣੋਂ ਵੀ ਨਾਂਹ ਕਰ ਦਿੰਦਾ ।

ਦੂਜਾ : ਕੋਈ ਕੰਮ ਸੀ ਸ਼ਾਹ ਜੀ ਗੇਜ ਤੱਕ ?

ਸ਼ਾਹ : ਜਦੋਂ ਸ਼ਾਹ ਬਹੀ ਚੁੱਕ ਕੇ- ਧੋਤੀ ਲਾ ਕੇ ਪਿੰਡ 'ਚ ਆ ਬੜੇ ਤਾਂ ਸਮਝ ਲੈਣਾ ਚਹੀਦਾ ਬਈ ਕੋਈ ਜੱਟ ਲੈ ਕੇ ਮੁਕਰ ਗਿਆ । ਤੁਸੀਂ ਐਦਾਂ ਦੱਸੋ ਗੇਜ ਦਾ ਘਰ ਹੈ ਵੀ ਐਥੇ ?

ਦੂਜਾ : ਘਰ ਤਾਂ ਹੈ ਗੇਜ ਦਾ ।

ਸ਼ਾਹ : ਓਇ ਤ੍ਰਿਲੋਕੀ !

ਤ੍ਰਿਲੋਕੀ : ਹਾਂ ਜੀ !

ਸਾਹ : ਸਮਝ ਲੈ – ਤਰ ਗਈ

ਤ੍ਰਿਲੋਕੀ : ਕੀ ਤਰ ਗਈ ਬਾਪੂ ?

ਸ਼ਾਹ : ਉਇ ਬੇਵਕੂਫਾ, ਸਮਝ ਲੈ ਸਾਮੀ ਤਰ ਗਈ

ਪਹਿਲਾ : ਪਰ ਤੁਸੀਂ ਘਰ ਜਾਕੇ ਕਰੋਗੇ ਕੀ ?

ਸ਼ਾਹ : ਕੌਣ ਮੈਂ ? ਮੈਂ ਤਾਂ ਧਮੱਚੜ ਪਾ ਦੇਊਂਗਾ– ਥੱਲੇ ਦੀ ਧਰਤ ਤਾਂਹਾਂ ਚੱਕ ਦੇਊਂਗਾ ਸ਼ਾਹ ਦਾ ਪੈਸਾ ਕੋਈ ਹਰਾਮ ਦਾ ਨਹੀਂ—ਸ਼ਾਹ ਜੇ ਪੈਸੇ ਦੇਣੇ ਜਾਣਦਾ ਤਾਂ ਲੈਣੇ ਵੀ ਜਾਣਦਾ— ਕਿਉਂ ਤ੍ਰਿਲੋਕੀ ।

ਤ੍ਰਿਲੋਕੀ : ਹਾਂ ਸ਼ਾਹ ਜੀ ।

ਦੂਜਾ : ਪਰ ਸ਼ਾਹ ਜੀ ਗੇਜ ਥੁਹਾਨੂੰ ਘਰ ਨੀ ਮਿਲਣਾ ।

ਸ਼ਾਹ : ਪਰ ਸ਼ਾਹ ਕੋਈ ਕੱਚੀਆਂ ਗੋਲੀਆਂ ਨੀਂ ਖੇਲ੍ਹਿਆ ਹੋਇਆ ? ਮੈਂ ਐਂ ਨੀ ਲੁਕਣ ਦਿੰਦਾ । ਰੁਪਈਆ ਮੇਰਾ ਆਗਿਆ ਪੂਰਾ ਚਾਲੀ ਹਜਾਰ ਵਿਆਜ ਪਾਕੇ । ਫਜਲ ਦਾ ਇਕ ਦਾਣਾ ਨੀ ਗਿਆ ਦੁਕਾਨ ਤੇ । ਮੈਂ ਤਾਂ ਭਾਈ ਐਥੇ ਪੰਚੈਤ ਕੱਠੀ ਕਰੂੰ । ਜੇ ਫੇਰ ਵੀ ਨਾ ਸੁਣੀ ਤਾਂ ਮੈਂ ਚੜੂੰ ਕਚੈਰੀ—ਪਿੱਛਾ ਨੀ ਫੇਰ ਛੱਡਦਾ । ਐਂ ਤਾਂ ਹਰ ਕੋਈ ਸ਼ਾਹ ਦੇ ਪੈਸੇ ਮਾਰ ਲਵੇ ਗੂਠਾ ਲਾਕੇ ! ਜਦ ਘਰ ਆਊ, ਉਦੋਂ ਸਹੀ । ਕਿਤੇ ਬਾਹਰ ਗਿਆ ਹੋਇਆ ?

ਪਹਿਲਾ : ਬਾਹਰ ਨੀ, ਅੰਦਰ ਗਿਆ ਹੋਇਆ ।

ਸ਼ਾਹ : ਕੀ ਮਤਲਬ ?

ਪਹਿਲਾ : ਸ਼ਾਹ ਜੀ ਥੁਹਾਨੂੰ ਕਹਾਣੀ ਪਤਾ ਨੀ ?

ਸ਼ਾਹ : ਕਿਹੜੀ ਕਹਾਣੀ ?

ਪਹਿਲਾ : ਇਨ੍ਹਾਂ ਐਥੇ ਇਕ ਨਾਈਆਂ ਦੇ ਮੁੰਡੇ ਤੋਂ ਪੈਸੇ ਫੜੇ ਹੋਏ ਸੀ, ਕੁੜੀ ਦੇ ਵਿਆਹ ਤੇ । ਫੇਰ ਇਕ ਦਿਨ ਰਾਤ ਨੂੰ ਦਾਰੂ ਪੀਕੇ ਕੰਧ ਟੱਪਕੇ ਵੱਢਣ ਚਲਾ ਗਿਆ ।

ਸ਼ਾਹ : ਰਾਮ . ਰਾਮ...ਰਾਮ.. ਰਾਮ.. ਕੌਣ ਗੇਜ ?

ਦੂਜਾ : ਆਹੋ ਗੇਜ । ਉਹ ਤਾਂ ਮੁੰਡੇ ਦੀ ਕਿਸਮਤ ਅਗੋਂ ਚੰਗੀ ਸੀ ।

ਪਹਿਲਾ : ਜਾਂ ਐਦਾਂ ਕਹਿ ਲਓ ਉਹਦੀ ਵਧੀ ਹੋਈ ਸੀ, ਬੱਚ ਗਿਆ । ਗੇਜ ਨੇ ਤਾਂ ਕੋਈ ਕਸਰ ਨ੍ਹੀ ਛੱਡੀ ।

ਸ਼ਾਹ : ਕੀ ਹੋਇਆ ਸਰਦਾਰਾ ?

ਪਹਿਲਾ : ਜਦ ਤਲਵਾਰ ਮਾਰੀ ਉਹ ਗਰਦਨ ਤੇ ਨਾ ਲੱਗੀ ਛਾਤੀ ਤੇ ਬੱਜ ਗਈ । ਉਹ ਮੁੰਡਾ ਉੱਠ ਖੜਾ ਹੋ ਗਿਆ । ਹੱਥੋ ਪਾਈ ਹੋ ਗਏ । ਰੌਲੇ ਰੱਪੇ ਵਿੱਚ ਗੇਜ ਫੜ ਹੋ ਗਿਆ ।

ਸ਼ਾਹ : ਤਲਵਾਰ ਸੱਚੀਂ ਦੀ ਸੀ ਸਰਦਾਰੋ ?

ਪਹਿਲਾ : ਲੈ, ਨਵੀਂ ਖਰੀਦ ਕੇ ਲਿਆਇਆ ਸੀ ਐਸ ਕੰਮ ਲਈ ।

ਸ਼ਾਹ : ਬਹੁਤ ਮਾੜਾ ਹੋਇਆ । ਇੱਕ ਤਾਂ ਅਗਲਾ ਗਰਜ ਸਾਰੇ, ਦੂਜਾ ਇਹ ਹਸ਼ਰ ਕਰਾਵੇ । ਫੇਰ ਕੀ ਹੋਇਆ ?

ਦੂਜਾ : ਫੇਰ ਕੀ ਹੋਣਾ ਸੀ ਛਿੰਦਾ ਤਾਂ ਬਚ ਗਿਆ । ਗੇਜ ਨੂੰ ਸਜਾ ਹੋ ਗਈ । ਜਮੀਨ ਵੀ ਗਈ . ਬੰਦਾ ਵੀ ਸਜਾ ਖਾ ਗਿਆ ।

ਸ਼ਾਹ : ਬਾਕੀ ਜਮੀਨ ?

ਪਹਿਲਾ : ਸੱਤ ਕਿੱਲੇ ਤਾਂ ਸਾਰੇ ਆ —ਚਾਰ ਕਿੱਲੇ ਤਾਂ ਟਰੈਕਟਰ ਲੈਣ ਲਈ ਬੈਂਕ ਕੋਲ ਗਹਿਣੇ ਪਏ ਆ । ਪੰਜਵਾਂ ਛਿੰਦਾ ਲੈ ਗਿਆ । ਬਾਕੀ ਦੋ ਹੁਣ ਉੱਪਰ ਲੱਗ ਜਾਣੇ ਆ ।

ਸ਼ਾਹ : ਡੁੱਬ ਗਿਐ —ਓਇ ਤ੍ਰਿਲੋਕੀ ਡੁੱਬ ਗਿਐ ।

ਤ੍ਰਿਲੋਕੀ : ਕੀ ਡੁੱਬ ਗਿਆ ਸ਼ਾਹ ਜੀ ?

ਸ਼ਾਹ : ਸਮਝ ਲੈ ਪੁੱਤਰਾ—ਸੂਦ ਡੁੱਬ ਗਿਆ ।

ਤ੍ਰਿਲੋਕੀ : ਫੇਰ ਸ਼ਾਹ ਜੀ ਸੂਦ ਲਾਹ ਦਿਆਂ ?

ਸ਼ਾਹ : ਲਾਹੁਣਾ ਕਾਹਨੂੰ ਆ—ਰਕਮ ਕਾਹਨੂੰ ਛੋਟੀ ਕਰਨੀ ਆ । ਮੈਂ ਕਿਹਾ ਸਰਦਾਰੋ ਐਥੇ ਕਿਤੇ ਨੇੜੇ ਤੇੜੇ ਪਾਣੀ ਨ੍ਹੀ ਮਿਲੂਗਾ ?

ਦੂਜਾ : ਪਾਣੀ ਬੜਾ—ਔਹ ਨਲਕਾ ਲੱਗਾ ਹੋਇਆ ।

ਸਾਹ : ਓਇ ਤ੍ਰਿਲੋਕੀ ! ਜਾਹ ਥੈਲੇ ਚੋਂ ਗਿਲਾਸ ਕੱਢ ਤੇ ਪਾਣੀ ਭਰ ਲਿਆ ।

ਤ੍ਰਿਲੋਕੀ : ਗਿਲਾਸ ਤਾਂ ਹੈ ਨਹੀਂ ਸ਼ਾਹ ਜੀ ।

ਦੂਜਾ : ਅੱਛਾ ਮੈਂ ਲਿਆ ਦੇਨਾਂ ਘਰੋਂ । (ਜਾਂਦਾ ਹੈ)

ਸ਼ਾਹ : ਉਹਦਾ ਬਾਪ ਸੀ ਕਰਮ ਸਿੰਘ, ਉਹ ਤਾਂ ਹੈ ?

ਪਹਿਲਾ : ਹਾਂ ਜੀ ! ਉਹ ਤਾਂ ਹੈਗਾ ।

ਸ਼ਾਹ : ਓਇ ਤ੍ਰਿਲੋਕੀ, ਸਮਝ ਲੈ, ਸਾਮੀ ਤਾਂ ਤਰ ਗਈ । ਪਰ ਸੂਦ ਲਾਹਕੇ ।

ਪਹਿਲਾ : ਪਰ ਲੱਗਦਾ ਥੁਹਾਡੀ ਸਾਮੀ ਨਹੀਂ ਤਰਨੀ ।



ਸ਼ਾਹ : ਉਹ ਕਿਉਂ ਸਰਦਾਰਾ ?

ਪਹਿਲਾ : ਕਰਮ ਸਿੰਘ ਉਦਣ ਦਾ ਸਦਾਈ ਹੋ ਗਿਆ । ਦਿਮਾਗ 'ਚ ਫਰਕ ਪੈ ਗਿਆ ।

ਸ਼ਾਹ : ਉਹ ਕਾਹਨੂੰ, ਸਰਦਾਰ ਜੀ, ਸ਼ਦਾਈ ਤਾਂ ਹੋ ਗਿਆ ਮੈਂ—ਦਿਮਾਗ 'ਚ ਤਾਂ ਮੇਰੇ ਨੁਖਸ ਪੈ ਗਿਆ ।

ਸ਼ਾਹ : ਓਇ ਤ੍ਰਿਲੋਕੀ ।

ਤ੍ਰਿਲੋਕੀ : ਹਾਂ ਸ਼ਾਹ ਜੀ ।

ਸ਼ਾਹ : ਸਮਝ ਲੈ ਡੁੱਬ ਗਈ ।

ਤ੍ਰਿਲੋਕੀ : ਕੀ ਡੁੱਬ ਗਈ ?

ਸ਼ਾਹ : ਓਇ ਸਾਮੀ ਡੁੱਬ ਗਈ —ਸ਼ਾਹ ਦੀ ਕਿਸਮਤ ਡੁੱਬ ਗਈ ।

ਤ੍ਰਿਲੋਕੀ : ਫੇਰ ਚੱਲੀਏ ਸ਼ਾਹ ਜੀ ?

ਸ਼ਾਹ : ਕਿੱਥੇ ਨੂੰ ?

ਤ੍ਰਿਲੋਕੀ : ਆਪਣੇ ਘਰ ਨੂੰ, ਹੋਰ ਕਿੱਥੇ ਨੂੰ ?

ਸ਼ਾਹ : ਠਹਿਰ ਜਰਾ, ਸੋਚਦਾਂ ਕੁਛ...ਪਾਣੀ ਪੀ ਕੇ, (ਪਹਿਲਾ ਬੰਦਾ ਸ਼ਾਹ ਨੂੰ ਪਾਣੀ ਪਿਲਾਉਂਦਾ ਹੈ ।)

ਤ੍ਰਿਲੋਕੀ : ਬਾਪੂ ! ਤੂੰ ਕਹਿੰਦਾ ਸੀ ਪਿੰਡ ਜਾਕੇ ਦੁੱਧ ਪੀਵਾਂਗੇ ।

ਸ਼ਾਹ : ਮੇਰਾ ਦਿਲ ਫੇਲ੍ਹ ਹੋਣ ਨੂੰ ਫਿਰਦਾ, ਤੈਨੂੰ ਦੁੱਧ ਦੀ ਪਈ ਹੋਈ ਆ । ਅੱਛਾ ਸਰਦਾਰ ਜੀ ! ਐਂ ਦੱਸੋ ਉਹਦੀ ਫਸਲ ਤਾਂ ਘਰ ਹੈ ?

ਪਹਿਲਾ : ਫਸਲ ਤਾਂ ਉਹਦੇ ਜਵਾਈ ਨੇ ਵੇਚੀ ਸੀ । ਪਿੰਡ ਦੀ ਸੁਸਾਇਟੀ ਦਾ ਕਰਜਾ ਲਾਹਿਆ ਸੀ ।

ਸ਼ਾਹ : ਬਾਕੀ ਪੈਸੇ ਤਾਂ ਕੋਲ ਈ ਹੋਣੇ ਆਂ ?

ਪਹਿਲਾ : ਇਹ ਹੁਣ ਕੀ ਕਹਿ ਸਕਦੇ ਹਾਂ – ? ਰੱਬ ਜਾਣਦਾ ।

ਸ਼ਾਹ : ਟਰੈਕਟਰ ਲਿਆ ਸੀ, ਉਹ ਕਿੱਥੇ ਆ ?

ਪਹਿਲਾ : ਸੁਣਦੇ ਆਂ, ਟਰੈਕਟਰ ਫੜਨ ਲਈ ਬੈਂਕ ਆਲੇ ਫਿਰਦੇ ਸੀ ।

ਸ਼ਾਹ : ਪਰ ਉਹਦੇ ਟੈਰ ਪਾਉਣ ਲਈ ਪੈਸੇ ਤਾਂ ਮੈਥੋਂ ਲਿਆਇਆ ਸੀ । ਦੇਖਿਓ ਬੈਂਕ ਵਾਲਿਉ, ਕਿਤੇ ਤੁਸੀਂ ਵੀ ਨਾ ਲੁੱਟ ਲਿਉ ਸ਼ਾਹ ਨੂੰ, ਟੈਰ ਪੁਆ ਕੇ ।

ਪਹਿਲਾ : ਤੁਸੀਂ ਸ਼ਾਹ ਜੀ, ਜਦ ਪਿੰਡ ਆ ਹੀ ਗਏ, ਔਹ ਸਾਹਮਣੇ ਡੇਕ ਆਲਾ ਘਰ ਆ । ਜਾ ਆਉ, ਸ਼ਾਇਦ ਥੋੜ੍ਹਾ ਬਹੁਤਾ ਮਿਲ ਹੀ ਜਾਏ ।

ਸ਼ਾਹ : ਲੈ ਸਰਦਾਰਾ ! ਤੇਰੀ ਇਸ ਗੱਲ ਨੇ ਦਿਲ ਖੜਾ ਕਰ ਦਿੱਤਾ । ਗੱਲ ਤੇਰੀ ਠੀਕ ਆ, ਜਾ ਆਉਨੇ ਆਂ, ਜਾਣ 'ਚ ਕੋਈ ਬਿਗਾੜ ਨ੍ਹੀ—ਰੱਬ ਦਾ ਨਾਂ ਲੈਕੇ ।

ਤ੍ਰਿਲੋਕੀ : ਚੱਲੀਏ ਸ਼ਾਹ ਜੀ, ਜੁੱਤੀ ਪਾਕੇ ।

ਸ਼ਾਹ : ਆਹੋ ਚੱਲ ।

[ਸ਼ਾਹ ਤੇ ਤ੍ਰਿਲੋਕੀ ਜਾਂਦੇ ਹਨ]

ਪਹਿਲਾ : ਬਹੁਤੀ ਨੂੰ ਪਿਆ ਹੋਇਐ। ਥੋੜੀ ਤੋਂ ਵੀ ਜਾਂਦਾ ਲੱਗਾ।

ਦੂਜਾ : ਟਰੈਕਟਰ ਬਣਾ ਲਿਆ। ਚਲੋ ਕਰਜੇ 'ਤੇ ਹੀ ਸਹੀ। ਪਰ 'ਕੱਲੇ ਟਰੈਕਟਰ ਨਾਲ ਤਾਂ ਨਹੀਂ ਸਰਦਾ। ਛੱਤੀ ਸੰਦ ਬਣਾਉਣੇ ਪੈਂਦੇ ਆ। ਰੋਜ ਕਿਹਤੋਂ ਮੰਗੇ। ਜੇ ਘਰ ਦੇ ਸੰਦ ਨਾ ਬਣਾਉਂਦਾ ਤਾਂ ਕੀ ਕਰਦਾ ?

ਪਹਿਲਾ : ਕੁੜੀ ਦੇ ਵਿਆਹ ਤੇ ਜਿਆਦਾ ਥੱਲੇ ਲੱਗਾ। ਕਰਜਾ ਚੁੱਕ ਕੇ ਵਿਆਹ ਕਰਨ ਦੀ ਕੀ ਲੋੜ ਸੀ।

ਦੂਜਾ : ਹੋਰ ਫੇਰ ਕਰਦਾ ਵੀ ਕੀ ? ਕੁੜੀ ਘਰ ਬਿਠਾ ਲੈਂਦਾ? ਖੇਤੀ 'ਚੋਂ ਨਿਕਲਦਾ ਵੀ ਕੀ ਏ ? ਬੱਸ ਖੂਹ ਦੀ ਮਿੱਟੀ ਖੂਹ ਨੂੰ। ਥੋੜ੍ਹੀ ਖੇਤੀ ਤਾਂ ਜਿਮੀਦਾਰ ਨੂੰ ਖਾਂਦੀ ਆ। ਪਰ ਕੀਤਾ ਵੀ ਕੀ ਜਾਵੇ ? ਜੱਟ ਜੇ ਖੇਤੀ ਨਾ ਕਰੇ ਤਾਂ ਹੋਰ ਕੀ ਕਰੇ ? ਉੱਖਲੀ 'ਚ ਸਿਰ ਦਿੱਤਾ ਹੋਇਆ ਸੱਟਾਂ ਚਾਰ ਵੱਧ ਕੀ, ਚਾਰ ਘੱਟ ਕੀ ?

[ਸ਼ਾਹ ਤੇ ਤ੍ਰਿਲੋਕੀ ਦੌੜਦੇ ਹੋਏ ਆਉਂਦੇ ਹਨ।]

ਸਾਹ : ਬਚਾਉ—ਬਚਾਉ—ਸਰਦਾਰੋ ਦੇਖਦੇ ਓਂ ? ਇਹ ਕਲਯੁੱਗ ਨਹੀਂ ਤਾਂ ਹੋਰ ਕੀ ਆ ? ਪਹਿਲਾਂ ਪੱਲਿਓਂ ਪੈਸੇ ਦਿਓ—ਫੇਰ ਪੈਸੇ ਉਗਰਾਹੁਣ ਲਈ ਦਰ ਦਰ ਧੱਕੇ ਖਾਂਦੇ ਫਿਰੋ। ਇਹਨਾਂ ਤੋਂ ਹੀ ਬੁਰੇ ਭਲੇ ਕਹਾਉ।

[ਕਰਮ ਸਿੰਘ ਹੱਥ ਵਿਚ ਡਾਂਗ ਫੜੀ ਆਉਂਦਾ ਹੈ]

ਤ੍ਰਿਲੋਕੀ : ਬਾਪੂ ! ਇਹ ਤਾਂ ਮਗਰ ਈ ਆ ਗਿਆ।

ਸ਼ਾਹ : ਓਇ ! ਤੂੰ ਚੱਲ ਘਰ ਨੂੰ ਬਹੀ ਸੰਭਾਲ ਕੇ।

[ਤ੍ਰਿਲੋਕੀ ਡਰਦਾ ਡਰਦਾ ਚਲਾਜਾਦਾ ਹੈ ਪਹਿਲਾ ਬੰਦਾ ਕਰਮ ਸਿੰਘ ਨੂੰ ਜੱਫੀ ਪਾਕੇ ਰੋਕ ਲੈਂਦਾ ਹੈ।]

ਕਰਮ : ਆ, ਆ ਉਰੇ ਤੈਨੂੰ ਮੈਂ ਦੇਨਾਂ ਜਮੀਨ। ਮੈਂ ਤਾਂ ਇਕ ਇੰਚ ਵੀ ਜਮੀਨ ਨ੍ਹੀ ਦੇਣੀ। ਸਾਨੂੰ ਕੀ ਮਿਲਿਆ ? ਸਾਰਾ ਦਿਨ ਖੇਤ 'ਚ ਕੂਆ ਮਰਾਉਨੇ ਆਂ— ਕਰਜਾ ਫੇਰ ਸਾਡੇ ਸਿਰ। ਮੈਂ ਜਮੀਨ ਨਹੀਓਂ ਦੇਣੀ।

ਸ਼ਾਹ : ਓਇ ਲੋਕੋ ਜੱਟ ਪਾਗਲ ਨ੍ਹੀ ਹੋਇਆ। ਮਚਲਾ ਹੋ ਗਿਆ ਲੱਗਦਾ। ਇਹਨੇ ਤਾਂ ਡਾਂਗ ਚੁੱਕ ਕੇ ਕਹਿ ਤਾ, ਮੈਂ ਪੈਸੇ ਨ੍ਹੀ ਦੇਣੇ। ਹੁਣ ਅਸੀਂ ਸੂਦ ਦੀ ਥਾਂ ਡਾਂਗਾਂ ਖਾਈਏ ? ਇਹ ਤਾਂ ਖੂਨ ਕਰਨਾ ਗਿੱਝ ਗਏ ਆਂ।

ਕਰਮ : ਮੈਂ ਜਮੀਨ ਨਹੀਂ ਦੇਣੀ। ਮੈਂ ਸਵੇਰੇ ਸਾਜਰੇ ਖੂਹ ਜੋੜਨਾ। ਇਹ ਮੈਨੂੰ ਕਹਿੰਦਾ ਖੂਹ 'ਚ ਪਾਣੀ ਹੈਨੀ। ਖੂਹ ਪੂਰ ਦੇ। ਖੂਹ ਪੂਰਨਾ ਤਾਂ ਪਾਪ ਹੁੰਦਾ।

ਸ਼ਾਹ : ਤੂੰ ਪਾਪ ਕਾਹਨੂੰ ਕਰਨਾ। ਪੈਸੇ ਮਾਰਨੇ ਤਾਂ ਪੁੰਨ ਹੁੰਦਾ।

ਕਰਮ : ਨਾ ਭਰਾਵਾ, ਮੈਂ ਨਹੀਂ ਕਿਸੇ ਨੂੰ ਮਾਰਿਆ —ਮੈਨੂੰ ਬੇਸ਼ੱਕ ਕਸਮ ਖੁਆ ਲਉ।



ਮੈਂ ਗਊ ਦੀ ਪੂਛ ਨੂੰ ਹੱਥ ਲਾਕੇ ਕਹਿਨਾਂ। ਮੈਂ ਤਾਂ ਦੇਖ ਲਉ, ਐਥੇ ਹਲ ਵਾਹੁੰਨਾ। ਮੈਨੂੰ ਕੁਛ ਨੀ ਪਤਾ ਜੀ।

ਪਹਿਲਾ : ਕਰਮ ਸਿਆਂ, ਇਹ ਸੇਠ ਹੁਰੀਂ ਤਾਂ ਪੈਸੇ ਲੈਣ ਆਏ ਆ।

ਕਰਮ : ਮੈਂ ਖੂਨ ਨ੍ਹੀ ਕੀਤਾ—ਫੜਿਓ ਲੋਕੋ—ਚੋਰ ਮੇਰੀ ਜਮੀਨ ਲੈ ਚੱਲੇ। ਤੂੰ ਨੱਠ ਜਾ ਓਇ ਗੇਜ—ਪੁਲਸ ਆ ਗਈ ਮੈਂ ਵੀ ਲੁੱਕਣ ਲੱਗਾਂ। (ਹੱਥ ਛਡਾ ਕੇ ਦੌੜ ਜਾਂਦਾ ਹੈ)

ਪਹਿਲਾ : ਥਹਾਨੂੰ ਸ਼ਾਹ ਜੀ ਪਾਣੀ ਹੋਰ ਪਿਲਾਈਏ ?

ਸ਼ਾਹ : ਪਾਣੀ ਹੁਣ ਕਿੱਥੇ ਲੰਘਦਾ ? ਤੁਸੀਂ ਮੈਨੂੰ ਸ਼ਹਿਰ ਦੇ ਰਸਤੇ ਪਾ ਆਉ। ਨਾਲੇ ਖਿਆਲ ਰਖਿਉ, ਕਿਤੇ ਫੇਰ ਨਾ ਮਗਰੇ ਕਰਮ ਸਿੰਘ ਆ ਜਾਏ। [ਤਿੰਨੇ ਬਾਹਰ ਜਾਂਦੇ ਹਨ।]

—ਹਨੇਰਾ—

# ਊਠਾਂ ਵਰਗੇ ਆਦਮੀ

(ਕਾਵਿ-ਨਾਟਕ)

## ਅਜਾਇਬ ਕਮਲ

ਅਜਾਇਬ ਕਮਲ ਪਰਵਾਸੀ ਲੇਖਕ ਹੈ। ਉਸ ਦੀ ਪੰਜਾਬੀ ਕਾਵਿ-ਨਾਟਕ ਨੂੰ ਵੱਡੀ ਦੇਣ ਹੈ। ਹੱਥਲਾ ਨਾਟਕ ਪਰਵਾਸੀ ਚੇਤਨਾ ਦਾ ਨਹੀਂ, ਸਾਡੀ ਆਪਣੀ ਸੰਵੇਦਨਾ ਦਾ ਜ਼ਿਕਰ ਛੇੜ ਰਿਹਾ ਹੈ। ਇਸੇ ਲਈ ਅਸੀਂ ਇਸ ਨੂੰ ਕਮਲ ਦੀ ਪੁਸਤਕ 'ਸੂਤਰਧਾਰ ਬੋਲਦਾ ਹੈ' ਵਿਚੋਂ ਪੁਨਰ-ਪ੍ਰਕਾਸ਼ਿਤ ਕਰ ਰਹੇ ਹਾਂ।

**ਪਾਤਰ :**

ਮੈਨਾ ਤੇ ਮੋਤੀ

[ਪਰਦਾ ਉੱਠਦੇ ਮੈਨਾ ਮੰਚ ਤੇ ਸਪਾਟ ਲਾਈਟ 'ਚ ਬੈਠੀ ਲੋਕ ਗੀਤਾਂ ਦੀ ਕਿਤਾਬ ਪੜ੍ਹ ਰਹੀ ਹੈ। ਜੋ ਕੁਝ ਉਹ ਪੁਸਤਕ 'ਚ ਪੜ੍ਹ ਰਹੀ ਹੈ ਪਿੱਠ ਭੂਮੀ ਤੋਂ ਟੇਪ ਰਿਕਾਰਡਰ ਟਿਕ-ਟਿਕ ਕੇ ਉੱਚੀ-ਉੱਚੀ ਭਾਰੀ ਆਵਾਜ਼ ਵਿਚ ਪੜ੍ਹਦਾ ਹੈ (ਗਾਉਣਾ ਨਹੀਂ)]

ਆਵਾਜ਼ : ਜਿਹੜਾ ਡੰਡੀਆਂ ਹਿੱਲਣ ਨਾ ਦੇਵੇ ਬੋਤਾ ਲਿਆਈਂ ਉਹ ਮਿੱਤਰਾ
ਆਹ ਲੈ ਡੰਡੀਆਂ ਜੇਬ ਵਿਚ ਪਾ ਲੈ ਬੋਤੇ ਉੱਤੇ ਕੰਨ ਦੁਖਦੇ
ਗੱਲਾਂ ਕਰਦੀ ਭਜਾ ਲਿਆ ਬੋਤਾ ਚੰਨਾ ਤੇਰਾ ਧੰਨ ਜਿਗਰਾ
ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ ਸੋਨੇ ਦੇ ਤਵੀਤ ਵਾਲਿਆ
ਪਾਣੀ ਪੀ ਗਿਆ ਸੱਜਣ ਦਾ ਬੋਤਾ ਕੱਢਦੀ ਦੇ ਹੱਥ ਥੱਕ ਗਏ
ਕਾਹਨੂੰ ਪਾਲਿਆ ਕੁਲੱਛਣਾ ਬੋਤਾ ਚੜ੍ਹਦੀ ਦੇ ਵੱਢੇ ਦੰਦੀਆਂ
ਬੋਤਾ ਛੱਡ ਦੇ ਜੰਗਲ ਵਿਚ ਚੁਗਣਾ ਆਪਾਂ ਦੋਵੇਂ ਤਾਸ਼ ਖੇਲੀਏ
ਬੋਤਾ ਛੱਡ ਦੇ ਜੰਗਲ ਵਿਚ ਚੁਗਣਾ ਆਪਾਂ ਦੋਵੇਂ ਤਾਸ਼ ਖੇਲੀਏ
[ਪੁਸਤਕ ਰੱਖਕੇ ਸਟੂਲ ਤੋਂ ਉੱਠਕੇ ਮੰਚ ਤੇ ਹੌਲੀ-ਹੌਲੀ ਘੁੰਮਦੀ ਹੈ ਜਿਵੇਂ ਸੁਪਨੇ 'ਚ ਘੁੰਮ ਰਹੀ ਹੋਵੇ, ਜਿਵੇਂ ਕਿਸੇ ਆਦਮੀ ਨਾਲ ਸੰਵਾਦ ਕਰ ਰਹੀ ਹੋਵੇ]

ਮੈਨਾ : ਬੋਤਾ ਚੁਗਣਾ ਛੱਡ ਕੇ ਤਾਸ਼ ਤਾਂ ਮੈਂ ਵੀ ਖੇਡਣਾ ਚਾਹੁੰਦੀ ਹਾਂ
ਪਰ ਅੱਜ ਦੇ ਯੁੱਗ 'ਚ ਤਾਂ ਜ਼ਿੰਦਗੀ ਜਿਹਲ ਹੈ
ਅੱਜ ਦੇ ਸਮੇਂ 'ਚ ਤਾਸ਼ ਖੇਡਣ ਦੀ ਕਿਸ ਮਰਜੀਊੜੇ ਕੋਲ ਵਿਹਲ ਹੈ
ਹਰ ਕੋਈ ਪ੍ਰਸ਼ਨਾਂ ਦੀ ਧੂੜ ਹੇਠ ਕੱਜਿਆ ਪਿਆ ਹੈ
ਹਰ ਕੋਈ ਸਮੱਸਿਆਵਾਂ ਦੀ ਰੇਤ ਹੇਠ ਗਲ ਗਲ ਤੀਕ ਦੱਬਿਆ ਪਿਆ ਹੈ



ਪ੍ਰੇਤਾਂ ਵਾਂਗ ਲੋਕ ਸਮੱਸਿਆਵਾਂ ਤੋਂ ਡਰੇ ਹੋਏ ਲੱਗਦੇ ਨੇ
ਸਿਰਫ ਕਿਤਾਬਾਂ 'ਚ ਹੀ ਸਾਹ ਲੈਂਦੇ ਦਿਸਦੇ
ਆਮ ਜੀਵਨ ਚੋਂ ਤਾਂ ਲੋਕ ਮਰੇ ਹੋਏ ਲੱਗਦੇ ਨੇ

ਆਵਾਜ਼ : ਬੋਤਾ ਛੱਡ ਦੇ ਜੰਗਲ ਵਿਚ ਚੁਗਣਾ ਆਪਾਂ ਦੋਵੇਂ ਤਾਸ਼ ਖੇਡੀਏ

ਮੈਨਾ : ਖਿਆਲ ਤਾਂ ਸੋਹਣਾ ਹੈ ਸਵਾਦਲਾ ਤੇ ਪਿਆਰਾ ਹੈ
ਬੜਾ ਰੁਮੈਂਟਿਕ ਤੇ ਕਰਾਰਾ ਹੈ
ਪਰ ਏਸ ਉਹਲੇ ਨੂੰ ਮਸਲੇ 'ਚ ਕਿਵੇਂ ਉਲਥਾਇਆ ਜਾਵੇ
ਏਸ ਸੁਪਨੇ ਨੂੰ ਹਕੀਕਤ 'ਚ ਕਿਵੇਂ ਬਦਲਾਇਆ ਜਾਵੇ
ਕਿੰਨਾ ਇਕਲਾਪਾ ਹੈ! ਕਿੰਨੀ ਬੋਰਡਮ ਹੈ!
ਸਾਹ, ਸੂਤ ਦੀ ਅੱਟੀ ਵਾਂਗ ਉਲਝੇ ਪਏ ਨੇ
ਜ਼ਿੰਦਗੀ ਬੇਦਮ ਹੈ, ਬੇਬਸ ਹੈ
ਮੈਂ ਚਾਹੁੰਦੀ ਹਾਂ ਇਹ ਯੁੱਗ ਕੋਈ ਅਜੇਹਾ ਜਾਦੂ ਜਣੇ
ਜੀਵਨ ਲੋਕ ਗੀਤਾਂ ਵਰਗਾ ਸਹਿਜ ਤੇ ਸਰਲ ਬਣੇ

ਆਵਾਜ਼ : ਬੋਤਾ ਛੱਡ ਦੇ ਜੰਗਲ ਵਿਚ ਚੁਗਣਾ ਆਪਾਂ ਦੋਵੇਂ ਤਾਸ਼ ਖੇਡੀਏ

ਮੈਨਾ : ਤਾਸ਼ ਖੇਡਣ ਨੂੰ ਤਾਂ ਮੇਰਾ ਵੀ ਜੀ ਕਰਦਾ
ਪਰ ਇੱਥੇ ਨਾ ਤਾਸ਼ ਹੈ ਨਾ ਤਾਸ਼ ਖੇਡਣ ਵਾਲਾ
ਕੀ ਕੀਤਾ ਜਾਵੇ! ਸੁਪਨੇ ਹੀ ਜਮਦੂਤ ਬਣ ਗਏ ਲਗਦੇ
ਤਾਸ਼ ਖੇਡਣ ਵਾਲੇ ਹੀ ਬੋਤੇ ਤੇ ਊਠ ਬਣ ਗਏ ਲਗਦੇ
ਭਾਰ ਢੋਣ ਵਾਲੀ ਜ਼ਿੰਦਗੀ ਊਠਾਂ ਵਰਗੇ ਆਦਮੀ
ਹਾਂ ..ਹਾਂ.. ਹਾਂ, ਹੀ . ਹੀ ਹੀ
(ਉੱਚੀ-ਉੱਚੀ ਹੱਸਦੀ ਹੈ। ਫੇਰ ਸੰਜੀਦਾ ਹੋ ਕੇ)
ਹਾਂ ਉਹ ਵੀ ਊਠ ਵਰਗਾ ਹੀ ਸੀ
ਇਹੋ ਕਾਰਨ ਹੈ ਅੱਜ ਫੇਰ ਊਠ ਚੇਤੇ ਆ ਗਿਆ
ਅੱਜ ਫੇਰ ਊਠ ਸਿਮ੍ਰਤੀ ਤੇ ਛਾ ਗਿਆ
ਮੈਂ ਕਿੰਨੀ ਕੱਲੀ-ਕਾਰੀ ਹਾਂ ਮੈਂ ਕਿੰਨੀ ਕਿਸਮਤ ਮਾਰੀ ਹਾਂ
ਘਰ ਵੀ ਖਾਲੀ ਦਫਤਰ ਵੀ ਖਾਲੀ ਸੋਫਾ ਵੀ ਖਾਲੀ ਬਿਸਤਰ ਵੀ ਖਾਲੀ
ਔਰਤ ਬਗੈਰ ਕਾਹਦਾ ਆਦਮੀ ਹੈ! ਆਦਮੀ ਬਗੈਰ ਔਰਤ ਕਾਹਦੀ ਹੈ
ਉਹ ਆਦਮੀ ਹੋਵੇ ਤਾਂ ਏਥੇ ਹੋਵੇ, ਉਹ ਤਾਂ ਭਰਮ ਹੈ ਭਰਮ
ਸੁਪਨੇ ਵਿਚਲਾ ਵਹਿਮ ਹੈ ਵਹਿਮ ਉਹ ਤਾਂ ਛਲਾਵੇ ਵਰਗਾ ਊਠ ਹੈ
ਜੋ ਖਲਾਈ-ਝੱਲ 'ਚ ਆਮੁਹਾਰ ਦੌੜਾ ਫਿਰਦਾ
ਜੋ ਰੇਤਲੇ-ਥਲ 'ਚ ਬੇ ਮੁਹਾਰ ਦੌੜਾ ਫਿਰਦਾ

ਆਵਾਜ਼ : ਤੇਰੀ ਭਾਗ ਭਰੀ ਜਸਵੰਤੋ ਬੱਤੇ ਤੋਂ ਕਿਵੇਂ ਡਿੱਗ ਪਈ

ਮੌਨਾ : ਹੂੰ ..ਜ਼ਿੰਦਗੀ 'ਚ ਹਰ ਵਾਰ ਇਹ ਪੀਂਘ ਇਵੇਂ ਹੀ ਕਿਉਂ ਹਿੱਲਦੀ ਹੈ
ਜਸਵੰਤਾ ਨਹੀਂ ਹਰ ਵਾਰ ਵਿਚਾਰੀ ਜਸਵੰਤੋ ਹੀ ਖੱਤੇ ਤੋਂ ਕਿਉਂ ਡਿੱਗਦੀ ਹੈ ?
ਉਦੀ ਮਾਂ ਮੇਰੇ ਹੱਡ ਵੀ ਬੱਤੇ ਤੋਂ ਡਿੱਗ ਕੇ ਕੂੜਾ ਹੋ ਗਏ
ਚੂਰਾ ਹੋ ਗਏ ਧੂੜਾ ਹੋ ਗਏ ਸੁਹੇੜਾ ਹੋ ਗਏ

[ਬੋਲਦੀ-ਬੋਲਦੀ ਬੇਹੋਸ਼ਾਂ ਵਾਂਗ ਧੜੰਮ ਕਰਕੇ ਮੰਚ ਤੇ ਡਿੱਗ ਪੈਂਦੀ ਹੈ। ਜਾਗੋ ਮੀਟੀ ਦੀ ਬੇਹੋਸ਼ੀ ਵਰਗੀ ਹਾਲਤ 'ਚ ਉਸਨੂੰ ਲੱਗਦਾ ਹੈ ਕਿ ਉਹ ਪਸ਼ੂ ਮੰਡੀ 'ਚ ਖਲੋਤੀ ਹੈ ਅਤੇ ਗਾਈਆਂ ਮੱਝਾਂ ਵਾਂਗ ਉਹ ਵੀ ਵਿਕਰੀ ਤੇ ਲੱਗੀ ਹੋਈ ਹੈ। ਵਿਉਪਾਰੀ ਆਉਂਦੇ ਗਾਈਆਂ ਮੱਝਾਂ ਵਾਂਗ ਉਸਦੇ ਵੀ ਦੰਦ ਦੇਖਦੇ ਨੇ। ਕੋਈ ਆਖਦਾ ਹੈ ਦੋਂਦੀ ਹੈ, ਕੋਈ ਆਖਦਾ ਚੋਗੀ ਹੈ। ਕੋਈ ਆਖਦਾ ਛਿੱਗੀ ਹੈ। ਕੋਈ ਆਖਦਾ . ਨਹੀਂ, ਇਹ ਤਾ ਬੁੱਢੀ ਹੈ। ਕੋਈ ਆਖਦਾ : ਯਾਰ ! ਇਹ ਕਿਹੜੀ ਨਸਲ ਦੀ ਹੈ ? ਕੁਝ ਤਿਰਛੀ ਨਜ਼ਰ ਨਾਲ ਉਸ ਦੀਆਂ ਹਿੱਕਾਂ ਟੋਹੰਦੇ ਨੇ। ਕੁਝ ਪਿੱਠ, ਪੜਿਆਂ ਤੇ ਪਿੰਡਲੀਆਂ ਤੇ ਹੱਥ ਮਾਰ ਕੇ ਦੇਖਦੇ ਨੇ। ਕੋਈ ਕਿੰਨੇ ਪੈਸੇ ਕਹਿੰਦਾ ਹੈ, ਕੋਈ ਕਿੰਨੇ, ਕੋਈ ਨੱਕ ਬੁਲ੍ਹ ਅਟੇਰਦਾ ਬਿਲਕੁੱਲ ਹੀ ਉਸ ਨੂੰ ਨਾ ਪਸੰਦ ਕਰਕੇ ਅੱਗੇ ਚਲਾ ਜਾਂਦਾ ਹੈ। ਮੌਨਾ ਨੂੰ ਲੱਗਦਾ : ਮੰਡੀ ਦੀਆਂ ਸਾਰੀਆਂ ਗਾਈਆਂ ਮੱਝਾਂ ਵਿਕ ਗਈਆਂ ਨੇ ਤੇ ਉਹ ਕੱਲੀ ਅਣ ਵਿਕੀ ਰਹਿ ਗਈ ਹੈ। ਪਸ਼ੂ ਮੰਡੀ ਦੇ ਏਸ ਦ੍ਰਿਸ਼ ਦਾ ਮੌਨਾ ਦੁਆਰਾ ਜਾਂ ਹੋਰ ਔਰਤ ਪਾਤਰ ਰਾਹੀਂ ਨਾਟਕੀਕਰਨ ਕੀਤਾ ਜਾਣਾ ਚਾਹੀਦਾ ਹੈ। ਆਪਣੇ ਆਪ ਨੂੰ ਇਕੱਲੀ ਪਈ ਦੇਖ ਕੇ, ਹਾਨੀ ਹੋਣ ਵਾਂਗ ਘਬਰਾ ਕੇ]

ਮੇਰੇ ਨਾਲ ਦੀਓ ਗਾਈਓ ਮੱਝੋ ! ਤੁਸੀਂ ਕਿੱਥੇ ਚਲੀਆਂ ਗਈਆਂ ਹੋ ?
ਕਿਸ ਦੇ ਰੱਸੇ 'ਚ ਵਲੀਆਂ ਗਈਆਂ ਹੋ ?
ਕਿਸ ਦੇ ਖੁੰਡ ਨਾਲ ਜਾ ਬੱਝੀਆਂ ਹੋ ? ਕਿਸ ਦੀ ਹਵੇਲੀ 'ਚ ਜਾ ਖਲੀਆਂ ਹੋ ?
ਥੁਆਡੇ ਲਈ ਹਵੇਲੀ 'ਚ ਗੱਡਿਆ ਖੁੰਡ ਹੀ ਸਵਰਗੀ ਬੂਟਾ ਹੈ
ਥੁਆਡੇ ਲਈ ਏਸ ਦੀ ਪਰਦਖਣਾ ਕਰਨੀ ਹੀ ਸਵਰਗੀ ਝੂਟਾ ਹੈ
ਠੀਕ ਹੈ ਪੁਸ਼ਤਾਂ ਦਾ ਦਾਸਪੁਣਾ ਸਾਡੇ ਹੱਡਾਂ 'ਚ ਡੂੰਘੇ ਘੁਰਨਾ ਬਣਾ ਗਿਆ ਲੱਗਦਾ
ਇਹ ਸਾਡੀ ਲਹੂ-ਧਾਰਾ 'ਚ ਉਤਰ ਚੁੱਕਾ ਸਾਡੇ ਸਾਹਾਂ 'ਚ ਡੂੰਘਾ ਸਮਾ ਗਿਆ ਲੱਗਦਾ
ਠੀਕ ਹੈ ਸਾਡਾ ਕੰਮ ਹਰ ਜਬਰ ਸਾਹਵੇਂ ਝੁਕਣਾ ਹੀ ਰਹਿ ਗਿਆ
ਸੁਤੰਤਰ ਰੂਹਾਂ ਵਾਂਗ ਜੀਊਣਾ ਨਹੀਂ ਪਸ਼ੂਆਂ ਵਾਂਗ ਵਿਕਣਾ ਹੀ ਰਹਿ ਗਿਆ

[ਜਿਵੇਂ ਨੀਂਦ 'ਚੋਂ ਜਾਗੀ ਹੋਵੇ। ਛੇਤੀ ਦੇਣੀ ਘਬਰਾਈ ਹੋਈ ਉੱਠ ਕੇ, ਬਿਫ਼ਰ ਕੇ :]

ਨਹੀਂ ਨਹੀਂ ਮੇਰਾ ਕੋਈ ਮੁੱਲ ਨਹੀਂ ਪਾ ਸਕਦਾ
ਗਾਂ, ਭੇਡ, ਬੱਕਰੀ ਵਾਂਗ ਮੇਰਾ ਮੁੱਲ ਪਾ
ਮੈਨੂੰ ਖਰੀਦ ਰੱਸਾ ਪਕੜ ਕੇ ਕੋਈ ਨਹੀਂ ਲੈ ਜਾ ਸਕਦਾ



ਮੈਂ ਔਰਤ ਹਾਂ ਔਰਤ ਮੈਂ ਧਰਤੀ ਹਾਂ ਧਰਤੀ
ਮੈਂ ਆਦਮੀ ਦੀ ਹਰ ਇੱਛਾ ਪੂਰਤੀ ਹਾਂ, ਜ਼ਰੂਰਤ ਹਾਂ...ਜ਼ਰੂਰਤ
ਮੈਂ ਰਜਨੀ ਵੀ ਹਾਂ ਦੁਰਗਾ ਤੇ ਕਾਲੀ ਵੀ ਹਾਂ
ਮੈਂ ਸ਼ਾਂਤ ਤੇ ਅਹਿੱਲ ਸਰੋਵਰ ਵੀ ਹਾਂ ਸ਼ੂਕਦੇ ਬਿਫ਼ਰੇ ਦਰਿਆ ਦਾ ਪਾਣੀ ਵੀ ਹਾਂ
ਨਹੀਂ ਨਹੀਂ, ਮੈਂ ਐਸੀ ਵਸਤੂ ਨਹੀਂ, ਨਹੀਂ ਨਹੀਂ
ਮੈਂ ਮੰਡੀ 'ਚ ਘਾਹ ਵਾਂਗ ਵਿਕਣ ਵਾਲੀ ਵਸਤੂ ਨਹੀਂ, ਮੈਂ ਔਰਤ ਹਾਂ, ਔਰਤ
ਮੈਂ ਦੁਨੀਆਂ ਦੀ ਇੱਛਾ ਪੂਰਤੀ, ਜ਼ਰੂਰਤ ਹਾਂ, ਜ਼ਰੂਰਤ

[ਲੋਕ ਗੀਤਾਂ ਵਾਲੀ ਕਿਤਾਬ ਖੋਲ੍ਹ ਕੇ ਫੇਰ ਪੜ੍ਹਦੀ ਹੈ। ਇਹ ਬੋਲੀ ਵੀ ਪਿੱਠ ਭੂਮੀ 'ਚੋਂ ਬਹੁਤ ਭਾਰੀ ਆਵਾਜ਼ ਵਿਚ ਟਿਕਾ ਟਿਕਾ ਕੇ ਪਾਈ ਜਾਵੇ :]

ਟਾਂਡਾ ਟਾਂਡਾ ਟਾਂਡਾ ਬੰਤੋ ਦੇ ਮਿੱਤਰਾਂ ਨੇ ਬੋਤਾ ਬੀਕਾਨੇਰ ਤੋਂ ਆਂਦਾ
ਬੋਤੇ ਤੇ ਚੜ੍ਹੀ ਬੰਤੋ ਬੋਤਾ ਰੇਲ ਦੇ ਬਰੋਬਰ ਜਾਂਦਾ
ਬੰਤੋ ਦੇ ਬਾਪੂ ਨੇ ਬੰਤੋ ਦੀ ਗੱਲ ਸਹਾਰੀ
ਸਿਰ ਤੋਂ ਪੱਗ ਲਾਹ ਕੇ ਚੁੱਕ ਕੇ ਪਜੇ ਵਿਚ ਮਾਰੀ
ਘੜਾ ਨਾ ਚੁਕਾਇਓ ਮਿੱਤਰੋ ! ਕੰਮੀ ਮੁੰਡੇ ਨਾਲ ਇਸਦੀ ਯਾਰੀ
ਘੜਾ ਨਾ ਚੁਕਾਇਓ ਮਿੱਤਰੋ ! ਕੰਮੀ ਮੁੰਡੇ ਨਾਲ ਇਸਦੀ ਯਾਰੀ

ਮੌਨਾ : ਯਾਰੀ ਹੂੰਹ ..ਹੂੰਹ . ਹੂੰਹ
[ਘਿਰਨਾ ਨਾਲ ਕਚੀਚੀ ਜਹੀ ਵੱਟ ਕੇ]
ਇੱਥੇ ਕੰਮੀ ਨਾਲ ਜਿਸ ਕੁੜੀ ਦੀ ਯਾਰੀ ਹੋਵੇ ਉਸ ਨੂੰ ਬੁਲਾਇਆ ਨਹੀਂ ਜਾਂਦਾ
ਉਸਨੂੰ ਪਾਣੀ ਦਾ ਭਰਿਆ ਘੜਾ ਵੀ ਚੁਕਾਇਆ ਨਹੀਂ ਜਾਂਦਾ
ਉਸ ਨੂੰ ਕੋਲ ਬਠਾਇਆ ਵੀ ਨਹੀਂ ਜਾਂਦਾ
ਅਜੇਹਾ ਕਰਨ ਨਾਲ ਕਰਮੀਆਂ ਧਰਮੀਆਂ ਦੇ ਧਰਮ ਦਾ ਕੱਚਾ ਧਾਗਾ ਟੁੱਟ ਜਾਂਦਾ
ਕੱਚੇ ਦੁੱਧ ਵਰਗਾ ਸਦਾਚਾਰ ਭਿਟ ਜਾਂਦਾ ਹਾ ..ਹਾ . ਹਾ
ਕਈ ਸਮਝਦੇ ਨੇ ਪਿਆਰ ਧਰਮ ਦਾ ਮਸਲਾ ਹੈ, ਜ਼ਾਤ ਸਦਾਚਾਰ ਦਾ ਮਸਲਾ ਹੈ
ਉਨ੍ਹਾਂ ਨੂੰ ਪਤਾ ਨਹੀਂ ਪਿਆਰ ਹੋਰ ਕਾਸੇ ਦਾ ਨਹੀਂ, ਸਿਰਫ ਪਿਆਰ ਦਾ ਮਸਲਾ ਹੈ
ਪਿਆਰ ਸਭ ਧਰਮਾਂ ਤੋਂ ਉੱਪਰ ਹੁੰਦਾ
ਇਹ ਸਭ ਜ਼ਾਤਾਂ ਸਦਾਚਾਰਕ ਸ਼ਰਮਾਂ ਕਰਮਾਂ ਤੋਂ ਉੱਪਰ ਹੁੰਦਾ
ਪਿਆਰ, ਪਿਆਰ ਹੁੰਦਾ ਜਿਵੇਂ ਹਵਾ ਹਵਾ ਪਾਣੀ ਪਾਣੀ
ਆਕਾਸ਼, ਆਕਾਸ਼ ਹੁੰਦਾ ਜਿਵੇਂ ਅਗਨੀ ਅਗਨੀ, ਪ੍ਰਕਾਸ਼ ਪ੍ਰਕਾਸ਼ ਹੁੰਦਾ

ਆਵਾਜ਼ : ਘੜਾ ਨਾ ਚੁਕਾਇਓ ਮਿੱਤਰੋ ਕੰਮੀ ਮੁੰਡੇ ਨਾਲ ਇਸ ਦੀ ਯਾਰੀ

ਮੌਨਾ : ਮਨੁੱਖਾ ਮੰਡੀ 'ਚ ਹਰ ਕੰਮੀ ਮੁੰਡੇ ਦਾ ਸਵੈਮਾਨ ਗਿੜਗਿੜਾਂਦਾ, ਢੋਂਦਾ ਦੇਖਿਆ ਹੈ ਹੜ੍ਹ ਗਿਆ ਹੋਵੇਗਾ

...ਨਹੀਂ ਤਾਂ ਇਸ ਤਰ੍ਹਾ ਨਾਲ ਗੁੱਸਾ ਉਭਾਰਨ ਦੀ ਕੀ ਲੋੜ ਸੀ !
ਨਹੀਂ ਤਾਂ ਇਸ ਤਰ੍ਹਾਂ ਨਾਲ ਝੱਲ ਖਿਲਾਰਨ ਦੀ ਕੀ ਲੋੜ ਸੀ ?
ਨਹੀਂ ਸਿਰੋਂ ਪੱਗ ਲਾਹ ਕੇ ਪਰ੍ਹੇ 'ਚ ਮਾਰਨ ਦੀ ਕੀ ਲੋੜ ਸੀ
ਚੰਗਾ ਹੁੰਦਾ ਜੇ "ਆਪਣੀ ਗੱਲ" ਨਾਲੋਂ "ਅਗਲੀ ਗੱਲ" ਸੋਚਦਾ ਹੁੰਦਾ
ਜੇ ਉਹ ਊਠ ਵਰਗਾ ਮਨੁੱਖ ਬਣਕੇ ਬੰਤੋ ਦੇ ਬੋਤੇ ਨਾਲੋਂ ਤੇਜ਼ ਦੌੜਦਾ ਹੁੰਦਾ
ਜੇ ਉਹ ਵੀ ਊਠ ਵਰਗਾ ਮਨੁੱਖ ਬਣ ਜਾਂਦਾ ਤਾਂ ਇਸ ਵਿਚ ਕਾਹਦਾ ਹਰਜਾ ਸੀ
ਇਥੇ ਹੋਰ ਵੀ ਕਿੰਨੇ ਤਿੜਕੇ ਹੋਏ ਤੀਰ ਤਿੜਕੇ ਹੋਏ ਧਨੁੱਖ ਨੇ
ਇੱਥੇ ਹੋਰ ਵੀ ਕਿੰਨੇ ਊਠਾਂ ਵਰਗੇ ਮਨੁੱਖ ਨੇ

ਆਵਾਜ਼ : ਸੋਹਣੀ ਰੰਨ ਦੇ ਮੁਕਦਮੇ ਜਾਣਾ ਊਠਣੀ ਸ਼ਿੰਗਾਰ ਮੁੰਡਿਆ

ਮੌਨਾ : ਕੀ ਕਾਰਣ ਹੈ ਹਾਲੇ ਵੀ ਸੋਹਣੀਆਂ ਰੰਨਾਂ ਸਿਰ ਛਾਂ ਵਾਲੀਆਂ ਛੱਤਾ ਥਾਂ
ਹਰ ਕੰਮੀ, ਮਨੁੱਖਾ ਮੰਡੀ 'ਚ ਤੱਕੜੀ 'ਚ ਚੜ੍ਹਦਾ ਲਹਿੰਦਾ ਦੇਖਿਆ ਹੈ
[ਇੱਥੇ ਮੁਟਿਆਰ ਵਾਂਗ ਗੱਭਰੂ ਦੇ ਵਿਕਣ ਦਾ ਵੀ ਨਾਟਕੀਕਰਣ ਕੀਤਾ ਜਾ ਸਕਦਾ ਹੈ]
ਕੰਮੀ ਮੁੰਡਿਆਂ ਦੇ ਵੀ ਬਲਦਾਂ ਝੋਟਿਆਂ ਘੋੜਿਆਂ ਵਾਂਗ
ਮੂੰਹ ਅੱਡ ਕੇ ਦੰਦ ਦੇਖੇ ਜਾਂਦੇ
ਰੰਗਾਂ ਤੇ ਨੰਬਰਾਂ ਨਾਲ ਇਨ੍ਹਾਂ ਦੇ ਸਰੀਰ ਵੀ ਠੋਕੇ ਜਾਂਦੇ

ਆਵਾਜ਼ : ਬੰਤੋ ਦੇ ਬਾਪੂ ਨੇ ਬੰਤੋ ਦੀ ਗੱਲ ਸਹਾਰੀ
ਸਿਰ ਤੋਂ ਪੱਗ ਲਾਹ ਕੇ ਚੁੱਕ ਕੇ ਪਰ੍ਹੇ ਵਿਚ ਮਾਰੀ
ਸਿਰ ਤੋਂ ਪੱਗ ਲਾਹ ਕੇ ਚੁੱਕ ਕੇ, ਪਰ੍ਹੇ ਵਿਚ ਮਾਰੀ

ਮੌਨਾ : ਕਿਉਂ ਪੱਗ ਲਾਹ ਕੇ ਪਰ੍ਹੇ ਵਿਚ ਕਾਹਤੇ ਮਾਰੀ, ਹਾਂ ..ਹਾਂ ਹਾਂ
ਬੰਤੋ ਦੇ ਬਾਪੂ ਨੂੰ ਬੰਤੋ ਦਾ ਬੋਤਾ ਰੇਲ ਦੇ ਬਰਾਬਰ ਜਾਂਦਾ ਦੇਖ ਕੇ
ਵੱਟ ਚੜ੍ਹ ਗਿਆ ਹੋਵੇਗਾ
ਬੰਤੋ ਦਾ ਬਾਪੂ ਭਾਵੁਕ ਹੋ ਕੇ ਰੋਹ ਦੇ ਅੰਨੇ ਹੜ੍ਹ 'ਚ ਅੱਗ ਦੇ ਬੱਦਲ ਤਣੀ ਜਾਂਦੇ
ਇਨ੍ਹਾਂ ਗਭਰੂਟਾਂ ਨੂੰ ਹਾਲੇ ਵੀ ਕਚਹਿਰੀਆਂ 'ਚ ਲਿਆਇਆ ਜਾ ਰਿਹਾ
ਇਨ੍ਹਾਂ ਖਾਤਰ ਵਿਚਾਰੇ ਊਠਾਂ ਨੂੰ ਹਾਲੇ ਵੀ ਵਖਤ ਪਾਇਆ ਜਾ ਰਿਹਾ
ਇਹੋ ਕਾਰਨ ਹੈ ਕਚਹਿਰੀਆਂ ਤੋਂ ਡਰਦੇ ਕਈ ਬੋਤੇ ਦੁੜਾ ਕੇ ਲੈ ਜਾਂਦੇ ਨੇ
ਰੰਨਾਂ ਤੋਂ ਡਰਦੇ ਕਈ ਬੋਤੇ ਭਜਾ ਕੇ ਲੈ ਜਾਂਦੇ ਨੇ

ਆਵਾਜ਼ : ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ ਸੋਨੇ ਦੇ ਤਵੀਤ ਵਾਲਿਆ

ਮੌਨਾ : ਅੱਜ ਕੱਲ ਭਾਵੇਂ ਨਾ ਸੋਨਾ ਰਿਹਾ ਨਾ ਸੋਨੇ ਦੇ ਤਵੀਤ
ਪਰ ਬੋਤੇ ਵਾਲੇ ਨਾਲ ਕਿਸੇ ਨਾ ਕਿਸੇ ਮਰ ਜਾਣੀ ਨੂੰ ਹਾਲੇ ਵੀ ਪਿਆਰ ਹੈ
ਬੋਤੇ ਦੀ ਮੁਹਾਰ ਬਣਨ ਲਈ ਕੋਈ ਨਾ ਕੋਈ ਸਿਰ ਫਿਰੀ ਹਾਲੇ ਵੀ ਤਿਆਰ ਹੈ



ਆਵਾਜ : ਜਿੱਥੇ ਚੱਲੇਂਗਾ ਚੱਲਾਂਗੀ ਨਾਲ ਤੇਰੇ ਬੋਤਾ ਜੀਵੇ ਚੀਨੇ ਰੰਗ ਦਾ

ਮੌਨਾ : ਬੋਤੇ ਤੇ ਚੜ੍ਹਦੀ ਨਾ, ਨਾ ਬਾਪੂ ਦੇ ਸੋਟੇ ਦਾ ਸਹਿਮ ਹੁੰਦਾ
ਨਾ ਬੋਤੇ ਤੋਂ ਡਿੱਗ ਕੇ ਮਰਨ ਦਾ ਵਹਿਮ ਹੁੰਦਾ
ਬੋਤੇ ਦੇ ਦੰਦੀਆਂ ਵੱਢਦੇ, ਬੰਤੋ ਬੋਤੇ ਤੇ ਚੜ੍ਹ ਜਾਂਦੀ ਹੈ
ਉਹ ਉੱਪਰੋਂ ਡਿੱਗ ਵੀ ਪਵੇ ਫੇਰ ਵੀ ਉਹ ਜੀਊਣ ਜੋਗਾ ਨਵਾਂ ਰੰਗ ਫੜ ਜਾਂਦੀ ਹੈ

ਆਵਾਜ਼ : ਬੋਤਾ ਛੱਡ ਦੇ ਜੰਗਲ ਵਿਚ ਚੁਗਣਾ ਆਪਾਂ ਦੋਵੇਂ ਤਾਸ਼ ਖੇਡੀਏ

ਮੌਨਾ : ਅੱਜ ਦੇ ਯੁੱਗ 'ਚ ਤਾਂ ਜ਼ਿੰਦਗੀ ਜਿਹਲ ਹੈ
ਅੱਜ ਦੇ ਯੁੱਗ 'ਚ ਤਾਸ਼ ਖੇਡਣ ਦੀ ਕਿਸੇ ਮਰਜੀਊੜੇ ਕੋਲ ਵਿਹਲ ਹੈ
ਹਰ ਕੋਈ ਸੋਚਾਂ ਦੀ ਧੂੜ ਹੇਠ ਕੱਜਿਆ ਪਿਆ
ਹਰ ਕੋਈ ਸਮੱਸਿਆ ਦੀ ਰੇਤ 'ਚ ਦੱਬਿਆ ਪਿਆ

ਆਵਾਜ਼ : ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਰੂੜਾ
ਰੂੜੇ ਦੀ ਇਕ ਕੁੜੀ ਸੁਣੀਂਦੀ ਕਰਦੀ ਗੋਹਾ ਕੂੜਾ
ਹੱਥੀਂ ਉਹਦੇ ਛੱਲੇ ਛਾਪਾਂ ਬਾਹੀਂ ਉਹਦੇ ਚੂੜਾ
ਰਾਤੀਂ ਰੋਂਦੀ ਦਾ ਭਿੱਜ ਗਿਆ ਲਾਲ ਭੰਗੂੜਾ, ਰਾਤੀਂ ਰੋਂਦੀ ਦਾ
[ਇਕ ਗਭਰੂਟ ਮੋਤੀ ਦੌੜਾ ਆਉਂਦਾ ਹੈ। ਬੜੇ ਅਦਬ ਤੇ ਹਲੀਮੀ ਨਾਲ ਪੁੱਛਦਾ ਹੈ :]

ਮੋਤੀ : ਇਥੇ ਬੋਲੀਆਂ ਕੌਣ ਗਾ ਰਿਹਾ ਸੀ ? ਇਥੇ ਬੋਲੀਆਂ ਕੌਣ ਪਾ ਰਿਹਾ ਸੀ ?

ਮੌਨਾ : (ਖਿੱਝ ਕੇ) ਤੂੰ ਕੌਣ ਹੈਂ ਇੱਥੇ ਕਿਉਂ ਆਇਆਂ ?

ਮੋਤੀ : ਮੈਂ ਓਪਰਾ ਨਹੀਂ ਇੱਥੋਂ ਦਾ ਹੀ ਜੰਮਿਆ ਜਾਇਆ

ਮੌਨਾ : ਫੇਰ ਵੀ ਦੱਸ ਤੂੰ ਕੌਣ ਏਂ ?

ਮੋਤੀ : ਮੈਂ ਓਪਰਾ ਨਹੀਂ ਤੈਨੂੰ ਸ਼ਾਇਦ ਪਤਾ ਨਹੀਂ, ਠਹਿਰ ਠਹਿਰ ਮੈਂ ਦੱਸਨਾ ਮੈਂ ਦੱਸਨਾ
ਅਸੀਂ ਇਕ ਅਸਲੇ ਦੀ ਬਾਕੀ ਹਾਂ, ਅਸੀਂ ਪਿਛਲੇ ਤਿੰਨ ਜਨਮਾਂ ਦੇ ਸਾਥੀ ਹਾਂ
ਤੈਨੂੰ ਸ਼ਾਇਦ ਪਤਾ ਨਹੀਂ, ਪਿਛਲੇ ਤਿੰਨ ਜਨਮਾਂ 'ਚ ਅਸੀਂ ਕੀ ਕੀ ਹੁੰਦੇ ਸਾਂ
ਠਹਿਰ ਠਹਿਰ ਮੈਂ ਦੱਸਨਾ ਮੈਂ ਦੱਸਨਾ
ਇੱਕ ਜਨਮ 'ਚ ਅਸੀਂ ਹਰਨ ਹਰਨੀ ਹੁੰਦੇ ਸਾਂ
ਦੂਜੇ 'ਚ ਕਬੂਤਰ ਕਬੂਤਰੀ, ਤੀਜੇ 'ਚ ਸੈਦਾ ਜੋਗਣ, ਚੌਥੇ 'ਚ ਧੋਬੀ ਧੋਬਣ

ਮੌਨਾ : ਨਹੀਂ...ਨਹੀਂ, ਨਹੀਂ...ਨਹੀ, ਮੈਨੂੰ ਨਹੀਂ ਪਤਾ ਪਿਛਲੇ ਜਨਮਾਂ ਜੁਨਮਾਂ ਦਾ
ਨਾ ਮੇਰੀ ਤੈਨੂੰ, ਨਾ ਪਿਛਲੇ ਜਨਮਾਂ ਦੀਆਂ ਗੱਲਾਂ ਜਾਨਣ 'ਚ ਦਿਲਚਸਪੀ ਹੈ
ਵਿਚ ਵਿਚਾਲੇ ਫਸਕੇ ਮੈਨੂੰ ਗੱਲੀਂ ਲਾਉਣ ਦੀ, ਬਹਿਕਾਉਣ ਦੀ
ਭੁਚਲਾਉਣ ਦੀ ਇਹ ਸਭ ਤੇਰੀ ਸੋਚੀ ਸੰਭਲੀ ਖਰਮਸਤੀ ਹੈ
ਤੂੰ ਸਮਝਨਾ ਬੇਸ਼ਰਮਾਂ ਵਾਂਗ ਦਲੇਰ ਬਣਕੇ

ਤੂੰ ਮੇਰੀ ਕੱਲੀ ਕੋਲ ਇਸ ਤਰ੍ਹਾਂ ਆ ਸਕਨਾਂ
ਤੂੰ ਇਹ ਸਮਝਨਾ ਤੂੰ ਇਹ ਸ਼ੀਸ਼ ਗਰੀ ਕਰਕੇ
ਮੈਨੂੰ ਆਪਣੇ ਮਾਇਆ ਜਾਲ 'ਚ ਉਲਝਾ ਸਕਨਾ
ਮੈਨੂੰ ਇਸ ਤਰ੍ਹਾਂ ਭੁਚਲਾ ਸਕਨਾਂ, ਫਸਾ ਸਕਨਾਂ ?
ਨਹੀਂ...ਨਹੀਂ ਤੂੰ ਜਿੱਥੇ ਜਾਣਾ ਖੁਸ਼ੀ ਨਾਲ ਆਪਣੇ ਰਾਹ ਜਾ ਸਕਨਾਂ
(ਆਪਣੇ ਆਪ ਨਾਲ) ਮੈਨੂੰ ਸਭ ਪਤਾ ਸਭ ਮੁੰਡੇ ਬੇਹਯਾ ਹੁੰਦੇ
ਮੂੰਹ ਦੇ ਮਿੱਠੇ ਪਰ ਅੰਦਰੋਂ ਬੇਵਫਾ ਹੁੰਦੇ

ਮੋਤੀ : ਨਹੀਂ...ਨਹੀਂ ਮੈਂ ਤੈਨੂੰ ਉਲਝਾ ਨਹੀਂ ਰਿਹਾ
ਮੈਂ ਤੈਨੂੰ ਕਿਸੇ ਜਾਦੂ ਜਾਲ 'ਚ ਫਸਾ ਨਹੀਂ ਰਿਹਾ
ਮੈਂ ਤਾਂ ਤੇਰੀ ਸੁੱਤੀ ਹੋਈ ਸੁਰਤੀ ਜਗਾ ਰਿਹਾਂ, ਮੈਂ ਤਾਂ ਤੈਨੂੰ ਤੇਰੇ 'ਚ ਲਿਆ ਰਿਹਾਂ
ਮੈਂ ਤਾਂ ਤੈਨੂੰ ਤੇਰਾ ਗੁਆਚਾ ਆਪਾ ਲਭਾ ਰਿਹਾਂ
ਮੈਂ ਤਾਂ ਤੇਰੇ ਸਾਹਵਿਓਂ ਪਰਦਾ ਹਟਾ ਰਿਹਾਂ
ਮੈਂ ਤਾਂ ਤੈਨੂੰ ਤੇਰਾ ਆਪਣਾ ਪੁਰਾਣਾ ਸਾਥੀ ਮਿਲਾ ਰਿਹਾਂ

ਮੋਨਾ : ਸਭ ਪਖੰਡ ਹੈ ਸਭ ਪਖੰਡ, ਤੇਰੇ ਅੰਦਰ ਜ਼ਹਿਰ ਹੈ
ਸਿਰਫ ਤੇਰੀਆਂ ਮਿੱਠੀਆਂ ਗੱਲਾਂ ਮਿੱਠੇ ਬੋਲਾਂ 'ਚ ਖੰਡ ਹੈ ਖੰਡ

ਮੋਤੀ : ਨਹੀਂ.. ਨਹੀਂ ਮੋਨਾ ਮੈਂ ਤੇਰਾ ਨਾਂ ਵੀ ਜਾਣਦਾ ਹਾਂ

ਮੋਨਾ : ਜਾਣਦਾ ਹੋਵੇਂਗਾ ਕਿਤਿਓਂ ਪੁੱਛ ਲਿਆ ਹੋਵੇਗਾ

ਮੋਤੀ : ਨਹੀਂ ਨਹੀਂ ਮੋਨਾ ਮੈਨੂੰ ਅਜ਼ਮਾ ਕੇ ਤਾਂ ਵੇਖ, ਮੈਨੂੰ ਰਤਾ ਪਰਤਾ ਕੇ ਤਾਂ ਵੇਖ
ਮੋਨਾ ਮੋਤੀ ਹੀ ਨਾਵਾਂ ਦਾ ਅਸਲੀ ਜੋੜ ਹੈ
ਇਹੀ ਰੂਹ ਦੇ ਰਿਸ਼ਤੇ ਦਾ ਅਸਲੀ ਤੋੜ ਹੈ

ਮੋਨਾ : ਰੂਹਾਂ ਦੇ ਰਿਸ਼ਤੇ ? ਇਹ ਤਾਂ ਵੱਲ ਹੈ ਵੱਲ
ਰੂਹਾਂ ਚੇ ਰਿਸ਼ਤੇ ? ਇਹ ਤਾਂ ਬਕਵਾਸ ਗੱਲ ਹੈ, ਬਕਵਾਸ ਗੱਲ

ਮੋਤੀ : ਰੂਹਾਂ ਦੇ ਰਿਸ਼ਤੇ ਵੱਲ ਨਹੀਂ ਇਹ ਸੱਚ ਹੈ, ਬਕਵਾਸ ਗੱਲ ਨਹੀਂ

ਮੋਨਾ : ਅੱਗੇ ਵੀ ਇੱਥੇ ਇਕ ਤੇਰੇ ਵਰਗਾ ਆਇਆ ਸੀ
ਉਸਨੇ ਵੀ ਖੂਬ ਮਜਨੂੰ ਵਰਗਾ ਭੇਖ ਬਣਾਇਆ ਸੀ
ਅੱਗੇ ਵੀ ਇਕ ਨੇ ਖੂਬ ਪਖੰਡ ਰਚਾਇਆ ਸੀ, ਖੂਬ ਚੱਕਰ ਚਲਾਇਆ ਸੀ
ਉਸਨੇ ਵੀ ਖੂਬ ਚਮਤਕਾਰ ਦਿਖਾਇਆ ਸੀ, ਖੂਬ ਚੱਕਰ 'ਚ ਪਾਇਆ ਸੀ
ਨਹੀਂ ਨਹੀਂ ਮੈਨੂੰ ਹੁਣ, ''ਕਿਸੇ ਹੋਰ ਦੀ'' ਜ਼ਰੂਰਤ ਨਹੀਂ
ਨਹੀਂ ਨਹੀਂ ਮੈਨੂੰ ਹੁਣ ਕਿਸੇ ਹੋਰ ਬਾਰੇ ਮੁਸੀਬਤ ਨਹੀਂ

ਮੋਤੀ : ਨਹੀਂ ਨਹੀਂ ਦੋ ਰੂਹਾਂ ਵਿਚਲੀ ਖਿੱਚ ਮੁਸੀਬਤ ਨਹੀਂ ਚਮਤਕਾਰ ਹੁੰਦੀ
ਇਹ ਤਾਂ ਮਰਦਾਂ ਔਰਤਾਂ ਦਾ ਸ਼ਿੰਗਾਰ ਹੁੰਦੀ
ਇਹ ਤਾਂ ਚੰਬਾ ਗੁਲਾਬ ਗੁਲਨਾਰ ਹੁੰਦੀ



ਤੂੰ ਕੁਝ ਦਿਨ ''ਅੰਦਰਾਂ'' ਨੂੰ ਫੋਲ ਕੇ ਤਾਂ ਦੇਖ
ਕੁਝ ਦਿਨ ਪਰਖ ਕੇ ਅੰਦਰਾਂ ਨੂੰ ਤੋਲ ਕੇ ਤਾਂ ਦੇਖ

ਮੋਨਾ : ਨਹੀਂ ਨਹੀਂ ਇਹ ਸਭ ਪਖੰਡ ਨੂੰ, ਇਹ ਸਭ ਕੁਝ ਨੂੰ ਫੋਲਿਆ ਹੋਇਆ
ਸਭ ਕੁਝ ਪਰਖਿਆ ਹੋਇਆ ਸਭ ਕੁਝ ਤੋਲਿਆ ਹੋਇਆ

ਮੋਤੀ : ਨਹੀਂ ਨਹੀਂ ਜਬਰੀ ਤਾਂ ਨਹੀਂ
ਪਰ ਇਕ ਵਾਰ ਮੇਰੇ ਆਖੇ ਤੈਨੂੰ ਅਜਿਹਾ ਕਰਨਾ ਪਵੇਗਾ
ਕਾਲੇ ਪਾਣੀਆਂ ਤੋਂ ਉਤਾਂਹ ਉਭਰਨਾ ਪਵੇਗਾ

ਮੋਤੀ : ਨਹੀਂ ਨਹੀਂ ਸਾਨੂੰ ਇਕ ਦੂਜੇ ਤੇ ਵਿਸ਼ਵਾਸ ਕਰਨਾ ਪਵੇਗਾ
ਇਕ ਦੂਜੇ ਦਾ ਕਲੇਸ਼ ਹਰਨਾ ਪਵੇਗਾ, ਇਕ ਦੂਜੇ ਦਾ ਉਧਾਰ ਕਰਨਾ ਪਵੇਗਾ

ਮੋਨਾ : ਵਿਸ਼ਵਾਸ ਬਥੇਰਾ ਕਰ ਲਿਆ
ਕਲੇਸ਼ ਬਥੇਰਾ ਹਰ ਲਿਆ ਉਧਾਰ ਬਥੇਰਾ ਜਰ ਲਿਆ
(ਫੇਰ ਨਾਟਕੀ ਢੰਗ ਨਾਲ ਝਟ ਪਟ ਮੂਡ ਬਦਲ ਕੇ, ਉਸ ਵਿਚ ਦਿਲਚਸਪੀ ਲੈਂਦੇ ਹੋਏ) :
ਅੱਛਾ ਦੱਸ ! ਤੂੰ ਓ ''ਰੂੜੇ'' ਵਾਲੀ ਬੋਲੀ ਸੁਣੀ ਸੀ ?

ਮੋਤੀ : ਨਹੀਂ ਬੋਲੀ ਨਹੀਂ ਸੁਣੀ, ਬੋਲੀ ਦੇ ਬੋਲ ਸੁਣੇ ਹਨ

ਮੋਨਾ : ਲੈ ਫੇਰ ਸੁਣ ਬੋਲੀ ਵੀ

ਬੋਲੀ : ਪਿੰਡਾਂ ਵਿਚੋਂ ਪਿੰਡ ਸੁਣੀਦਾ ਪਿੰਡ ਸੁਣੀਂਦਾ ਰੂੜਾ
ਰੂੜੇ ਦੀ ਇਕ ਕੁੜੀ ਸੁਣੀਂਦੀ ਕਰਦੀ ਗੋਹਾ ਕੂੜਾ
ਹੱਥੀਂ ਉਹਦੇ ਛੱਲੇ ਛਾਪਾਂ ਬਾਹੀਂ ਉਹਦੇ ਚੂੜਾ
ਰਾਤੀਂ ਰੋਂਦੀ ਦਾ ਭਿਜ ਗਿਆ ਲਾਲ ਭੰਗੂੜਾ
ਰਾਤੀਂ ਰੋਂਦੀ ਦਾ

ਮੋਨਾ : ਬਈ ਸਵਾਲ ਹੈ...ਚੂੜੇ ਵਾਲੀ ਕੁੜੀ ਕਿਉਂ ਰੋਈ ?
ਉਸ ਦਾ ਦਿਲ ਕਿਉਂ ਰਿੱਝਾ ? ਰਾਤੀਂ ਰੋ ਰੋ ਕੇ ਉਸ ਦਾ
ਲਾਲ ਪੰਘੂੜਾ ਕਿਉਂ ਭਿੱਜਾ

ਮੋਤੀ : ਹਾਂ ਹਾਂ ਕੋਈ ਸਮਾਜਿਕ ਅਨਿਆਂ ਹੋਇਆ ਹੋਵੇਗਾ
ਕੋਈ ਸਮਾਜਕ ਜਬਰ ਹੋਇਆ ਹੋਵੇਗਾ
ਉਸ ਤੇ ਕੋਈ ਸਮਾਜਕ ਕੁਫਰ ਢਿਆ ਹੋਵੇਗਾ
ਮੈਂ ਦੁਆਬੀਆ ਹਾਂ ! ਦੁਆਬੇ ਬਾਰੇ ਇਕ ਬੋਲੀ ਮੈਂ ਵੀ ਸੁਣਾਵਾਂ ?
ਦੁਆਬੇ ਦੀ ਮੈਂ ਜੰਮੀ ਜਾਈ ਜੰਗਲ ਵਿਚ ਵਿਆਹੀ
ਦੇਸ ਵਿਛੁੰਨੀ ਕੂੰਜ ਮੈਂ ਭੈਣੋਂ ਜੰਗ ਨੂੰ ਗਿਆ ਮੇਰਾ ਮਾਹੀ
ਹਰਦਮ ਨੀਰ ਵਗੇ ਨੈਣਾਂ 'ਚੋਂ ਔਣ ਦੀ ਚਿੱਠੀ ਨਾ ਪਾਈ, ਮੁੜ ਪੈ ਸਿਪਾਹੀਆ ਵੇ

ਮੈਂ ਜਿੰਦੜੀ ਘੋਲ ਘੁਮਾਈ ਮੁੜ ਪੈ ਸਿਪਾਹੀਆ ਵੇ

ਮੋਨਾ : ਤੇਰੀ ਬੋਲੀ ਬੜੀ ਸੋਹਣੀ ਹੈ
ਲਾਮ ਨੂੰ ਗਏ ਸਿਪਾਹੀ ਦੀ ਪਿਛੇ ਲਾਸ਼ ਹੀ ਮੁੜਦੀ ਹੈ
ਉਸ ਦੀ ਚੂੜੇ ਵਾਲੀ ਨੂੰ ਜਾਂ ਹਿਜਰ ਦਾ ਹੋਰਵਾ ਮਿਲਦਾ
ਜਾਂ ਸਿਲਾਈ ਦੀ ਮਸ਼ੀਨ ਜਾਂ ਕੁਝ ਦਮੜੇ ਪੈਨਸ਼ਨ ਜੁੜਦੀ

ਮੋਤੀ : ਜੇ ਇਹ ਬੋਲੀ ਵਧੀਆ ਲੱਗੀ ਫੇਰ ਇਕ ਹੋਰ ਸੁਣਾਉਂਦਾਂ :
ਜੰਗਲ ਦੀ ਮੈਂ ਜੰਮੀ ਜਾਈ ਚੰਦਰੇ ਪੁਆਧ ਵਿਆਹੀ
ਹੱਥ ਵਿਚ ਖੁਰਪਾ ਮੋਢੇ ਚਾਦਰ ਮੱਕੀ ਗੋਡਣ ਲਾਈ
ਗੋਡੀ ਕਰਦੇ ਪੈ ਗਏ ਛਾਲੇ ਆਥਣ ਨੂੰ ਘਰ ਆਈ
ਆਉਂਦੇ ਨੂੰ ਸੱਸ ਦੇਵੇ ਗਾਲਾਂ ਘਾਹ ਦੀ ਪੰਡ ਨਾ ਲਿਆਈ
ਵੱਛੇ ਕੱਟੇ ਵਗ ਰਲਾਵਾਂ ਮਹਿੰ ਨੂੰ ਲੈਣ ਕਸਾਈ
ਪੰਜੇ ਬੁੱਢੀਏ ਪੁਤ ਮਰ ਜਾਣ ਤੇਰੇ ਛੇਵਾਂ ਮਰੇ ਜਵਾਈ
ਗਾਲ ਭਰਾਵਾਂ ਦੀ ਕੀਹਨੇ ਕੱਢਣ ਸਿਖਾਈ
ਗਾਲ ਭਰਾਵਾਂ ਦੀ

ਮੋਨਾ : ਬੋਲੀ ਤੇਰੀ ਇਹ ਵੀ ਸੋਹਣੀ ਏ, ਪਿੰਡਾਂ 'ਚ ਮੁਟਿਆਰਾਂ ਤੇ ਇਵੇਂ ਜਬਰ ਹੁੰਦਾ
ਪਰ...ਪਰ ਹੁਣ ਮੈਂ ਤੇਰੇ ਨਾਲ ਹੋਰ ਕਲਾਮ ਨਹੀਂ ਕਰਾਂਗੀ
ਹੁਣ ਮੈਂ ਬੁੱਲ੍ਹਾਂ 'ਚੋਂ ਕੋਈ ਹੋਰ ਬੋਲ ਨਹੀਂ ਝਰਾਂਗੀ
ਸਾਰੇ ਮਨੁੱਖ ਫਰੇਬੀ ਹਰਨੋਟੇ ਹੁੰਦੇ ਨੇ
ਸਾਰੇ ਮੂੰਹ ਦੇ ਮਿੱਠੇ ਦਿਲ ਦੇ ਖੋਟੇ ਹੁੰਦੇ ਨੇ
[ਉਸ ਵੱਲ ਪਿੱਠ ਵੱਟ ਕੇ ਦੂਰ ਜਾ ਕੇ ਖਲੋ ਜਾਂਦੀ ਹੈ। ਮੋਤੀ ਉਸ ਕੋਲ ਜਾਂਦਾ ਹੈ ਤਰਲਾ ਜਿਹਾ ਪਾਂਦਾ ਹੈ]

ਮੋਨਾ : ਨਹੀਂ ਨਹੀਂ ਮੈਨੂੰ ਇਕੱਲੀ ਰਹਿਣ ਦੇ
ਭਾਵੇਂ ਚੰਗੀ ਭਾਵੇਂ ਮਦੀ ਹਾਂ, ਮੈਂ ਇਕੱਲੀ ਚੰਗੀ ਹਾਂ

ਮੋਤੀ : (ਫੇਰ ਹਲੀਮੀ ਤੇ ਅਧੀਨਗੀ ਜਹੀ ਨਾਲ)
ਨਹੀਂ...ਨਹੀਂ ਮੈਂ ਆਖਿਆ ਜੁ ਹੈ ਮੈਂ ਹੋਰਨਾ ਵਰਗਾ ਨਹੀਂ
ਤੂੰ ਗਲਤ ਸਮਝਦੀ ਹੈਂ ਕਿ ਮੈਂ ਫਰੇਬੀ ਹਾਂ, ਮਕਰਾ ਹਾਂ
ਮੈਂ ਮੁੜ ਮੁੜ ਕੇ ਆਖਦਾ ਹਾਂ ਮੈਂ ਹੋਰਨਾ ਵਰਗਾ ਨਹੀਂ ਹੋਰ ਲੋਕਾਂ ਤੋਂ ਵੱਖਰਾ ਹਾਂ

ਮੋਨਾ : ਪਤਾ ਨਹੀਂ ਕਿਓਂ ਤੂੰ ਵੀ ਮੈਨੂੰ ਮੱਕਾਰ ਜਿਹਾ ਲੱਗ ਰਿਹਾਂ
ਲੱਗਦਾ ਕਹਾਣੀਆਂ ਪਾ ਕੇ ਤੂੰ ਵੀ ਮੈਨੂੰ ਠਗ ਰਿਹਾਂ
ਤੇਰੇ ਬੋਲਾਂ ਤੇ ਧਰਵਾਸ ਨਹੀਂ ਬਝਦਾ ਤੇਰੇ ਬੋਲਾਂ ਤੇ ਵਿਸ਼ਵਾਸ ਨਹੀਂ ਬਝਦਾ

ਮੋਤੀ : ਇਹ ਸਾਰਾ ਤੇਰੇ ਅੰਦਰਲਾ ਸਹਿਮ ਹੈ, ਇਹ ਸਭ ਤੇਰੇ ਦਿਲ ਦਾ ਵਹਿਮ ਹੈ



ਮੋਨਾ : (ਨਰਮ ਹੋ ਕੇ)
ਅੱਛਾ ਫੇਰ ਇਹ ਦਸ ਵਿਆਹਿਆ ਹੋਇਆਂ ਕਿ ਨਹੀਂ ?

ਮੋਤੀ : ਮੈਂ ਕਿਹਾ ਕੁਆਰਾ ਹਾਂ, ਬਿਲਕੁਲ ਕੁਆਰਾ ਨਵੇਂ ਲੱਠੇ ਵਾਂਗ ਕੋਰਾ ਕੁਆਰਾ

ਮੋਨਾ : ਚੰਗਾ ਫੇਰ ਇਹ ਦੱਸ ਵਿਆਹੋਂ ਬਾਅਦ ਕੁੜੀਆਂ
ਇੰਨੀਆਂ ਨਮੋਹਰੀਆਂ ਹਲਕਾਈਆਂ ਕਿਉਂ ਹੋ ਜਾਂਦੀਆਂ ?
ਨੂੰਹਾਂ ਦੇ ਲਹੂ ਦੀਆਂ ਤਿਆਰੀਆਂ ਕਿਉਂ ਹੋ ਜਾਂਦੀਆਂ ? (ਵਕਫ਼ਾ)
ਸੱਸਾਂ ਤੋਂ ਡਰਦੀ ਮੈਂ ਵਿਆਹ ਨਹੀਂ ਕਰਵਾਵਾਂਗੀ
ਸੋਹਰੇ ਨਹੀਂ ਬਣਾਵਾਂਗੀ ਸੋਹਰੇ ਨਹੀਂ ਜਾਵਾਂਗੀ

ਮੋਤੀ : ਇਹ ਸਾਰੀ ਤੇਰ ਮੇਰ ਦੀ ਗੱਲ ਹੈ
ਇਹ ਵੀ ਸਭ ਸਮਾਜਕ ਜਬਰ, ਸਮਾਜਕ ਹੇਰ ਫੇਰ ਦੀ ਗੱਲ ਹੈ

ਮੋਨਾ : ਭਲਾ ਇਹ ਸਮਾਜ, ਸਮਾਜ ਕੀ ਹੋਇਆ ?
ਇਹ ਹਿੰਸਾ, ਇਹ ਜਬਰ, ਇਹ ਜ਼ੁਲਮ-ਰਾਜ ਕੀ ਹੋਇਆ ?
ਪੱਥਰ ਦੇ ਪੁੜਾਂ ਹੇਠ ਇਨ੍ਹਾਂ ਨੂੰ ਕਿਉਂ ਦਲਿਆ ਜਾਂਦਾ ?
ਜਵਾਨ ਰੂਹਾਂ ਨੂੰ ਪੈਰਾਂ ਹੇਠ ਕਿਉਂ ਮਸਲਿਆ ਜਾਂਦਾ ?
ਲੋਕ ਕਿਉਂ ਨਹੀਂ ਸਮਝਦੇ ਜਵਾਨ ਰੂਹਾਂ ਦਾ ਵੀ ਕੋਈ ਵਿਅਕਤਿਤ੍ਵ ਹੁੰਦਾ
ਇਨ੍ਹਾਂ ਦੀ ਵੀ ਕੋਈ ਹਉਂ ਕੋਈ ਆਤਮਾ ਹੁੰਦੀ
ਇਨ੍ਹਾਂ ਦਾ ਵੀ ਹੱਸਾਸ-ਅਸਤਿਤ੍ਵ ਹੁੰਦਾ

ਮੋਤੀ : ਬਸ ਦੁਨੀਆਂ 'ਚ ਇਵੇਂ ਅੱਗ ਬਲ ਜਾਂਦੀ
ਰਹੁ ਰੀਤਾਂ ਦਾ ਲੂਹਾ ਲੂਹੀ ਜਾਂਦਾ
ਇਵੇਂ ਹਨੇਰ ਗਰਦੀ ਮਚੀ, ਅੰਨ੍ਹੀ ਨੂੰ ਬੋਲਾ ਧੂਈ ਜਾਂਦਾ

ਮੋਨਾ : ਮੇਰੀ ਕਮਜ਼ੋਰੀ ਦੇਖ ਤੂੰ ਗੱਲਾਂ ਨਾਲ ਦਿਲ ਨੂੰ ਠਗਣ ਲੱਗ ਪਿਆ
ਗੱਲੀਂ ਗੱਲੀਂ ਤੂੰ ਮੈਨੂੰ ਚੰਗਾ ਚੰਗਾ ਲੱਗਣ ਲੱਗ ਪਿਆ

ਮੋਤੀ : ਧੰਨ ਭਾਗ ਹਾਲੇ ਹੋਰ ਚੰਗਾ ਲੱਗਾਂਗਾ
ਗੱਲਾਂ ਨਾਲ ਤੇਰੇ ਦਿਲ ਨੂੰ ਹਾਲੇ ਹੋਰ ਠੱਗਾਂਗਾ
ਮੈਂ ਦੱਸਿਆ ਨਾਂਹ ਪਿਛਲੇ ਜਨਮ 'ਚ ਅਸੀਂ ਕਬੂਤਰ ਕਬੂਤਰੀ ਸਾਂ
[ਕਬੂਤਰ ਕਬੂਤਰੀ ਵਾਲੀ ਗੱਲ ਸੁਣ ਕੇ ਉੱਚੀ-ਉੱਚੀ ਹੱਸਣ ਲੱਗ ਪੈਂਦੀ ਹੈ ਤੇ ਉਸ ਨੂੰ ਊਠ ਜਾਂ ਬੋਤੇ ਬਾਰੇ ਇਕ ਹੋਰ ਬੋਲੀ ਸੁਣਾਉਣ ਲਈ ਕਹਿੰਦੀ ਹੈ। ਮੋਤੀ ਬੋਲੀ ਸੁਣਾਉਂਦਾ ਹੈ]

ਮੋਤੀ : ਬੀਕਾਨੇਰ ਤੋਂ ਊਠ ਲਿਆਂਦਾ ਦੇ ਕੇ ਟਕੇ ਪਚਾਸੀ
ਮੋਗੇ ਦੇ ਵਿਚ ਝਾਂਜਰ ਬਣਦੀ ਮੁਕਸਰ ਬਣਦੀ ਕਾਠੀ
ਲੁੱਦੇਹਾਣੇ ਬਣਦੇ ਟਕੂਏ ਰੋਪੜ ਬਣੇ ਗੰਡਾਸੀ

ਜ਼ੀਰੇ ਦੇ ਵਿਚ ਬਣਦੇ ਕੂੰਡੇ ਵਿਚ ਭਦੌੜ ਚਾਟੀ
ਹਿੰਮਤਪੁਰੇ ਬਣਦੀਆਂ ਕਹੀਆਂ ਕਾਸੀ ਪੁਰ ਦੀ ਦਾਤੀ
ਚੜ੍ਹ ਜਾ ਬੋਤੇ ਤੇ ਮੰਨ ਲੈ ਭੌਰ ਦੀ ਆਖੀ, ਚੜ੍ਹ ਜਾ ਬੋਤੇ ਤੇ
[ਦੋਵੇਂ ਭੰਗੜਾ ਤੇ ਕਿਕਲੀ ਪਾਉਣ ਲੱਗ ਪੈਂਦੇ ਨੇ]

ਮੈਨਾ : ਊਠ ਬਾਰੇ ਬੋਲੀ ਪਾ ਕੇ ਤੂੰ ਮੈਨੂੰ ਭਰਮਾ ਲਿਆ
ਤੂੰ ਮੇਰੇ ਬੁਝੇ ਹੋਏ ਅੰਦਰਲੇ ਨੂੰ ਜਗਾ ਲਿਆ
ਤੂੰ ਮੈਨੂੰ ਆਪਣੇ ਜਾਦੂ ਜਾਲ 'ਚ ਫਸਾ ਲਿਆ ।
ਕਮਜ਼ੋਰੀਏ ! ਸਚਮੁਚ ਤੇਰਾ ਦੂਜਾ ਨਾਂ ਔਰਤ ਹੈ
ਮੈਂ ਦੇਖ ਲੀਤਾ ਹੈ ਇਕੱਲ ਨੂੰ ਮਾਰਨ ਲਈ
ਔਰਤ ਵਿਚਲੀ ਔਰਤ ਨੂੰ ਸਚਮੁਚ ਮਰਦ ਦੀ ਕਿੰਨੀ ਜ਼ਰੂਰਤ ਹੈ

ਮੋਤੀ : (ਹੱਸ ਕੇ) ਮੈਂ ਦੱਸਿਆ ਸੀ ਨਾਂਹ ਪਿਛਲੇ ਜਨਮ 'ਚ ਅਸੀਂ
ਹਰਨ ਹਰਨੀ, ਕਬੂਤਰ ਕਬੂਤਰੀ ਸਾਂ ।

ਮੈਨਾ : ਹਾਂ ਮੇਰਾ ਪੱਥਰ ਹੋਇਆ ਦਿਲ ਫੇਰ ਫਿਸ ਪਿਆ ਹੈ
ਹਾਂ ਹੁਣ ਮੈਨੂੰ ਸਾਹਮਣੇ ਸਾਕਾਰ ਕਬੂਤਰ ਦਿਸ ਪਿਆ ਹੈ
ਪਰ ਕਬੂਤਰ ਸਾਬ੍ਹ ਦੇਖੀਂ !
ਤੂੰ ਵੀ ਛਲੇਡੇ ਵਾਂਗ ਵੱਲ ਛੱਲ ਨਾ ਕਰ ਜਾਵੀਂ
ਤੂੰ ਵੀ ਹੋਰਨਾਂ ਵਾਂਗ ਊਠ ਵਰਗਾ ਆਦਮੀ ਨਾ ਬਣ ਜਾਵੀਂ

ਮੋਤੀ : ਮੈਂ ਕਬੂਤਰ ਹਾਂ ਊਠ ਵਰਗਾ ਆਦਮੀ ਨਹੀਂ ਬਣਾਂਗਾ
ਮੈਂ ਵਫ਼ਾ ਕਰਾਂਗਾ ਦਗ਼ਾ ਨਹੀਂ ਕਰਾਂਗਾ
ਵਫ਼ਾ ਕਰਾਂਗਾ ਦਗ਼ਾ ਨਹੀਂ ਕਰਾਂਗਾ
[ਦੋਵੇਂ ਇਕ ਦੂਜੇ ਦਾ ਹੱਥ ਪਕੜਦੇ ਨੇ ਤੇ ਮੜ੍ਹਕ ਨਾਲ ਹੱਸਦੇ-ਹੱਸਦੇ ਚਲੇ ਜਾਂਦੇ ਹਨ]

(ਪਰਦਾ)



# ਜਦੋਂ ਰੂਹਾ ਜਾਗੀਆਂ

## ਮੋਹਨੀ ਦਿਵੇਦੀ

ਉਭਰਦਾ ਅਦਾਕਾਰ ਅਤੇ ਨਿਰਦੇਸ਼ਕ ਮੋਹਨੀ ਦਿਵੇਦੀ ਥੀਏਟਰ ਦਾ ਸਿਖਿਆ ਪ੍ਰਾਪਤ ਕਲਾਕਾਰ ਹੈ । ਇਸ ਨਾਟਕ ਰਾਹੀਂ ਉਸਦੀ ਇਕ ਨਾਟਕਕਾਰ ਦੇ ਤੌਰ ਤੇ ਆਮਦ ਰਹੀ ਹੈ । ਇਸ ਨਾਟਕ ਦੇ 1985 ਵਿਚ ਪੰਜਾਬੀ ਯੂਨੀਵਰਸਿਟੀ ਕੈਂਪਸ ਅਤੇ ਪਟਿਆਲਾ ਸ਼ਹਿਰ ਵਿਚ ਕੁਝ ਸ਼ੋਅ ਹੋ ਚੁੱਕੇ ਹਨ ।

**ਪਾਤਰ :**

ਸੂਤਰਧਾਰ, ਧਰਮਰਾਜ, ਚਿਤਰਗੁਪਤ, ਪਹਿਰੇਦਾਰ, ਭਗਤ ਸਿੰਘ, ਮਦਨ ਲਾਲ ਢੀਂਗਰਾ, ਸਿੱਧਾ ਬੰਦਾ, ਪ੍ਰੇਮ ਕੁਮਾਰ, ਗੁਰਮੀਤ ਸਿੰਘ, ਨਾਨਕ ਚੰਦ, ਰਾਮ ਸਿੰਘ, ਵਾਰਿਸ ਸ਼ਾਹ, ਕਲਾਕਾਰ ।

ਸੂਤਰਧਾਰ : ਕਲਾ ਸਮਾਜ ਦਾ ਦਰਪਣ ਹੈ । ਕਲਾਕਾਰ ਕਿਸੇ ਦੀ ਹੱਥ ਬੰਨ੍ਹੀਂ ਬਾਂਦਰੀ ਵਾਂਗ ਨਾਚ ਨਹੀਂ ਕਰਦਾ । ਅੱਜ ਸਮਾਂ ਸ਼ਰਾਧਾਂ ਤੇ ਪੂਜਾ ਦੀਆਂ ਧੂਪਾਂ ਜਗਾਉਣ ਦਾ ਨਹੀਂ, ਤੇ ਨਾ ਹੀ ਫੁੱਲਾਂ, ਰੰਗਾਂ ਤੇ ਵੰਗਾਂ ਦੀਆਂ ਗੱਲਾਂ ਕਰਨ ਦਾ ਹੈ ।

ਅੱਜ ਦੇ ਹਾਲਾਤ ਨੇ ਕਲਾਕਾਰਾਂ ਨੂੰ ਸੜਕਾਂ ਉਤੇ ਤੇ ਲੋਕਾਂ ਵਿਚ ਨਿਕਲਣ ਲਈ ਮਜਬੂਰ ਕਰ ਦਿਤਾ ਹੈ । ਲਉ ਜੀ, ਜਦ ਕਲਾਕਾਰ ਸੜਕਾਂ ਤੇ ਨਿਕਲ ਹੀ ਆਏ ਹਨ ਤਾਂ ਕਿਉਂ ਨਾ ਆਪਾਂ ਇਨ੍ਹਾਂ ਤੋਂ ਕੋਈ ਐਸੀ ਚੀਜ਼ ਪੇਸ਼ ਕਰਵਾਈਏ ਜਿਸ ਨਾਲ ਸਾਡੇ ਤਪਦੇ ਮਨਾਂ ਨੂੰ ਕੁਝ ਸ਼ਾਂਤੀ ਮਿਲੇ । ਸਾਡੀ ਬਰਬਾਦੀ ਦੀ ਜੜ ਕਿਥੇ ਹੈ ? ਕਿੱਡਾ ਵੱਡਾ ਸਿਰ ਬਖਸ਼ਿਆ ਹੈ ਸਾਨੂੰ ਰੱਬ ਨੇ । ਕੀ ਇਹ ਸੱਚ ਨਹੀਂ ਕਿ ਮਨੁਖ ਕੋਲ ਸੰਵੇਦਨਾਸ਼ੀਲ ਦਿਮਾਗ ਹੈ ? ਕੀ ਇਹ ਸੱਚ ਨਹੀਂ ਕਿ ਮਨੁਖ ਨੇ ਹੀ ਸਭਿਆਤਾਵਾਂ ਨੂੰ ਜਨਮ ਦਿਤਾ ਹੈ ? ਕੁਦਰਤ ਇਕ ਬੁਝਾਰਤ ਹੈ । ਤਬਦੀਲੀ ਕੁਦਰਤ ਦਾ ਪ੍ਰਮੁਖ ਨਿਯਮ ਹੈ ਇਸ ਤਬਦੀਲੀ ਸਦਕਾ ਹੀ ਮਨੁਖ ਨੂੰ ਅਜੀਬ-ਗਰੀਬ ਘਟਨਾਵਾਂ ਤੇ ਹਾਦਸਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ । ਪਰ ਜਦੋਂ ਆਦਮੀ ਆਦਮੀ ਦਾ ਸੋਚੋ, ਸ਼ਿਕਾਰ ਕਰਨ ਲਗ ਪਏ ਤਾਂ ਉਸ ਨੂੰ ਅਸੀਂ ਕੀ ਕਹਾਂਗੇ ? ਜ਼ਰਾ ਸੋਚੋ, ਜੇ ਬੰਦਾ ਹੀ ਬੰਦੇ ਦਾ ਵੈਰੀ ਬਣ ਜਾਵੇ... ਇਕ ਦੂਜੇ ਦੇ ਖੂਨ

ਦਾ ਪਿਆਸਾ ਹੋਵੇ ਤਾਂ ਕੀ, ਉਸ ਨੂੰ ਆਦਮੀ ਕਹਾਉਣ ਦਾ ਹੱਕ ਹੈ... ਨਹੀਂ।

ਕੀ ਇਸ ਗੱਲ ਦਾ ਦੋਸ਼ ਵੀ ਕੁਦਰਤ ਤੇ ਲਾਵਾਂਗੇ ? ...ਨਹੀਂ। ਦੋਸ਼ ਸਾਡਾ ਆਪਣਾ ਹੈ। ਅਸੀਂ ਲਾਲਚ, ਨਫ਼ਰਤ, ਈਰਖਾ, ਹਉਮੈ ਤੇ ਵਿਤਕਰਿਆਂ ਦੀਆਂ ਭਾਵਨਾਵਾਂ ਦੀ ਅੱਗ 'ਚ ਸੜਦੇ ਹੋਏ ਆਪਣੇ ਵਿਚਕਾਰ ਵੰਡ ਦੀ ਲਕੀਰ ਵਾਹ ਕੇ ਆਹਮੋ-ਸਾਹਮਣੇ ਖੜ ਜਾਂਦੇ ਹਾਂ — ਪਰ ਮੁਠੀ ਭਰ ਤਾਕਤਵਰ ਤੇ ਖ਼ੁਦ-ਗਰਜ਼ ਲੋਕ ਆਪਣੇ ਵਿਚਕਾਰ ਇਕ ਡੂੰਘਾ ਟੋਇਆ ਪੱਟ ਕੇ ਉਹਨਾਂ ਨੂੰ ਤਬਾਹੀ ਵੱਲ ਲੈ ਜਾਂਦੇ ਹਨ। ਆਉ, ਅੱਜ ਅਸੀਂ ਆਪਣੇ ਅੰਦਰ ਛੁਪੇ ਖ਼ੂਨੀ ਦਾਨਵ ਨੂੰ ਪਛਾਣ ਕੇ ਖਤਮ ਕਰੀਏ ਤਾਂ ਜੋ ਸਾਡੀ ਸੋਚ ਦਾ ਹਰ ਰਸਤਾ ਅਮਨ, ਚੈਨ ਤੇ ਸ਼ਾਂਤੀ ਵੱਲ ਜਾਵੇ।

ਪੁਰਾਣੇ ਲੋਕ ਕਹਿੰਦੇ ਹਨ ਜੋ ਕੁਛ ਵੀ ਦੁਨੀਆਂ ਉਪਰ ਵਾਪਰਦਾ ਹੈ ਉਸਦਾ ਹਿਸਾਬ ਕਿਤਾਬ ਧਰਮਰਾਜ ਦੀ ਕਚਹਿਰੀ ਵਿਚ ਹੁੰਦਾ ਹੈ। ਅਸੀਂ ਧਰਮਰਾਜ ਬਾਰੇ ਕੀ ਕਹਿ ਸਕਦੇ ਹਾਂ ਕਿਉਂਕਿ ਅਸੀਂ ਕਦੇ ਉਸ ਨੂੰ ਦੇਖਿਆ ਹੀ ਨਹੀਂ, ਨਾਂ ਹੀ ਮੈਂ ਦੇਖਿਆ ਹੈ।

ਖੈਰ ! ਤੁਹਾਡੇ ਵਿਸ਼ਵਾਸ ਤੇ ਬਜ਼ੁਰਗਾਂ ਦੇ ਇਸ ਕਥਨ ਨੂੰ ਮੁਖ ਰੱਖਦੇ ਹੋਏ ਅਸੀਂ ਆਪਣੀ ਗੱਲ ਕਹਿਣ ਲਈ ਧਰਮਰਾਜ ਦੀ ਹੋਂਦ ਨੂੰ ਕੁਝ ਦੇਰ ਲਈ ਮੰਨ ਲੈਂਦੇ ਹਾਂ ਤੇ ਆਪਣਾ ਨਾਟਕ ਸ਼ੁਰੂ ਕਰਦੇ ਹਾਂ

ਔਹ ਦੇਖੋ ਸਾਹਮਣੇ ਧਰਮਰਾਜ ਆ ਰਿਹਾ ਹੈ।

[ਧਰਮਰਾਜ ਤੇ ਚਿਤਰਗੁਪਤ ਆਉਂਦੇ ਹਨ। ਚਿਤਰਗੁਪਤ ਕੋਲ ਹਿਸਾਬ ਕਿਤਾਬ ਵਾਲੀ ਵਹੀ ਹੈ ਜੋ ਕੱਛ ਵਿਚ ਦਿਤੀ ਹੋਈ ਹੈ। ਧਰਮਰਾਜ ਕੁਰਸੀ ਤੇ ਬੈਠਦਾ ਹੈ]

ਧਰਮਰਾਜ : ਹਾਂ ! ਤਾਂ ਚਿਤਰਗੁਪਤ। ਸਾਡੀ ਅੱਜ ਦੀ ਇਹ ਹੰਗਾਮੀ ਮੀਟਿੰਗ ਕਿਸ ਮਸਲੇ ਲਈ ਬੁਲਾਈ ਹੈ ?

ਚਿਤਰਗੁਪਤ : ਮਹਾਰਾਜ ! ਮਾਮਲਾ ਬੜਾ ਅਹਿਮ ਤੇ ਗੰਭੀਰ ਹੈ।

ਧਰਮਰਾਜ : ਦੱਸੋ ਤਾਂ ਸਹੀ ਇਹੋ ਜਿਹਾ ਕਿਹੜਾ ਗੰਭੀਰ ਮਸਲਾ ਹੈ ?

ਚਿਤਰਗੁਪਤ : ਤਿਰੰਗ ਨਗਰੀ ਉੱਪਰ ਕੁਝ ਪਵਿਤਰ ਤੇ ਨਿਰਪੱਖ ਰੂਹਾਂ ਦੇ ਜਨਮ ਲੈਣ ਬਾਰੇ ਵਿਚਾਰ ਵਟਾਂਦਰਾ।

ਧਰਮਰਾਜ : ਇਹੋ ਜਿਹੀ ਕਿਹੜੀ ਭੀੜ ਆ ਪਈ ਹੈ ਜੋ ਤਿਰੰਗ ਨਗਰੀ ਨੂੰ ਮੁੜ ਪਵਿਤਰ ਰੂਹਾਂ ਦੀ ਲੋੜ ਆ ਪਈ ਏ ?



ਚਿਤਰਗੁਪਤ : ਮਹਾਰਾਜ ਜਿਥੇ ਕੂੜ ਦਾ ਪਸਾਰਾ ਵੱਧ ਜਾਏ ਉਥੇ ਤਾਂ ਕਿਸੇ ਪਵਿਤਰ ਰੂਹ ਦਾ ਜਾਣਾ ਜ਼ਰੂਰੀ ਏ। ਇਸ ਧਰਤੀ ਤੇ ਪਹਿਲਾਂ ਵੀ, ਰਾਮ, ਗੁਰੂ ਨਾਨਕ ਤੇ ਮੁਹੰਮਦ ਵਰਗਿਆਂ ਨੂੰ ਜਾਣਾ ਪਿਆ ਸੀ।

ਧਰਮਰਾਜ : ਪਰ ਉਹ ਨਗਰੀ ਤਾਂ ਆਪਣੇ-ਆਪ ਨੂੰ 'ਸੋਨੇ ਦੀ ਚਿੜੀ' ਕਹਾਉਂਦੀ ਐ ! ਉਹ ਰਿਸ਼ੀਆਂ ਮੁਨੀਆਂ ਦੀ ਧਰਤੀ ਐ ਉਥੇ ਕੌਣ ਨਹੀਂ ਜਾਣਾ ਚਾਹੇਗਾ।

ਆਵਾਜ਼ : (ਜ਼ੋਰ ਦੀ ਹੱਸਣ ਦੀ ਆਵਾਜ਼। ਧਰਮਰਾਜ ਤੇ ਚਿਤਰਗੁਪਤ ਇਕ ਦੂਜੇ ਵਲ ਹੈਰਾਨੀ ਨਾਲ ਵੇਖਦੇ ਹਨ ਕਿ ਇਹ ਆਵਾਜ਼ ਕਿਥੋਂ ਆ ਰਹੀ ਹੈ ਤੇ ਕਿਸ ਦੀ ਹੈ) ਸੋਨੇ ਦੀ ਚਿੜੀ (ਹਾਸਾ) ਰਿਸ਼ੀਆਂ ਮੁਨੀਆਂ ਦੀ ਧਰਤੀ (ਹਾਸਾ) ਹੈਰਾਨ ਨਾ ਹੋਵੋ ਮੈਂ ਵਕਤ ਹਾਂ। ਪੂਰੇ ਦਾ ਪੂਰਾ ਬ੍ਰਹਿਮੰਡ ਮੇਰੀ ਨਜ਼ਰ 'ਚ ਹੈ। ਸੁਣੋ, ਉਹ ਨਗਰੀ ਹੁਣ ਸੋਨੇ ਦੀ ਚਿੜੀ ਨਹੀਂ ਰਹੀ ਉਹ ਹੁਣ ਲੀਰਾਂ ਦੀ ਚਿੜੀ ਹੈ ਤੇ ਰਿਸ਼ੀ ਮੁਨੀ...! (ਹਾਸਾ)

ਚਿਤਰਗੁਪਤ : ਹਾਂ ਹਜ਼ੂਰ, ਇਹ ਆਵਾਜ਼ ਸੱਚ ਹੀ ਕਹਿ ਰਹੀ ਏ। ਉਹ ਨਗਰੀ ਹੁਣ ਰਿਸ਼ੀਆਂ ਮੁਨੀਆਂ ਦੀ ਨਗਰੀ ਨਹੀਂ ਏ। ਹਰ ਪਾਸੇ ਭੁੱਖ, ਦੁੱਖ ਤੇ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਤੇ ਤੁਸੀਂ ਆਪ ਹੀ ਦਸੋ ਕਿ ਇਹੋ ਜਿਹੀ ਧਰਤੀ ਉਪਰ ਕੌਣ ਜਾਣਾ ਚਾਹੇਗਾ ?

ਧਰਮਰਾਜ : ਹਾਂ, ਨਾਰਦ ਵਲੋਂ ਆਈ ਰਿਪੋਰਟ 'ਚ ਮੈਂ ਇਹੋ ਜਿਹਾ ਕਾਫ਼ੀ ਕੁਝ ਪੜ੍ਹ ਚੁੱਕਾ ਹਾਂ। ਮੈਨੂੰ ਪਤਾ ਲੱਗਾ ਹੈ ਕਿ ਤਿਰੰਗ ਨਗਰੀ ਦੇ ਬਹੁਤੇ ਲੋਕਾਂ ਦੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਉਹ ਕਿਸੇ ਵੀ ਢੰਗ ਨਾਲ ਕਿਸੇ ਯੋਰਪੀ ਦੇਸ਼ ਜਾਂ ਫੇਰ ਅਰਬੀ ਦੇਸ਼ ਵਿੱਚ ਜਾ ਵੱਸਣ।

ਚਿਤਰਗੁਪਤ : ਜਨਾਬ ! ਉਥੋਂ ਦੇ ਬਹੁਤੇ ਬਾਸ਼ਿੰਦੇ ਤਾਂ ਐਨੇ ਬੇਵਸ ਹਨ ਕਿ ਉਹਨਾਂ ਨੂੰ ਤਾਂ ਹੱਡ ਭਨਵੀਂ ਮੇਹਨਤ ਕਰਨ ਤੋਂ ਬਾਅਦ ਵੀ ਢਿੱਡ ਭਰਨ ਜੋਗੀ ਰੋਟੀ ਨਸੀਬ ਨਹੀਂ ਹੁੰਦੀ। ਹਜ਼ੂਰ ਉਸ ਨਗਰੀ ਦੀ ਹਾਲਤ ਬੜੀ ਤਰਸਯੋਗ ਹੈ। ਕੀ ਤੁਸੀਂ ਇਹ ਸਭ ਕੁਝ ਅਖੀਂ ਵੇਖਣਾ ਚਾਹੋਗੇ ?

ਧਰਮਰਾਜ : ਹਾਂ... ਹਾਂ... ਜ਼ਰੂਰ ਵੇਖਣਾ ਚਾਹਾਂਗਾ (ਫੇਡ ਆਊਟ)

[ਫੇਡ ਇਨ-ਚਿਤਰਗੁਪਤ ਧਰਮਰਾਜ ਦੀ ਰਿਵਾਲਵਿੰਗ ਚੇਅਰ ਨੂੰ ਘੁਮਾਉਂਦਾ ਹੈ (ਇਕੋ ਚੱਕਰ)। ਸਾਰੇ ਪਾਤਰ ਜ਼ਖਮੀ ਹਾਲਤ ਵਿਚ ਹੌਲੀ-ਹੌਲੀ ਹੇਠਾਂ ਡਿਗਦੇ ਹਨ। ਇਕ ਗੀਤ ਦੀ ਆਵਾਜ਼ ਉਭਰਦੀ ਹੈ]

ਅੱਜ ਆਖਾਂ ਵਾਰਿਸ਼ ਸ਼ਾਹ ਨੂੰ, 'ਕਿਤੋਂ ਕਬਰਾਂ ਵਿਚੋਂ ਬੋਲ।
ਉਠ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਦਰਦ ਮੰਦਾਂ ਦਿਆ ਦਰਦੀਆ, ਉੱਠ ਤੱਕ ਅਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।

(ਪਾਤਰ ਹੌਲੀ-ਹੌਲੀ ਬਾਹਰ ਜਾਂਦੇ ਹਨ। ਪਹਿਰੇਦਾਰ ਆਉਂਦਾ ਹੈ।)

ਪਹਿਰੇਦਾਰ : ਹਜ਼ੂਰ!

ਚਿਤਰਗੁਪਤ : ਕਹੋ, ਦਰਬਾਨ, ਕੀ ਕਹਿਣਾ ਚਾਹੁੰਦੇ ਹੋ?

ਪਹਿਰੇਦਾਰ : ਜਨਾਬ! ਮੈਂ ਉਸ ਸਰਾਂ ਦਾ ਪਹਿਰੇਦਾਰ ਹਾਂ, ਜਿਸ ਵਿੱਚ ਤਿਰੰਗ ਨਗਰੀ ਤੋਂ ਆਈਆਂ ਰੂਹਾਂ ਰਹਿੰਦੀਆਂ ਹਨ।

ਧਰਮ : ਪਰ ਐਨੇ ਘਬਰਾਏ ਹੋਏ ਕਿਉਂ ਹੋ?

ਪਹਿਰੇਦਾਰ : ਗੁਸਤਾਖੀ ਲਈ ਮੁਆਫ਼ ਕਰਨਾ ਹਜ਼ੂਰ। ਮੇਰੀ ਕਿਸੇ ਹੋਰ ਈ ਪਾਸੇ ਬਦਲੀ ਕਰ ਦਿਉ। ਮੈਂ ਇਹੋ ਜਿਹੇ ਮਾਹੌਲ ਵਿੱਚ ਨਹੀਂ ਰਹਿ ਸਕਦਾ ਜਿਥੇ ਹਰ ਵਕਤ ਚੀਖ ਚਿਹਾੜਾ ਪਿਆ ਰਹੇ। ਉਹ ਦਰਦਨਾਕ ਆਵਾਜ਼ਾਂ ਮੇਰੀ ਸਹਿਨਸ਼ਕਤੀ ਤੋਂ ਬਾਹਰ ਹਨ। ਮੈਂ ਹੁਣ ਹੋਰ ਨਹੀਂ ਸੁਣ ਸਕਦਾ, ਸੁਣ ਹੀ ਨਹੀਂ ਸਕਦਾ।

ਧਰਮਰਾਜ : ਆਵਾਜ਼ਾਂ! ਚੀਖ ਚਿਹਾੜਾ! ਕੁਰਲਾਹਟਾਂ! ਮੈਂ ਤੁਹਾਡੀ ਗੱਲ ਨਹੀਂ ਸਮਝਿਆ। ਤਸੱਲੀ ਨਾਲ ਤੇ ਖੁਲ੍ਹ ਕੇ ਕਹੋ - ਕੀ ਕਹਿਣਾ ਚਾਹੁੰਦੇ ਹੋ?

ਪਹਿਰੇਦਾਰ : ਜਨਾਬ! ਮੇਰੀ ਸਰਾਂ ਵਾਲੇ ਲੋਕ ਤਾਂ ਸੁੱਤੇ ਪਏ ਵੀ ਉਠ ਉਠ ਦੌੜਦੇ ਤੇ ਨੀਂਦਰੇ 'ਚ ਬੁੜ-ਬੁੜਾਉਂਦੇ ਹਨ। ਸਾਨੂੰ ਨਾ ਮਾਰੋ, ਸਾਡਾ ਕੀ ਕਸੂਰ ਐ? ਤੇ ਇਸ ਦੇ ਨਾਲ ਹੀ ਉਹ ਜਾਗ ਕੇ ਸਚਮੁੱਚ ਪਾਗਲਾਂ ਵਰਗੀਆਂ ਹਰਕਤਾਂ ਸ਼ੁਰੂ ਕਰ ਦਿੰਦੇ ਹਨ। ਮਿੰਨਤਾਂ ਤਰਲੇ ਕਰਦੇ ਆ, ਵਾਸਤੇ ਪਾਉਂਦੇ ਆ ਤੇ ਭਿਖਾਰੀਆਂ ਵਾਂਗ ਗਿੜਗੜਾਉਣ ਲੱਗ ਪੈਂਦੇ ਹਨ।

[ਪਿੱਠ ਭੂਮੀ ਚੋਂ ਕੁਝ ਇਹੋ ਜਿਹੀਆਂ ਆਵਾਜ਼ਾਂ ਉਭਰਦੀਆਂ ਹਨ ਤੇ ਫੇਰ ਸ਼ਾਂਤ ਹੋ ਜਾਂਦੀਆਂ ਹਨ। ਨਾਲ ਹੀ ਗੀਤ ਦੀ ਆਵਾਜ਼ ਉਭਰਦੀ ਹੈ।]

ਉਦੋਂ ਵਾਰਿਸ਼ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਕੁਮ ਰ ਦੀ ਵਾਰੀ ਹੈ।
ਇਹ ਜ਼ਖਮ ਤੁਹਾਨੂੰ ਭੁੱਲ ਵੀ ਗਏ, ਨਵਿਆਂ ਦੀ ਜੋ ਫੇਰ ਤਿਆਰੀ ਹੈ।

ਧਰਮਰਾਜ : ਚਿਤਰਗੁਪਤ! ਤੂੰ ਇਸ ਮਾਮਲੇ ਬਾਰੇ ਸਾਨੂੰ ਪਹਿਲਾਂ ਕਿਉਂ ਨਹੀਂ ਦੱਸਿਆ। ਖੈਰ! ਤੈਨੂੰ ਚਾਹੀਦਾ ਸੀ ਕਿ ਤੂੰ ਸਾਨੂੰ ਵੇਲੇ ਸਿਰ ਇਸ ਮਾਮਲੇ ਬਾਰੇ ਗੁਪਤ ਰਿਪੋਰਟ ਪੇਸ਼ ਕਰਦਾ।



ਚਿਤਰਗੁਪਤ : ਮਹਾਰਾਜ ਮੈਂ ਤਾਂ ਪੂਰੀ...!

ਧਰਮਰਾਜ : ਚੁਪ! ਆਪਣੀਆਂ ਕਮੀਆਂ ਪੇਸ਼ੀਆਂ ਤੇ ਹੋਰ ਪਰਦੇ ਨਾ ਪਾਉ। ਇਸ ਮਾਮਲੇ ਤੋਂ ਇਹ ਸਪਸ਼ਟ ਹੋ ਜਾਂਦਾ ਏ ਕਿ ਤੇਰਾ ਗੁਪਤਚਰ ਵਿਭਾਗ ਇਮਾਨਦਾਰ ਨਹੀਂ। ਤੇਰੇ ਗੁਪਤਚਰ ਵਿਭਾਗ ਵਿਚ ਵੀ ਭ੍ਰਿਸ਼ਟ ਅਧਿਕਾਰੀ ਸ਼ਾਮਲ ਨੇ ਤੇ ਸਹੀ ਰਿਪੋਰਟਿੰਗ ਦੀ ਆਸ ਕਿਥੋਂ ਰੱਖਦੇ ਓ? ਅੱਛਾ। ਹੁਣ ਉਹਨਾਂ ਰੂਹਾਂ ਦੀ ਰਿਪੋਰਟ ਛੇਤੀ ਬਣਾ ਕੇ ਦਿਉ ਜੋ ਮੁੜ ਉਸ ਧਰਤੀ ਤੇ ਜਾਣਾ ਚਾਹੁੰਦੇ ਨੇ।

ਚਿਤਰਗੁਪਤ : ਰਿਪੋਰਟ ਤਿਆਰ ਹੈ ਜਨਾਬ। (ਫਾਇਲ ਦਿੰਦਾ ਹੈ)

ਧਰਮਰਾਜ : (ਪੜ੍ਹਕੇ, ਇਹਨਾਂ ਹਾਲਾਤ ਨੂੰ ਵੇਖਦਿਆਂ ਸਾਨੂੰ ਇਸ ਸਮੱਸਿਆ ਦਾ ਕੋਈ ਫੌਰੀ ਹੱਲ ਲੱਭਣਾ ਪਏਗਾ ਤੇ ਕਿਉਂ ਨਾ ਕਿਸੇ ਫੈਸਲੇ ਤੋਂ ਪਹਿਲਾਂ ਤਿਰੰਗ ਨਗਰੀ ਦੇ ਵਫ਼ਾਦਾਰ ਤੇ ਸ਼ਹੀਦ ਪ੍ਰਾਣੀਆਂ ਨੂੰ ਵੀ ਇਸ ਸੋਚ-ਵਿਚਾਰ ਤੇ ਬਹਿਸ ਵਿਚ ਸ਼ਾਮਿਲ ਕਰ ਲਿਆ ਜਾਵੇ।

ਚਿਤਰਗੁਪਤ : ਠੀਕ ਹੈ। ਇਹ ਬੰਦੇ ਸਾਡੀ ਸਮੱਸਿਆ ਹੱਲ ਕਰਨ 'ਚ ਕਾਫੀ ਮੱਦਦ ਕਰ ਸਕਦੇ ਆ।

ਧਰਮਰਾਜ : ਉਹਨਾਂ ਸਾਰਿਆਂ ਨੂੰ ਬੁਲਾਉ ਜਿਹਨਾਂ ਨੇ ਆਪਣੇ ਖ਼ੂਨ ਦੀ ਇਕ ਇਕ ਬੂੰਦ ਦੇਸ਼ ਦੇ ਲੇਖੇ ਲਾਈ ਹੈ। ਮੇਰਾ ਮਤਲਬ ਹੈ ਕਿ ਭਗਤ ਸਿੰਘ, ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ, ਸੁਭਾਸ਼ ਚੰਦਰ ਬੋਸ ਤੇ ਰਾਮ ਮੁਹੰਮਦ ਸਿੰਘ ਆਜ਼ਾਦ ਵਰਗੇ ਜਿੰਨੇ ਵੀ ਬੰਦੇ ਨੇ ਸਭ ਨੂੰ ਬੁਲਾਉ।

ਚਿਤਰਗੁਪਤ : ਜੋ ਹੁਕਮ ਸਰਕਾਰ (ਪਹਿਰੇਦਾਰ ਨੂੰ) ਤੂੰ ਚੱਲ ਤੇ ਉਹਨਾਂ ਨੂੰ ਬੁਲਾ ਲਿਆ (ਪਹਿਰੇਦਾਰ ਸਿਰ ਝੁਕਾ ਕੇ ਜਾਂਦਾ ਹੈ) ਜਨਾਬ! ਨਾਚੀਜ਼ ਦੀ ਇਕ ਅਰਜ਼ ਹੈ ਜੇ ਬੁਰਾ ਨਾ ਮਨਾਉ ਤਾਂ।...

ਧਰਮਰਾਜ : ਕਹੋ-ਕਹੋ, ਬੇ ਝਿਜਕ ਹੋ ਕੇ ਕਹੋ।

ਚਿਤਰਗੁਪਤ : ਤੁਸੀਂ ਕਾਹਨੂੰ ਇਹ ਸਿਰਦਰਦੀ ਮੁੱਲ ਲੈਂਦੇ ਹੋ? ਤੁਹਾਡੀ ਸਿਹਤ ਤਾਂ ਪਹਿਲਾਂ ਹੀ ਠੀਕ ਨਹੀਂ ਰਹਿੰਦੀ ਤੇ ਵੈਦ ਜੀ ਨੇ ਤੁਹਾਨੂੰ 'ਪੂਰਨ-ਆਰਾਮ' ਦੀ ਸਲਾਹ ਦਿੱਤੀ ਹੈ।

ਧਰਮਰਾਜ : ਚਿਤਰਗੁਪਤ ਜੀ, ਤੁਸੀਂ ਸਾਫ਼-ਸਾਫ਼ ਕਹੋ ਕੀ ਕਹਿਣਾ ਚਾਹੁੰਦੇ ਹੋ?

ਚਿਤਰਗੁਪਤ : ਇਹੀ ਜਨਾਬ! ਮਾਮਲਾ ਕਿਸੇ ਕਮਿਸ਼ਨ ਨੂੰ ਸੌਂਪ ਦਿੱਤਾ ਜਾਏ। ਅਸੀਂ ਇਕੱਲੇ ਹੀ ਖਾਮਖਾਹ ਦੁਸ਼ਮਣੀ ਮੁੱਲ ਲਈਏ। ਵੈਸੇ ਤਾਂ ਉਥੇ ਵੀ ਬਹੁਤ ਪਾਰਟੀਆਂ ਬਣੀਆਂ ਹੋਈਆਂ ਨੇ ਜਿਵੇਂ ਖੱਬੂ, ਸੱਜੂ, ਅਤਿਵਾਦੀ, ਸੋਧਵਾਦੀ, ਖੋਜਵਾਦੀ, ਸੋਹਜਵਾਦੀ।

ਧਰਮਰਾਜ : ਪਰ ਮਨੁੱਖਵਾਦੀ ਬਹੁਤ ਘੱਟ ਨੇ ਉਹਨਾਂ ਵਿਚ। ਉਂਞ ਉਹਨਾਂ ਨੂੰ ਇਥੇ ਸੱਦ ਕੇ ਹਾਲਤ ਦਾ ਜਾਇਜ਼ਾ ਲੈਣ ਦਾ ਤਾਂ ਕੋਈ ਹਰਜ ਨਹੀਂ।

ਚਿਤਰਗੁਪਤ : ਠੀਕ ਹੈ ਜੀ, ਸਚਾਈ ਜਾਨਣੀ ਬਹੁਤ ਜ਼ਰੂਰੀ ਹੈ। ਤਾਂ ਹੀ ਅਸੀਂ ਠੀਕ ਕਦਮ ਚੁਕ ਸਕਾਂਗੇ। ਸੱਚ ਝੂਠ ਜਾਨਣ ਲਈ ਹਰ ਗੱਲ ਦੀ ਆਲੋਚਨਾ ਤੇ ਵਿਰੋਧ ਬਹੁਤ ਜ਼ਰੂਰੀ ਹੈ। ਇਸ ਨਾਲ ਹੀ ਵਿਕਾਸ ਹੁੰਦਾ ਹੈ।

[ਇਕ ਪਾਸਿਉਂ ਭਗਤ ਸਿੰਘ ਤੇ ਮਦਨ ਲਾਲ ਢੀਂਗਰਾਂ ਦਾ ਪ੍ਰਵੇਸ਼]

ਧਰਮਰਾਜ : ਜੀ ਆਇਆਂ ਨੂੰ (ਉੱਠਕੇ) ਆਉ ਆਉ, ਮੈਂ ਤੁਹਾਨੂੰ ਹੀ ਉਡੀਕ ਰਿਹਾ ਸਾਂ।

ਭਗਤ ਸਿੰਘ : ਫਰਮਾਉ। ਸਰਕਾਰ ਨੇ ਅੱਜ ਸਾਨੂੰ ਕਿਵੇਂ ਯਾਦ ਕੀਤਾ ?

ਧਰਮਰਾਜ : ਮੈਂ...ਹਾਂ ! ਤੁਹਾਨੂੰ ਇਸ ਲਈ ਬੁਲਾਇਆ ਹੈ ਕਿ ਤੁਹਾਡੇ ਨਾਲ ਕੁਝ ਜ਼ਰੂਰੀ ਮਸਲਿਆਂ ਤੇ ਸਲਾਹ ਮਸ਼ਵਰਾ ਕਰਨਾ ਚਾਹੁੰਦਾ ਹਾਂ ਤੇ ਇਹ ਵੀ ਚਾਹੁੰਦਾ ਹਾਂ, ਤੇ ਕੁਝ ਨੇਕ ਰੂਹਾਂ ਨੂੰ ਮੁੜ ਤਿਰੰਗ-ਨਗਰੀ ਭੇਜਿਆ ਜਾਵੇ, ਉਥੋਂ ਦੇ ਤਨਾਅ ਭਰੇ ਮਾਹੌਲ ਨੂੰ ਸੁਖਾਵਾਂ ਕੀਤਾ ਜਾ ਸਕੇ।

ਮਦਨ ਲਾਲ : ਸਰਕਾਰ ! ਉਹਨਾਂ ਦੀਆਂ ਗੱਲਾਂ ਤਾਂ ਸੀਨੇ ਤੇ ਪੱਥਰ ਰੱਖ ਕੇ ਹੀ ਸੁਣੀਆਂ ਜਾ ਸਕਦੀਆਂ ਹਨ। ਜਦ ਉਹ ਸਾਡੇ ਦੇਸ਼ ਦੀਆਂ ਗੱਲਾਂ ਸੁਣਾਉਂਦੇ ਹਨ ਤਾਂ ਸਾਡਾ ਕਲੇਜਾ ਬਾਹਰ ਨੂੰ ਆਉਂਦਾ ਹੈ।

ਭਗਤ ਸਿੰਘ : ਫਿਰਕੂ ਘਟਨਾਵਾਂ ਬਾਰੇ ਸੁਣ-ਸੁਣ ਕੇ ਸਾਡੀਆਂ ਅੱਖਾਂ ਚੋਂ ਆਪ ਮੁਹਾਰੇ ਹੰਝੂ ਵਗ ਤੁਰਦੇ ਨੇ। ਜਿਸ ਧਰਤੀ ਨੂੰ ਆਜ਼ਾਦ ਕਰਾਉਣ ਲਈ ਅਸੀਂ ਤਸੀਹੇ ਝੱਲੇ, ਆਪਾ ਵਾਰਿਆ, ਉਸ ਧਰਤੀ ਦੀ ਇਹ ਦੁਰਦਸ਼ਾ ? ਸਾਡੀਆਂ ਜ਼ਿੰਦਗੀਆਂ, ਸਾਡੀਆਂ ਜਾਨਾਂ ਤਾਂ ਕਿਸੇ ਕੰਮ ਨਾ ਆਈਆਂ।

ਮਦਨ ਲਾਲ : ਅਸੀਂ ਚਾਹੁੰਦੇ ਸੀ ਸਾਡੇ ਦੇਸ਼ ਦੇ ਹਰ ਵਸਨੀਕ ਨੂੰ ਰੋਟੀ ਕੱਪੜਾ ਤੇ ਮਕਾਨ ਮਿਲੇ, ਕੋਈ ਭੁੱਖਾ ਨਾ ਰਹੇ, ਸਭ ਬਰਾਬਰ ਹੋਣ।

ਭਗਤ ਸਿੰਘ : ਪਰ ਉਸ ਨਗਰੀ ਵਿਚ ਕਰੋੜਾਂ ਹੀ ਲੋਕ ਬਿਨਾਂ ਬਿਸਤਰ, ਭੁਖੇ ਪੇਟ ਸੜਕਾਂ ਤੇ ਰੀਂਗਦੇ ਫਿਰਦੇ ਨੇ. ਕੀ ਤੁਸੀਂ ਏਹੋ ਜਿਹੀ ਜ਼ਿੰਦਗੀ ਨੂੰ ਜ਼ਿੰਦਗੀ ਕਹੋਗੇ ?

ਚਿਤਰਗੁਪਤ : ਉਹ ਕੋਈ ਕੰਮ ਕਿਉਂ ਨਹੀਂ ਕਰਦੇ ? ਮਿਹਨਤ ਕਰਨ ਤੇ ਆਪਣੀ ਰੋਟੀ ਰੋਜ਼ੀ ਕਮਾ ਸਕਦੇ ਆ।

ਮਦਨ ਲਾਲ : ਸ੍ਰੀ ਮਾਨ ਚੰਦਰਗੁਪਤ ਸਾਹਿਬ ਜੀ, (ਲਾ ਕੇ) ਉਥੇ ਲੱਖਾਂ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਸੜਕਾਂ ਨਾਪਦੇ ਫਿਰਦੇ ਆ। ਪੜ੍ਹਾਈ ਖਤਮ



ਹੁੰਦੇ ਈ ਰੁਜ਼ਗਾਰ ਦੇਣਾ ਤਾਂ ਸਰਕਾਰ ਦਾ ਕੰਮ ਐ।

ਸਿੱਧਾ ਬੰਦਾ : ਜਦ ਕੰਮ ਨਹੀਂ ਮਿਲਦਾ ਤਾਂ ਕਈ ਵਾਰੀ ਸਾਡੇ ਵਰਗੇ ਫੇਰ ਡਾਕਾ ਮਾਰਨ ਦੀਆਂ ਵਿਉਂਤਾਂ ਬਣਾਉਂਦੇ ਆ। ਭੁੱਖੇ ਥੋੜ੍ਹੋਂ ਮਰਨਾ, ਜੇ ਨੌਕਰੀ ਨਹੀਂ ਮਿਲਦੀ ਤਾਂ ਇਨ੍ਹਾਂ ਹੱਥਾਂ ਨੇ ਕੁਝ ਨਾ ਕੁਝ ਤਾਂ ਕਰਨਾ ਈ ਹੋਇਆ।

ਭਗਤ ਸਿੰਘ : ਜਿੰਨੀਆਂ ਵੀ ਸਰਕਾਰ ਵਿਰੋਧੀ ਲਹਿਰਾਂ ਉਠਦੀਆਂ ਨੇ, ਉਹ ਭਾਵੇਂ ਬੰਗਾਲ ਦੀ ਲਹਿਰ ਹੋਵੇ ਜਾਂ ਪੰਜਾਬ ਦੀ, ਉਨ੍ਹਾਂ ਦਾ ਕਾਰਣ ਆਰ-ਥਿਕਤਾ ਹੀ ਹੈ। ਬੇਰੁਜ਼ਗਾਰੀ ਹੀ ਹੈ।

ਮਦਨ ਲਾਲ : ਅਸੀਂ ਜਿਹੋ ਜਿਹਾ ਸਮਾਜ ਸਿਰਜਣਾ ਚਾਹੁੰਦੇ ਸੀ, ਸਭ ਕੁਝ ਉਸਦੇ ਉਲਟ ਹੋ ਰਿਹਾ ਹੈ।

ਭਗਤ ਸਿੰਘ : ਤਿਰੰਗ ਨਗਰੀ ਦੀ ਸਰਕਾਰ ਤਾਂ ਸਦਾ ਹੀ ਡਾਵਾਂ-ਡੋਲ ਰਹਿੰਦੀ ਹੈ। ਉਥੋਂ ਦੇ ਸਵਾਰਥੀ ਸਿਆਸਤਦਾਨ ਸਰਕਾਰੀ ਕੁਰਸੀਆਂ ਉੱਪਰ ਸੁਸ਼ੋਭਿਤ ਹੋ ਕੇ ਆਪਣੇ ਹਿਤਾਂ ਨੂੰ ਦੇਖਦੇ ਹਨ। ਇਹੋ ਜਿਹੇ ਲੋਕ ਦੇਸ਼ ਲਈ ਕੀ ਕਰਨਗੇ ? ਲੋਕਾਂ ਦਾ ਕੀ ਸੁਆਰਨਗੇ ?

ਚਿਤਰਗੁਪਤ : ਆਓ, ਆਓ। (ਦੋ ਨੌਜੁਆਨ ਆਉਂਦੇ ਹਨ। ਇਕ ਸਰਦਾਰ ਹੈ, ਦੂਜਾ ਮੋਨਾ) ਅਸੀਂ ਤੁਹਾਨੂੰ ਮਾਨਸ ਜੂਨੇ ਤਿਰੰਗ ਨਗਰੀ ਭੇਜ ਰਹੇ ਆਂ।

ਪ੍ਰੇਮ ਕੁਮਾਰ : ਨਹੀਂ (ਉੱਚੀ) ਅਸੀਂ ਕਿਸੇ ਹਾਲਤ ਵਿਚ ਵੀ ਤਿਰੰਗਨਗਰੀ 'ਤੇ ਨਹੀਂ ਜਾਵਾਂਗੇ। ਜਿੱਥੇ ਪ੍ਰੇਮ ਪਿਆਰ ਹੀ ਮੁੱਕ ਚੁੱਕਾ ਹੈ।

ਸੁਰਜੀਤ ਸਿੰਘ : ਏਹੋ ਜਿਹੀ ਜਗਾਹ ਅਸੀਂ ਜਨਮ ਲੈਣਾ ਵੀ ਪਾਪ ਸਮਝਦੇ ਹਾਂ ਜਿੱਥੇ ਸਾਨੂੰ ਜੰਮਦਿਆਂ ਨੂੰ ਹੀ ਹਿੰਦੂ ਸਿੱਖ ਮੁਸਲਮਾਨ ਤੇ ਹੋਰ ਜਾਤਾਂ-ਪਾਤਾਂ ਵਿਚ ਵੰਡ ਦਿੱਤਾ ਜਾਂਦਾ ਹੈ।

ਪ੍ਰੇਮ ਕੁਮਾਰ : ਅਸੀਂ ਨਹੀਂ ਵੰਡੇ ਜਾਣਾ ਚਾਹੁੰਦੇ। ਸਾਨੂੰ ਇਨਸਾਨ ਨਹੀਂ ਰਹਿਣ ਦਿੱਤਾ ਜਾਂਦਾ। ਧਰਮ ਹੀ ਤਾਂ ਪੁਆੜੇ ਦੀ ਜੜ੍ਹ...। (ਚਿਤਰਗੁਪਤ ਉਸਦਾ ਹੱਥ ਨਾਲ ਮੂੰਹ ਬੰਦ ਕਰਦਾ ਹੈ।)

ਭਗਤ ਸਿੰਘ : ਮੈਂ ਵੀ ਨਾਸਤਿਕ ਹਾਂ। ਲੇਕਿਨ ਏਨਾ ਤਾਂ ਕਹਿ ਸਕਦੇ ਹੋ ਕਿ ਧਰਮਾਂ ਨੂੰ ਚਲਾਉਣ ਵਾਲੇ ਕੌਣ ਨੇ ?

ਸੁਰਜੀਤ ਸਿੰਘ : ਚਲੋ ਛੱਡੋ, ਸ਼ੇਰ, ਧਰਮ ਗਰੰਥ ਤਾਂ ਹਮੇਸ਼ਾਂ ਪਵਿੱਤਰਤਾ ਤੇ ਸਚਾਈ ਦਾ ਰਾਹ ਦੱਸਦੇ ਹਨ।

ਭਗਤ ਸਿੰਘ : ਪਰ ਧਰਮਾਂ ਨੂੰ ਚਲਾਉਣ ਵਾਲੇ ਠੇਕੇਦਾਰ ਝੂਠੇ ਤੇ ਅਪਵਿੱਤਰ ਹੁੰਦੇ ਹਨ। ਉਹ ਧਰਮਾਂ ਨੂੰ ਰੋਜ਼ੀ ਰੋਟੀ ਤੇ ਕੁਰਸੀ ਦਾ ਸਾਧਨ ਬਣਾਉਂਦੇ ਹਨ। ਧਰਮਾਂ ਦੇ ਨਾਮ ਤੇ ਲੱਖਾਂ ਕਰੋੜਾਂ ਰੁਪਈਆਂ ਦੇ ਘਪਲੇ ਕੀਤੇ

ਜਾਂਦੇ ਹਨ ਤੇ ਮਜ਼ਹਬਾਂ ਦੀ ਵਰਤੋਂ ਆਪਣੇ ਮੁਨਾਫ਼ਿਆਂ ਲਈ ਕੀਤੀ ਜਾਂਦੀ ਹੈ।

ਪ੍ਰੇਮ ਕੁਮਾਰ : ਧਰਮ ਹੀ ਤਾਂ ਸਾਡੇ ਪਤਨ ਦਾ ਕਾਰਨ ਬਣ ਰਹੇ ਹਨ।

ਸੁਰਜੀਤ ਸਿੰਘ : ਕੁਝ ਘਟੀਆ ਲੋਕ ਪਵਿੱਤਰ ਅਰਥਾਂ ਦੇ ਅਨਰਥ ਕਰਕੇ ਆਮ ਜਨਤਾ ਨੂੰ ਗੁਮਰਾਹ ਕਰਦੇ ਹਨ।

ਧਰਮਰਾਜ : ਪਰ ਤੁਸੀਂ ਮਰੇ ਕਿਵੇਂ ?

ਸੁਰਜੀਤ ਸਿੰਘ : ਅਸੀਂ ਦੋਨੋਂ ਇਕ ਦੂਜੇ ਦੇ ਗੂੜ੍ਹੇ ਦੋਸਤ ਸੀ, ਤੇ ਹੁਣ ਵੀ ਹਾਂ। ਨਿਤ ਦਿਨ ਦੀਆਂ ਹਿੰਦੂ ਸਿੱਖਾਂ ਦੇ ਵਿਤਕਰੇ ਦੀਆਂ ਘਟਨਾਵਾਂ ਨੂੰ ਦੇਖਕੇ ਬਹੁਤ ਦੁਖੀ ਹੁੰਦੇ ਸਾਂ ਤੇ ਹਿੰਦੂ ਸਿੱਖਾਂ ਦਾ ਪਾੜਾ ਦੇਖਣਾ ਸਾਡੀ ਸਹਿਣ-ਸ਼ਕਤੀ ਤੋਂ ਬਾਹਰ ਦੀ ਗੱਲ ਹੋ ਗਈ।

ਪ੍ਰੇਮ ਕੁਮਾਰ : ਤੇ ਅਸੀਂ ਇਕ ਦਿਨ ਇਕ ਚਿੱਠੀ ਵਿਚ ਹਿੰਦੂ-ਸਿੱਖ ਏਕਤਾ ਬਾਰੇ ਬਹੁਤ ਕੁਝ ਲਿਖ ਕੇ ਚਿੱਠੀ ਆਪਣੀ ਜੇਬ 'ਚ ਪਾਈ ਤੇ ਗੱਡੀ ਹੇਠ ਆ ਕੇ ਆਤਮ-ਹੱਤਿਆ ਕਰ ਲਈ।

ਭਗਤ ਸਿੰਘ : ਇਸ ਲਈ ਕਿ ਇਹ ਲੋਕ ਤੁਹਾਡੀ ਮੌਤ ਦੀ ਚਿੱਠੀ ਪੜ੍ਹ ਕੇ ਕੋਈ ਚੰਗਾ ਸਬਕ ਸਿੱਖਣ ਤੇ ਇਹਨਾਂ ਦੇ ਮਨਾਂ ਤੇ ਵੀ ਕੋਈ ਅਸਰ ਹੋਵੇ।

[ਚਿਤਰਗੁਪਤ ਭਗਤ ਸਿੰਘ ਨੂੰ ਬਿਠਾਉਂਦਾ ਹੈ]

ਪ੍ਰੇਮ ਕੁਮਾਰ : ਹਾਂ, ਪਰ ਇਨ੍ਹਾ ਪੱਥਰ-ਦਿਲਾਂ ਉਪਰ ਫੇਰ ਵੀ ਕੋਈ ਅਸਰ ਨਾ ਹੋਇਆ।

ਸਿੱਧਾ ਬੰਦਾ : ਉਏ ਮੁੰਡਿਓ ! ਮੇਰੀ ਗੱਲ ਸੁਣੋ, ਜਿਨ੍ਹਾਂ ਲੋਕਾਂ 'ਤੇ ਭਗਤ ਸਿੰਘ ਦੀ ਸ਼ਹੀਦੀ ਦਾ ਕੋਈ ਅਸਰ ਨਹੀਂ ਹੋਇਆ, ਉਨ੍ਹਾਂ ਉੱਪਰ ਤੁਹਾਡੀ ਗੱਲ ਦਾ ਕੀ ਅਸਰ ਹੋਣਾ ਸੀ, ਤੁਸਾਂ ਕਾਹਨੂੰ ਮਰਨ-ਮਰੌਣ ਦਾ ਪੰਗਾ ਲੈ ਲਿਆ।

ਚਿਤਰਗੁਪਤ : ਤੇ ਹੁਣ ਤੁਹਾਡਾ ਧਰਤੀ 'ਤੇ ਜਾਣ ਬਾਰੇ ਕੀ ਵਿਚਾਰ ਹੈ ?

[ਨੀਵੀਂ ਪਾਈ ਰਜਿਸਟਰ ਵਿਚੋਂ ਕੁਝ ਪੜ੍ਹਦਾ ਹੈ। ਬਿਨਾਂ ਜਵਾਬ ਦਿੱਤੇ ਗੁਰਜੀਤ ਤੇ ਪ੍ਰੇਮ ਚਲੇ ਜਾਂਦੇ ਹਨ।]

ਸਿੱਧਾ ਬੰਦਾ : ਕੋਈ ਵਿਚਾਰ ਨਹੀਂ। (ਚਿਤਰਗੁਪਤ ਮੂੰਹ ਉਪਰ ਚੁੱਕ ਕੇ ਦੇਖਦਾ ਹੈ। ਬਾਹਰ ਵੱਲ ਇਸ਼ਾਰਾ ਕਰਕੇ) ਇਨ੍ਹਾਂ ਬਜ਼ੁਰਗਾਂ ਦੇ ਵਿਚਾਰ ਪੁੱਛ ਲਵੋ। ਲੰਘ ਆਉ ਜੀ, ਅੱਗੇ, ਕਾਹਨੂੰ ਸੰਗੀ ਜਾਨੇ ਉਂ।

[47-48 ਸਾਲ ਦੇ ਦੋ ਬੰਦੇ ਰਾਮ ਸਿੰਘ ਤੇ ਨਾਨਕ ਚੰਦ ਆਉਂਦੇ ਹਨ।]

ਚਿੱਤਰਗੁਪਤ : ਤੁਸੀਂ ਕੌਣ ਹੋ ?

ਰਾਮ ਸਿੰਘ : ਮੈਂ ਦਿੱਲੀ ਦੇ ਦੰਗਿਆਂ ਦਾ ਸ਼ਿਕਾਰ ਹਾਂ।



ਨਾਨਕ ਚੰਦ : ਤੇ ਮੈਂ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦਾ...

ਚਿਤਰਗੁਪਤ : ਤੁਹਾਨੂੰ ਤਿਰੰਗਨਗਰੀ 'ਤੇ ਭੇਜ ਰਹੇ ਹਾਂ।

ਰਾਮ ਸਿੰਘ : ਨਹੀਂ, ਕਦੇ ਨਹੀਂ।

ਨਾਨਕ : ਇਸ ਤੋਂ ਤਾਂ ਚੰਗਾ ਹੈ, ਸਾਨੂੰ ਨਰਕਾਂ ਵਿੱਚ ਭੇਜ ਦਿੱਤਾ ਜਾਵੇ।

ਚਿਤਰਗੁਪਤ : ਇਹੋ ਜਿਹੀ ਕੀ ਗੱਲ ਹੋਈ ਕਿ ਤੂੰ ਧਰਤੀ ਤੇ ਜਨਮ ਲੈਣਾ ਪਸੰਦ ਨਹੀਂ ਕਰਦਾ ?

ਰਾਮ ਸਿੰਘ : ਸਿਰਫ ਮੇਰੀ ਮੌਤ ਹੀ ਨਹੀਂ, ਮੇਰੇ ਵਰਗੇ ਹਜ਼ਾਰਾਂ ਬੇਗੁਨਾਹਾਂ ਦੀ ਜੋ ਦਿੱਲੀ, ਕਾਨਪੁਰ, ਤੁਗਲਕਾਬਾਦ ਤੇ ਪੰਜਾਬ ਦੀਆਂ ਘਟਨਾਵਾਂ ਵਿੱਚ ਮਾਰੇ ਗਏ।

ਨਾਨਕ ਚੰਦ : ਇਨਸਾਨ ਤਾਂ ਇਨਸਾਨ ਹੀ ਹੁੰਦੇ ਨੇ, ਮੋਨੇ ਹੋਣ ਜਾਂ ਕੇਸਧਾਰੀ।

ਧਰਮਰਾਜ : ਤੁਹਾਡੀ ਮੌਤ ਕਿਵੇਂ ਹੋਈ ?

ਰਾਮ ਸਿੰਘ : ਮੇਰਾ ਨਾਮ ਰਾਮ ਸਿੰਘ ਹੈ। ਮੇਰੇ ਘਰਦਿਆਂ ਨੇ ਰਾਮ-ਮੰਦਰ 'ਚੋਂ ਸੁੱਖਣਾ ਸੁੱਖ ਕੇ ਮੈਨੂੰ ਪਾਇਆ ਸੀ। ਇੱਕ ਦਿਨ ਜਦ ਮੈਂ ਦੁਕਾਨ ਤੋਂ ਆ ਰਿਹਾ ਸੀ, ਤਾਂ ਦੇਖਿਆ ਦੁਕਾਨਾਂ, ਟਰੱਕ, ਕਾਰਾਂ ਅੱਗ ਦੀ ਲਪੇਟ ਵਿਚ ਸਨ। ਕੇਸਧਾਰੀਆਂ ਦੀ ਜਾਨ ਮਾਲ ਨੂੰ ਖ਼ਤਰਾ ਸੀ ਕਿਉਂਕਿ ਦੇਸ ਦੀ ਮਲਿਕਾ ਨੂੰ ਕਤਲ ਕਰਨ ਵਾਲੇ ਕੇਸਧਾਰੀ ਹੀ ਸਨ। ਮੈਂ ਜਲਦੀ ਜਲਦੀ ਘਰ ਵੱਲ ਭੱਜਿਆ ਪਰ ਅਚਾਨਕ ਗੁੰਡਿਆਂ ਦੀ ਭੀੜ 'ਚੋਂ ਕਿਸੇ ਨੇ ਮੇਰੇ ਪਤਾ ਨਹੀਂ ਕੀ ਮਾਰਿਆ ਤੇ ਮੈਂ ਡਿੱਗ ਪਿਆ। ਉਸ ਤੋਂ ਬਾਅਦ ਮੈਨੂੰ ਕੁਝ ਵੀ ਯਾਦ ਨਹੀਂ।

ਨਾਨਕ ਚੰਦ : ਇਹ ਕਿਥੋਂ ਦਾ ਇਨਸਾਫ਼ ਹੋਇਆ, ਜੁਰਮ ਕਰੇ ਕੋਈ ਤੇ ਭਰੇ ਕੋਈ। ਇਸ ਵਿਚਾਰੇ ਦਾ ਕੀ ਕਸੂਰ ਸੀ ? ਇਸ ਨੂੰ ਤੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਕਿਸ ਗੱਲ ਦੀ ਸਜ਼ਾ ਮਿਲੀ ? ਇਹੀ ਕਿ ਜਾਤ ਪਾਤ, ਹਿੰਦੂ ਸਿੱਖ ਦਾ ਸਵਾਲ ? ਲਾਅਨਤ ਹੈ ਇਹੋ ਜਿਹੇ ਲੋਕਾਂ 'ਤੇ ਇਹੋ ਜਿਹੇ ਸਵਾਲਾਂ 'ਤੇ ਜਿਹੜੇ———

[ਚਿਤਰਗੁਪਤ ਨਾਨਕ ਚੰਦ ਦੇ ਮੂੰਹ 'ਤੇ ਹੱਥ ਰੱਖਦਾ ਹੈ।]

ਸਿੱਧਾ ਆਦਮੀ : (ਚਿਤਰਗੁਪਤ ਨੂੰ) ਇਹ ਗੱਲ ਗਲਤ ਆ ਬਈ, ਮੂੰਹ ਨਾਲ ਜੋ ਕੁਛ ਮਰਜੀ ਕਰਲੈ, ਪਰ ਹੱਥ ਨਹੀਂ ਲਾਉਣਾ। (ਭਗਤ ਸਿੰਘ ਨੂੰ) ਕਿਉਂ ਜੀ ਠੀਕ ਐ ਨਾ ?

ਭਗਤ ਸਿੰਘ : ਧਰਤੀ ਉਪਰ ਵੀ ਸੱਚ ਬੋਲਣ ਵਾਲੇ ਦੀ ਜ਼ੁਬਾਨ ਬੰਦ ਕਰ ਦਿੱਤੀ ਜਾਂਦੀ ਹੈ। ਅਸੀਂ ਵੀ ਸੱਚ ਦੀ ਖ਼ਾਤਿਰ ਸ਼ਹੀਦ ਹੋਏ

ਹਾਂ। ਤਿਰੰਗਨਗਰੀ ਵਿਚ ਹਿੰਦੂ ਸਿੱਖਾਂ ਦਾ ਕੋਈ ਝਗੜਾ ਨਹੀਂ। ਝਗੜਾ ਤਾਂ ਕੁਰਸੀਆਂ ਦੀ ਨੀਂਹ ਪੱਕੀ ਕਰਨ ਦਾ ਹੈ, ਕੁਰਸੀਆਂ ਤੇ ਬਿਰਾਜਣ ਦਾ। ਸਰਕਾਰਾਂ ਨੂੰ ਖ਼ੁਦ ਹੀ ਲੋਕਾਂ ਵਿਚ ਵੈਰ ਵਿਰੋਧ ਤੇ ਨਫ਼ਰਤ ਫੈਲਾਉਣੀ ਪੈਂਦੀ ਹੈ।

ਧਰਮਰਾਜ : (ਨਾਨਕ ਚੰਦ ਨੂੰ) ਤੁਹਾਡਾ ਕਤਲ ਕਿਵੇਂ ਹੋਇਆ ?

ਸਿੱਧਾ ਬੰਦਾ : ਏਹ ਵੀ ਕਿਤੇ ਏਦਾਂ ਹੀ ਟੇਟੇ ਚੜ੍ਹ ਗਿਆ ਹੋਣਾ।

ਨਾਨਕ ਚੰਦ : ਹਜ਼ੂਰ ! ਮੇਰਾ ਨਾਮ ਨਾਨਕ ਚੰਦ ਹੈ। ਮੈਂ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦਾ ਹਾਂ। ਮੇਰੇ ਮਾਪਿਆਂ ਨਨਕਾਣਾ ਸਾਹਿਬ ਮੱਥੇ ਰਗੜੇ, ਤਾਂ ਮੈਂ ਉਨ੍ਹਾਂ ਦੀ ਝੋਲੀ ਪਿਆ। ਮੈਂ ਆਪਣੇ ਗੁਆਂਢੀ ਕੇਹਰ ਸਿੰਘ ਨੂੰ ਨਾਲ ਲੈ ਕੇ ਕੁੜੀ ਦਾ ਰਿਸ਼ਤਾ ਦੇਖਣ ਜਾ ਰਿਹਾ ਸੀ। ਅਚਾਨਕ ਸਾਡੀ ਬੱਸ ਇਕ ਜੀਪ ਨੇ ਰੋਕੀ ਤੇ ਉਸਤੋਂ ਬਾਦ ਮੇਰੇ ਸਾਹ-ਮਣੇ ਦੋ ਤਿੰਨ ਮੋਨੇ ਬੰਦਿਆਂ ਨੂੰ ਗੋਲੀ ਨਾਲ ਉਡਾ ਦਿੱਤਾ। ਕੇਹਰ ਸਿੰਘ ਨੇ ਮੇਰੇ ਸਿਰ 'ਤੇ ਪੱਗ ਰੱਖਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਵੀ ਮੈਨੂੰ ਨਹੀਂ ਬਚਾ ਸਕਿਆ। ਗੋਲੀਆਂ ਦੀ ਬੁਛਾੜ ਵਿਚ ਤੜਫਦਾ ਕਰਾਹੁੰਦਾ ਪਤਾ ਨਹੀਂ ਕਦ, ਮੈਂ ਦਮ ਤੋੜ ਗਿਆ। ਹਜ਼ੂਰ ! ਮੇਰੀਆਂ ਚਾਰ ਧੀਆਂ ਦਾ ਕੌਣ ਵਾਲੀ-ਵਾਰਸ ਹੋਵੇਗਾ। ਘਰ 'ਚ ਕੋਈ ਕਮਾਉਣ ਵਾਲਾ ਵੀ ਨਹੀਂ।

ਧਰਮਰਾਜ : ਇਨ੍ਹਾਂ ਘਟਨਾਵਾਂ ਬਾਰੇ ਕਦੇ ਕੋਈ ਇਨਕੁਆਇਰੀ ਹੋਈ ?

ਭਗਤ ਸਿੰਘ : ਇਨਕੁਆਇਰੀ ਕਿਸ ਕਰ ੀ ? ਜਦ ਵਾੜ ਹੀ ਖੇਤ ਨੂੰ ਖਾਈ ਜਾਵੇ।

ਮਦਨ ਲਾਲ : ਸਰਕਾਰ ਵਿਚੋਂ ਹੀ ਕੁਝ ਲੋਕ ਹਮੇਸ਼ਾਂ ਆਪਣਾ ਉੱਲੂ ਸਿੱਧਾ ਕਰਨ ਲਈ, ਘਿਨਾਉਣੀਆਂ ਵਾਰਦਾਤਾਂ ਕਰਕੇ, ਜਾਣ ਬੁੱਝ ਕੇ ਲੋਕਾਂ ਵਿੱਚ ਫ਼ਿਰਕੂ ਹਿੰਸਾ ਤੇ ਦਹਿਸ਼ਤ ਫੈਲਾਉਂਦੇ ਹਨ।

ਰਾਮ ਸਿੰਘ : ਸਾਡਾ ਸੱਭਿਆਚਾਰ, ਸਾਡੇ ਰੀਤੀ-ਰਿਵਾਜ, ਰਹਿਣ-ਸਹਿਣ, ਖਾਣ ਪੀਣ ਇੱਕ ਹੈ।

ਨਾਨਕ ਚੰਦ : ਇੱਕੋ ਧਰਤੀ ਉੱਤੇ ਰਹਿੰਦੇ ਹਾਂ। ਇੱਕੋ ਜਿਹਾ ਰੰਗ ਹੈ।

ਧਰਮਰਾਜ : ਕੀ ਤੁਹਾਡੀਆਂ ਅਖ਼ਬਾਰਾਂ ਕੋਈ ਯੋਗਦਾਨ ਨਹੀਂ ਪਾਉਂਦੀਆਂ ਮਾਹੌਲ ਨੂੰ ਠੀਕ ਕਰਨ ਵਿਚ ?

ਸਿੱਧਾ ਬੰਦਾ : ਬੜਾ ਯੋਗਦਾਨ ਪਾਉਂਦੀਆਂ ਜੀ, ਲੋਕਾਂ ਨੂੰ ਲੜਾਉਣ—ਭੜਕਾਉਣ 'ਚ। ਅਜ ਤੱਕ ਜੋ ਕੁਝ ਹੋਇਆ ਉਹ ਸਾਰਾ ਇਨ੍ਹਾਂ ਦਾ ਹੀ ਯੋਗਦਾਨ ਹੈ।

ਚਿਤਰਗੁਪਤ : ਦੋਹਾਂ ਧਿਰਾਂ ਦੀਆਂ ਫ਼ਿਰਕੂ ਅਖ਼ਬਾਰਾਂ ਨੇ ਹੀ ਤਾਂ ਮਾਹੌਲ ਨੂੰ ਗੰਦਾ ਕੀਤਾ ਹੈ।



ਨਾਨਕ ਚੰਦ : ਜੋ ਵਿਚਾਰੇ ਸੱਚੇ ਸੁੱਚੇ ਪੱਤਰਕਾਰ ਬਣਕੇ ਰਹਿਣਾ ਚਾਹੁੰਦੇ ਆ ਉਹ ਭੁੱਖੇ ਮਰਦੇ ਫਿਰਦੇ ਆ।

ਚਿਤਰਗੁਪਤ : ਇੱਕ ਆਰਟੀਕਲ ਭੇਜ ਕੇ ਮਹੀਨਾ ਮਹੀਨਾ ਦੇਖਦੇ ਰਹਿੰਦੇ ਛਪਿਆ ਕਿ ਨਹੀਂ।

ਧਰਮਰਾਜ : ਫੇਰ ਤਿਰੰਗਨਗਰੀ ਉੱਤੇ (ਨੀਵੀਂ ਪਾ ਕੇ ਲਿਖਦਾ ਹੈ। ਉਹ ਦੋਵੇਂ ਚਲੇ ਜਾਂਦੇ ਹਨ।)

ਸਿੱਧਾ ਬੰਦਾ : ਮੈਂ ਧਰਤੀ 'ਤੇ ਜਾਣ ਲਈ ਤਿਆਰ ਹਾਂ।

ਚਿਤਰਗੁਪਤ : (ਮੂੰਹ ਚੁੱਕ ਕੇ ਦੇਖਦਾ ਹੈ) ਤੇਰੀ ਗੱਲ ਨਹੀਂ ਹੋ ਰਹੀ। ਉਹ ਕਿੱਥੇ ਚਲੇ ਗਏ ?

ਸਿੱਧਾ ਬੰਦਾ : ਉਹ ਗਏ। ਮੈਂ ਉਨ੍ਹਾਂ ਦਾ ਹੀ ਰੂਪ ਹਾਂ।

ਥਰਮਰਾਜ : ਪਰ ਇਸ ਵਕਤ ਧਰਤੀ ਉੱਪਰ ਨਿਰਪੱਖ ਤੇ ਬੁੱਧੀਜੀਵੀ ਲੋਕਾਂ ਦੀ ਬੜੀ ਲੋੜ ਹੈ।

ਭਗਤ ਸਿੰਘ : ਕੁਝ ਘਟੀਆ ਲੋਕਾਂ ਦੇ ਕਾਰਨਾਮਿਆਂ ਕਾਰਣ ਅੱਜ ਸਾਨੂੰ ਸਵਰਗਾਂ ਵਿਚ ਸ਼ਰਮਸਾਰ ਹੋਣਾ ਪੈ ਰਿਹਾ ਹੈ। ਅਸੀਂ ਜਨਮ ਲਵਾਂਗੇ, ਬਾਰਬਾਰ ਆਪਣੀ ਧਰਤੀ ਉੱਤੇ ਜਨਮ ਲਵਾਂਗੇ। ਕਦੇ ਕਿਸੇ ਜਾਤ 'ਚ, ਕਦੇ ਕਿਸੇ ਰੂਪ 'ਚ। ਅਸੀਂ ਹਜ਼ਾਰਾਂ ਲੱਖਾਂ ਵਾਰ ਪੁਲਿਸ ਦੀਆਂ ਗੋਲੀਆਂ, ਫਾਂਸੀਆਂ ਤੇ ਤਸੀਹੇ ਸਹਿ ਸਹਿ ਸ਼ਹੀਦ ਹੋਵਾਂਗੇ। ਪਰ ਆਪਣੀ ਧਰਤੀ ਉੱਤੇ ਮੋਹ, ਪਿਆਰ ਤੇ ਮੁਹੱਬਤ ਦੀ ਜੋਤ ਜਗਾਵਾਂਗੇ।

ਮਦਨ ਲਾਲ : ਅਸੀਂ ਆਪਣੀ ਧਰਤੀ ਨੂੰ ਸਵਰਗ ਬਣਾਵਾਂਗੇ। ਸਾਰੀ ਦੁਨੀਆਂ ਦਾ ਧਰਮ ਇੱਕ ਹੋਵੇਗਾ ਤੇ ਉਸ ਦਾ ਨਾਮ ਹੋਵੇਗਾ—'ਮਨੁੱਖਤਾ'।

ਭਗਤ ਸਿੰਘ : ਇਨਕਲਾਬ।

ਦੋਵੇਂ : ਜ਼ਿੰਦਾਬਾਦ। (ਬਾਹਰ ਨਿਕਲ ਜਾਂਦੇ ਹਨ।)

[ਬਾਹਰੋਂ ਗਾਉਣ ਦੀ ਆਵਾਜ਼ ਆਉਂਦੀ ਹੈ]

ਇੱਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਇਕੇ ਕਦੋਂ ਬੁਝਾਂਵਦਾ ਈ।

ਸਿੱਧਾ ਬੰਦਾ : ਲੈ ਬਈ, ਆਹ ਕੋਈ ਮੁੰਡਾ ਤਾਂ ਸੋਹਣਾ ਗਾਉਂਦਾ। (ਵਾਰਿਸ ਸ਼ਾਹ ਗੁਣਗੁਣਾਉਂਦਾ ਦਾਖਲ ਹੁੰਦਾ ਹੈ। ਸਿੱਧਾ ਬੰਦਾ ਹੈਰਾਨ ਹੁੰਦਾ ਹੈ।)

ਵਾਰਿਸ ਸ਼ਾਹ : ਆਦਾਬ ! ਗ਼ਰੀਬ ਨੂੰ ਅੱਜ ਗ਼ਰੀਬ-ਨਿਵਾਜ਼ ਨੇ ਕਿਵੇਂ ਯਾਦ ਫ਼ੁਰਮਾ-ਇਆ ? (ਕੁਝ ਰੁਕ ਕੇ) ਕੀ ਗੱਲ ਏਨੇ ਉਦਾਸ ਕਿਉਂ ਹੋ ?

ਧਰਮਰਾਜ : ਵਾਰਿਸ ! ਇਹ ਕੀ ਹੁੰਦਾ ਜਾ ਰਿਹਾ ਏ, ਤੇਰੀ ਧਰਤੀ ਦੇ ਲੋਕਾਂ ਨੂੰ ? ਜੋ ਕੁਝ ਉੱਥੇ ਵਾਪਰ ਰਿਹਾ ਏ, ਉਹ ਸਭ ਤਾਂ ਤਬਾਹੀ ਦੀ ਨਿਸ਼ਾਨੀ ਏ।

ਵਾਰਿਸ ਸ਼ਾਹ : ਜਨਾਬ-ਇ-ਆਲੀ ਮੈਂ ਤਾਂ 1947 ਦੀ ਤਬਾਹੀ ਹੀ ਅਜੇ ਤੱਕ ਨਹੀਂ ਭੁਲਾ ਸਕਿਆ। ਉਸ ਵੇਲੇ ਵੀ ਸਮੇਂ ਦੇ ਹਾਕਮਾਂ ਨੇ, ਪੰਜਾਂ ਪਾਣੀਆਂ ਵਿੱਚ ਜ਼ਹਿਰ ਘੋਲ ਦਿੱਤਾ ਸੀ। ਬੰਦੇ ਵੀ ਵੰਡ ਲਏ ਸੀ ਤੇ ਧਰਤ ਵੀ। ਧਰਤੀ, ਜਿਸ ਨੂੰ ਅਸੀਂ ਆਪਣੀ ਮਾਂ ਮੰਨਦੇ ਹਾਂ। ਅਸੀਂ ਮਾਂ ਨੂੰ ਵੀ ਵੰਡ ਲਿਆ ਸੀ। ਉਦੋਂ ਵੀ ਇਹ ਸਭ ਕੁਰਸੀਆਂ ਖ਼ਾਤਿਰ ਹੋਇਆ। ਬੇਕਸੂਰ ਜਨਤਾ ਮਾਰੀ ਵੱਢੀ ਗਈ, ਦੋਹਾਂ ਧਿਰਾਂ ਦੀ। ਤੇ ਰਾਜਗੱਦੀਆਂ ਦੇ ਭੁੱਖੇ ਬਘਿਆੜ ਆਪਣੀ ਆਪਣੀ ਕੁਰਸੀ 'ਤੇ ਸੁਸ਼ੋਭਿਤ ਹੋ ਗਏ। ਤੁਹਾਨੂੰ ਪਤਾ ਹੀ ਹੈ ਮੈਂ ਇੱਥੇ ਸਵਰਗ ਵਿੱਚ ਹੁੰਦੇ ਹੋਏ ਵੀ ਕਿੰਨਾ ਰੋਇਆ ਸੀ।

ਧਰਮਰਾਜ : ਉਸ ਰਿਸ਼ੀਆਂ-ਮੁਨੀਆਂ, ਗੁਰੂਆਂ ਪੀਰਾਂ ਦੀ ਧਰਤੀ 'ਤੇ ਕੋਈ ਵੀ ਹੁਣ ਜਨਮ ਲੈਣਾ ਪਸੰਦ ਨਹੀਂ ਕਰਦਾ। ਕੀ ਹੋ ਗਿਆ ਏ, ਪੰਜਾਂ ਪਾਣੀਆਂ ਦੀ ਧਰਤ ਨੂੰ ? !

ਵਾਰਿਸ ਸ਼ਾਹ : ਪੰਜਾਂ ਪਾਣੀਆਂ ਦੀ ਧਰਤੀ ਨੇ ਪਾਣੀ ਤਾਂ 47 ਵਿੱਚ ਹੀ ਵੰਡ ਲਏ ਸੀ। ਹੁਣ ਵੀ ਜਦ ਕਦੇ ਮੈਨੂੰ ਉਨ੍ਹਾਂ ਹੱਲਿਆਂ ਦੀ ਯਾਦ ਆਉਂਦੀ ਹੈ ਤਾਂ ਮੇਰਾ ਦਿਲ ਕਰਦਾ ਹੈ ਕਿ ਜਿਨ੍ਹਾਂ ਕਮੀਨਿਆਂ ਨੇ ਧਰਤੀ ਮਾਂ ਉੱਤੇ ਲੀਕਾਂ ਖਿੱਚੀਆਂ, ਉਨ੍ਹਾਂ ਦਾ ਗਲ਼ ਘੁੱਟ ਦਿਆਂ ਤੇ ਲੀਕਾਂ ਮਿਟਾ ਕੇ ਸਭ ਨੂੰ ਬਰਾਬਰ ਕਰ ਦਿਆਂ।

ਕਲਾਕਾਰ : (ਗਾਉਂਦਾ ਆਉਂਦਾ ਹੈ)

ਮੈਨੂੰ ਤਾਂ ਸ਼ੇਖ਼ ਫ਼ਰੀਦ ਬਿਨਾਂ, ਅਮਿਉਂ ਵੀ ਫਿੱਕਾ ਲਗਦਾ ਏ।
ਜੋ ਵੀ ਜਗਦਾ ਹੈ ਮੇਰਾ ਹੈ, ਮੈਨੂੰ ਹਰ ਇੱਕ ਜੋਤ ਪਿਆਰੀ ਹੈ।

ਸਿੱਧਾ ਬੰਦਾ : ਆਹਾ, ਵਾਹ ਜੀ ਵਾਹ। ਆਹ ਕੋਈ ਬਜ਼ੁਰਗ ਬਾਹਲਾ ਈ ਸੋਹਣਾ ਗਾਉਂਦਾ। ਕਿਉਂ ਜੀ ? (ਕਲਾਕਾਰ ਦਾਖਲ ਹੁੰਦਾ ਹੈ, ਸਿੱਖ ਹੈ, ਉਮਰ ਬਾਈ ਸਾਲ, ਸਿੱਧਾ ਬੰਦਾ ਸ਼ਰਮਿੰਦਾ ਜਿਹਾ ਹੋ ਜਾਂਦਾ ਹੈ।) ਹੈਂ ! ਇਹ ਤਾਂ ਜਵਾਨ ਆ। ਹੋਰ ਬਈ ਕੀ ਹਾਲ ਚਾਲ ਆ ? ਕੋਈ ਗਾਣਾ ਗੂਣਾ ਈ ਸੁਣਾ ਦੇ ਯਾਰ। ਇਹ ਤਾ ਬੋਰ ਕਰੀ ਜਾਂਦੇ ਆ। (ਸਾਰੇ ਉਸ ਵੱਲ ਘੂਰ ਕੇ ਦੇਖਦੇ ਹਨ।) ਛੱਡ ਯਾਰ, ਗਾਣੇ ਗੂਣੇ ਨਹੀਂ ਗਾਈਦੇ, ਕੋਈ ਕੰਮ ਦੀ ਗੱਲ ਕਰ। (ਰੋਅਬ ਨਾਲ) ਬੋਲ ਧਰਤੀ 'ਤੇ ਜਾਵੇਂਗਾ ?

ਕਲਾਕਾਰ : ਕੀ ?

ਚਿਤਰਗੁਪਤ : ਕੀ ਤੁਸੀਂ ਤਿਰੰਗ ਨਗਰੀ 'ਤੇ ਜਨਮ ਲੈਣਾ ਪਸੰਦ ਕਰੋਗੇ ?

ਕਲਾਕਾਰ : ਇਹੋ ਜਿਹੀ ਗੱਲ ਕਰਕੇ ਮੇਰਾ ਮੂਡ ਖਰਾਬ ਨਾ ਕਰ, ਮੈਨੂੰ ਮਾਨਸ ਜਾਤੀ ਨਾਲ ਹੀ ਨਫ਼ਰਤ ਹੈ। ਬੇਸ਼ੱਕ ਮੈਨੂੰ ਕਿਸੇ ਕੀੜੇ ਮਕੌੜੇ ਦੀ ਜੂਨੇ ਪਾ ਦਿਓ, ਜਾਤ-ਪਾਤ ਤੇ ਧਰਮਾਂ ਦੀ ਕੁੜਿੱਕੀ ਤੋਂ ਤਾਂ ਬਚਿਆ ਰਹਾਂਗਾ। ਪਰ ਮਾਨਸ ਬਣ ਕੇ ਬਿਲਕੁਲ ਨਹੀਂ ਜਾਵਾਂਗਾ।

ਚਿਤਰਗੁਪਤ : ਤੁਹਾਡੀ ਮੌਤ ਕਿਵੇਂ ਹੋਈ ?

ਕਲਾਕਾਰ : ਮੇਰੀ ਮੌਤ ਦਿੱਲੀ ਦੇ ਦੰਗਿਆਂ ਵਿਚ ਹੋਈ। ਅਸੀਂ ਬੰਬਈ ਤੋਂ ਦਿੱਲੀ ਆਪਸੀ ਭਾਈਚਾਰੇ ਅਤੇ ਕੌਮੀ-ਏਕਤਾ ਬਾਰੇ ਨਾਟਕ ਖੇਡਣ ਜਾ ਰਹੇ ਸੀ। ਰਸਤੇ ਵਿਚ ਕੁਝ ਫਿਰਕੂ ਜਨੂੰਨੀ ਗੁੰਡਿਆਂ ਨੇ ਨਿਜ਼ਾਮੁਦੀਨ ਸਟੇਸ਼ਨ ਉੱਪਰ ਅਚਾਨਕ ਸਾਡੇ ਤੇ ਹਮਲਾ ਕਰ ਦਿੱਤਾ। ਮੈਨੂੰ ਕੁਝ ਬੰਦਿਆਂ ਨੇ ਬਚਾਉਣ ਦੀ ਕੋਸ਼ਿਸ਼ ਵੀ ਕੀਤੀ। ਪਰ ਗੁੰਡੇ ਹਜ਼ਾਰਾਂ ਦੀ ਤਾਦਾਦ ਵਿਚ ਸਨ।

ਧਰਮਰਾਜ : ਇਹ ਸਭ ਕੁਝ ਕੀਹਨਾਂ ਨੇ ਕੀਤਾ ?

ਕਲਾਕਾਰ : ਆਪਣੀਆਂ ਕੁਰਸੀਆਂ ਖਾਤਿਰ, ਕੁਝ ਗੁੰਡੇ ਅਨਸਰ ਨੂੰ ਆਪਣੇ ਹੱਥਾਂ 'ਚ ਕਰਕੇ ਉਨ੍ਹਾਂ ਨੂੰ ਉਕਸਾਇਆ, ਲੁੱਟਮਾਰ ਕਰਨ ਦੀ ਖੁੱਲ੍ਹ ਦਿੱਤੀ ਤੇ ਹਥਿਆਰ ਮੁਹੱਈਆ ਕੀਤੇ।

ਧਰਮਰਾਜ : ਪਰ ਇਹੋ ਜਿਹੇ ਕੁਕਰਮ ਕਰਨ ਵਾਲੇ ਇਹ ਕਿਉਂ ਨਹੀਂ ਸੋਚਦੇ ਕਿ ਉਹ ਬੁਰੇ ਕੰਮ ਕਰਕੇ ਪਾਪ ਕਮਾ ਰਹੇ ਹਨ।

ਚਿਤਰਗੁਪਤ : ਮੇਰੀ ਸਰਕਾਰ ਇਹੋ ਜਿਹੇ ਲੋਕ ਤਾਕਤਵਰ ਤੇ ਸਿਆਸੀ ਬੰਦਿਆਂ ਦੀਆਂ ਕਠਪੁਤਲੀਆਂ ਹੁੰਦੇ ਹਨ। ਇਹ ਆਪਣ ਦਿਮਾਗ ਨਹੀਂ ਵਰਤਦੇ ਜਾਂ ਫਿਰ ਇਹਨਾਂ ਦਾ ਦਿਮਾਗ ਅਛਾਈ-ਬੁਰਾਈ ਨਹੀਂ ਸਮਝਦਾ। ਜੇ ਉਹ ਏਨੀ ਸੂਝ ਰਖਦੇ ਹੋਣ ਤਾਂ ਗਲਤ ਰਸਤਾ ਫੜਨ ਹੀ ਕਿਉਂ।

ਵਾਰਿਸ ਸ਼ਾਹ : ਦਿਮਾਗ ਤਾਂ ਹੁੰਦਾ ਹੈ। ਪਰ ਕੁਝ ਸ਼ੈਤਾਨ ਲੋਕ ਉਨ੍ਹਾਂ ਨੂੰ ਲਾਲਚ ਦੇ ਕੇ ਆਪਣਾ ਕੰਮ ਕੱਢਣ ਵਿਚ ਸਫਲ ਹੋ ਜਾਂਦੇ ਹਨ। ਲਾਲਚ ਵਿੱਚ ਬੰਦੇ ਨੂੰ ਸੱਚ-ਝੂਠ ਤੇ ਆਪਣ-ਪਰਾਏ ਦੀ ਪਛਾਣ ਨਹੀਂ ਰਹਿੰਦੀ।

ਕਲਾਕਾਰ : ਉਨ੍ਹਾਂ ਨੂੰ ਪਹਿਚਾਣ ਹੈ ਤਾਂ ਰੰਗਾਂ, ਜਾਤਾਂ-ਪਾਤਾਂ ਤੇ ਧਰਮਾਂ ਦੀ, ਉਨ੍ਹਾਂ ਨੂੰ ਕਲਾਕਾਰ ਦੀ ਕੀ ਪਹਿਚਾਣ, ਕਿ ਕਲਾਕਾਰ ਦੀ ਕਲਾ ਸੱਭ ਲਈ ਸਾਂਝੀ ਹੁੰਦੀ ਹੈ, ਕਿਸੇ ਇਕ ਫਿਰਕੇ ਲਈ ਨਹੀਂ।

ਸਿੱਧਾ ਬੰਦਾ : ਕਲ੍ਹਾ ਬੜੀ ਮਾੜੀ ਚੀਜ਼ ਹੈ। ਘਰ 'ਚ ਕਲ੍ਹਾ ਹੁੰਦੀ ਰਹੇ ਤਾਂ ਘਰ ਨੂੰ ਤਬਾਹ ਕਰ ਦਿੰਦੀ ਹੈ।

ਕਲਾਕਾਰ : ਕਲ੍ਹਾ ਨਹੀਂ ਕਲਾ, ਆਰਟ।

ਸਿੱਧਾ ਬੰਦਾ : ਆਹੋ ਠੀਕ ਆ, ਮੈਂ ਸਮਝਦਾਂ, ਮੈਂ ਕਿਤੇ ਨਿਆਣਾਂ ਤਾਂ ਨਹੀਂ। (ਚਿਤਰਗੁਪਤ ਘੂਰੀ ਵੱਟਦਾ ਹੈ।) ਪਰ ਮੈਂ ਤਾਂ ਕਲ੍ਹਾ ਦੀ ਗੱਲ ਕਰਦਾਂ,

ਤਿਰੰਗਨਗਰੀ ਉਪਰ ਕਲ੍ਹਾ ਹੀ ਤਾਂ ਪਈ ਰਹਿੰਦੀ ਹੈ, ਕਿਓਂ ਜੀ (ਰੁਕ ਕੇ) ਗੁੱਸੇ ਹੋ ਗਏ ?

ਧਰਮਰਾਜ : ਪਰ ਏਹ ਲੋਕ ਸਮਝਦੇ ਕਿਉਂ ਨਹੀਂ ?

[ਪਿਛੋਕੜ ਤੋਂ ਆਵਾਜ਼ ਆਉਂਦੀ ਹੈ]

ਹਿੰਦੂ-ਤੁਰਕ ਕੋਓ ਰਾਫ਼ਜ਼ੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ ।

ਚਿਤਰਗੁਪਤ : ਫਿਰ ਤੁਸੀਂ ਹੁਣ ਧਰਤ ਤੇ ਜਾਵੋਗੇ ?

ਕਲਾਕਾਰ : ਹਾਂ, (ਚਿਤਰਗੁਪਤ ਖੁਸ਼ ਹੁੰਦਾ ਹੈ) ਸੋਚਾਂਗਾ । (ਚਲਾ ਜਾਂਦਾ ਹੈ ।)

ਧਰਮਰਾਜ : ਚਿਤਰਗੁਪਤ ਜੀ ਹੁਣ ਕੀ ਕੀਤਾ ਜਾਵੇ । ਜੇ ਏਹੀ ਹਾਲਤ ਰਹੀ ਤਾਂ ਸਾਨੂੰ ਆਪਣਾ ਸਖਤ ਆਰਡਰ 'ਪਰਲੋ' ਜਾਰੀ ਕਰਨਾ ਪਵੇਗਾ ।

ਸਿੱਧਾ ਬੰਦਾਂ : ਜਾਣ ਦਿਉ ਜੀ ਗੁੱਸੇ ਨੂੰ, ਕਈ ਵਿਚ ਮੇਰੇ ਵਰਗ ਸਾਊ ਬੰਦੇ ਲਪੇਟੇ ਜਾਣਗੇ (ਚਿਤਰਗੁਪਤ ਨੂੰ) ਗੁਪਤਾ ਸਾਹਬ ਸਮਝਾਉ ਇਨ੍ਹਾਂ ਨੂੰ ।

ਚਿਤਰਗੁਪਤ : ਗੁਪਤਾ ਨਹੀਂ ਚਿਤਰਗੁਪਤ ।

ਧਰਮਰਾਜ : ਚਲੋ ਮੈਂ ਤਾਂ ਕੁਛ ਨਹੀਂ ਕਰਦਾ । ਪਰ ਇਹਨਾਂ ਨੇ ਆਪਣੇ ਆਪ ਹੀ ਲੜ ਲੜ ਮਰ ਜਾਣਾ । ਜੋ ਹਥਿਆਰਾ ਦੀ ਦੌੜ ਦੁਨੀਆਂ ਵਿਚ ਲੱਗੀ ਹੋਈ ਹੈ । ਇਹ ਤਾਕਤਾਂ ਆਪ ਹੀ ਇਕ ਦਿਨ ਧਰਤ ਨੂੰ ਤਬਾਹ ਕਰ ਦੇਣਗੀਆਂ । (ਇਕ ਨੌਜਵਾਨ ਇਕ ਬਜ਼ੁਰਗ ਨੂੰ ਲੈ ਕੇ ਆ ਰਿਹਾ ਹੈ ।)

ਧਰਮਰਾਜ : ਤੁਸੀਂ ?

ਨੌਜਵਾਨ : ਹਾਂ ਮੈਂ ਮੁੰਡਿਆਂ ਦੀ ਉਸ ਲਹਿਰ ਦਾ ਵਰਕਰ ਸੀ, ਜੋ ਬੰਗਾਲ 'ਚੋਂ ਉੱਠੀ ਹੋਈ ਸੀ ਤੇ ਪੰਜਾਬ ਵਿਚ ਆ ਗਈ ਸੀ ।

ਚਿਤਰਗੁਪਤ : ਇਹ ਚਾਹੁੰਦੇ ਸੀ, ਸਾਰਾ ਸਮਾਜ, ਸਾਰੇ ਮਨੁੱਖ ਬਰਾਬਰ ਹੋਣ, ਅਮੀਰ-ਗਰੀਬ ਵਿਚਲਾ ਫਰਕ ਖ਼ਤਮ ਹੋ ਜਾਏ ।

ਸਿੱਧਾ ਬੰਦਾ : ਤੇ ਫਿਰ ਇਹਨਾਂ ਨੇ ਆਪਣਾ ਐਕਸ਼ਨ ਕਾਰਜ ਆਰੰਭ ਦਿੱਤਾ ।

ਚਿਤਰਗੁਪਤ : ਹਜ਼ਾਰਾਂ ਨੌਜਵਾਨ ਆਪਣੀ ਕਾਹਲ ਕਾਰਨ ਨੁਕਸਾਨ ਕਰਾ ਬੈਠੇ, ਆਪਣੀਆਂ ਹੀ ਜਾਨਾਂ ਦਾ ।

ਵਾਰਿਸ : ਚਲੋ ਕਿਸੇ ਦਾ ਤਾਂ ਕੀ ਲੈ ਲਿਆ, ਆਪਣੀਆਂ ਹੀ ਜਾਨਾਂ ਦਾ ਨੁਕਸਾਨ ਕੀਤਾ ਹੈ ਨਾ ਕਿਸੇ ਨੂੰ ਕੀ ਦੁੱਖ ਹੋ ਸਕਦਾ ।

ਬਜ਼ੁਰਗ : ਮੇਰਾ ਖਿਆਲ ਹੈ ਜੇ ਲੋਕ ਇਹਨਾਂ ਨੂੰ ਸਮਝਦੇ, ਇਨ੍ਹਾਂ ਦਾ ਸਾਥ ਦਿੰਦੇ ਤਾਂ ਇਹ ਜ਼ਰੂਰ ਸਫਲ ਹੁੰਦੇ । ਪਰ ਇਨ੍ਹਾਂ ਦਾ ਧਰਮ ਵਿਚ ਵਿਸ਼ਵਾਸ਼ ਨਾ ਹੋਣ ਕਰਕੇ ਵੀ ਇਹ ਲੋਕਾਂ ਨਾਲੋਂ ਟੁੱਟ ਗਏ ।

ਧਰਮਰਾਜ : ਬਾਬਾ ਜੀ ਤੁਸੀਂ ਕਿਵੇਂ ?



ਸਿੱਧਾ ਬੰਦਾ : ਏਹ ਵੀ ਮਾੜੂੜ ਮੇਰੇ ਵਾਂਗੂ ਗ਼ਲਤੀ ਨਾਲ ਹੀ ਰਗੜਿਆ ਗਿਆ ਹੋਣਾ ।

ਬਜ਼ੁਰਗ : ਮੈਂ ਤਾਂ ਵੈਸੇ ਵੀ ਮਰਨਾ ਹੀ ਸੀ, ਖ਼ੈਰ ਮੰਦਰ ਵਿਚ ਹੋਏ ਬੰਬ ਧਮਾਕੇ ਕਾਰਣ ਮਾਰਿਆ ਗਿਆ । ਚਲੋ, ਰੱਬ ਦੇ ਘਰ ਮਰੇ ਸਿੱਧੇ ਸਵਰਗਾਂ ਨੂੰ ਆਏ ! ਰੱਬ ਉਹਦਾ ਭਲਾ ਕਰੇ ਜਿਸਨੇ ਇਹ ਕਾਰਾ ਕੀਤਾ ।

ਨੌਜਵਾਨ : ਇਹ ਕੰਮ ਵਿਹਲੜਾਂ, ਸਫ਼ੈਦ ਪੋਸ਼ਾਂ, ਤੇ ਸਰਕਾਰੀ ਚਮਚਿਆਂ ਅਤੇ ਕੁਝ ਦੂਜੇ ਦੇਸ਼ਾਂ ਦੇ ਏਜੰਟਾਂ ਦਾ ਹੋ ਸਕਦਾ ਹੈ । ਸਾਡੇ ਲੋਕਾਂ ਨੂੰ ਏਕੇ ਦੀ ਜ਼ਰੂਰਤ ਹੈ ।

ਸਿੱਧਾ ਬੰਦਾ : ਭੁੱਖ ਜਿਹੀ ਚਮਕ ਪਈ । (ਚਿਤਰਗੁਪਤ ਘੂਰੀ ਵੱਟਦਾ ਹੈ ।)

ਨੌਜਵਾਨ : ਸਾਡੇ ਦੇਸ਼ ਦੀ ਮਲਿਕਾ ਨੇ ਧਰਤ ਦੀ ਇਕ ਵੱਡੀ ਤਾਕਤ ਨਾਲ ਮਿਲ ਕੇ ਆਪਣੇ ਹੀ ਗਵਾਂਢੀ ਦੇਸ਼ ਦੇ ਦੋ ਟੋਟੇ ਕਰਵਾ ਦਿਤੇ । ਇਹ ਤਾਂ ਸੁਭਾਵਕ ਹੈ, ਕਿ ਉਹ ਵੀ ਸਾਡੇ ਲੋਕਾਂ ਨੂੰ ਗੁੰਮਰਾਹ ਕਰਕੇ ਤਿਰੰਗ-ਨਗਰੀ ਦੇ ਟੋਟੇ ਕਰਨ ਦੀ ਕੋਸ਼ਿਸ਼ ਵਿਚ ਹਨ ।

ਧਰਮਰਾਜ : ਬਜ਼ੁਰਗੋ ਤੁਸੀਂ ਸਿਆਣੇ ਤੇ ਸਮਝਦਾਰ ਹੋ ਤੁਹਾਨੂੰ ਇਹ ਸਾਰਾ ਚੱਕਰ ਕੀ ਲਗਦਾ ਹੈ ?

ਬਜ਼ੁਰਗ : ਇਹ ਸਾਰਾ ਚੱਕਰ ਕੁਰਸੀ ਪ੍ਰੇਮੀਆਂ ਦਾ ਹੈ । ਲੋਕਾਂ 'ਚ ਦੋਫਾੜ ਪਾਕੇ ਨਫ਼ਰਤ ਫੈਲਾ ਕੇ ਤੇ ਕੁਝ ਫਿਰਕੂ ਜਨੂੰਨੀ ਲੋਕਾਂ ਨੂੰ ਆਪਣੇ ਹੱਥਾਂ 'ਚ ਕਰਕੇ ਉਨ੍ਹਾਂ ਨੂੰ ਆਪਸ ਵਿਚ ਲੜਾਉਣਾ ਤੇ ਲੁੱਟਮਾਰ ਕਰਾਉਣਾ ਹੀ ਉਨ੍ਹਾਂ ਦਾ ਕੰਮ ਹੈ ।

ਧਰਮਰਾਜ : ਮੋਨੇ-ਸਿੱਖਾਂ ਦਾ ਕੀ ਝੰਜਟ ਹੈ ?

ਬਜ਼ੁਰਗ : ਜਿਸ ਧਰਤੀ ਉੱਤੇ ਆਦਮੀ ਪੈਦਾ ਹੁੰਦਾ ਹੈ, ਉਹੀ ਉਸਦੀ ਮਾਤਰ ਭੂਮੀ ਹੁੰਦੀ ਹੈ । ਜੋ ਸਿੱਖ ਪੰਜਾਬ ਤੋਂ ਬਾਹਰ ਜਨਮੇ ਉਨ੍ਹਾਂ ਦੀ ਜਨਮ ਭੂਮੀ ਉਹੀ ਹੈ ਤੇ ਮੈਂ ਮੰਨਾ ਹਾਂ, ਜੇ ਪੰਜਾਬ ਨੂੰ ਛੱਡ ਕੇ ਜਾਵਾਂ ਤਾਂ ਕਿਸੇ ਮਤਰੇਈ ਜਿਹੀ ਭੂਮੀ ਉਪਰ ਕਿਵੇਂ ਰਹਿ ਸਕਾਂਗਾ । ਕਿਸੇ ਹੋਰ ਜਗਹ ਦੀ ਬੋਲੀ ਕਿਵੇਂ ਬੋਲ ਸਕਾਂਗਾ । ਮੇਰੀ ਮਾਂ-ਬੋਲੀ ਤਾਂ ਪੰਜਾਬੀ ਹੈ । (ਪਿਠ ਭੂਮੀ ਗੀਤ)

ਜੋ ਆਪਣੀ ਮਾਂ ਨੂੰ ਮਾਂ ਨਾ ਕਹੇ, ਉਹ ਛਾਂ ਵਲੋਂ ਥੁੜ ਜਾਵੇਗਾ,
ਧੁੱਪਾਂ ਬੇਗਾਨੀਆਂ ਸਹਿ ਸਹਿ ਕੇ, ਇਕ ਦਿਨ ਆਪੇ ਮੁੜ ਆਵੇਗਾ ।

ਬਜ਼ੁਰਗ : ਜਿਹੜੇ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਦੇ ਫਰਮਾਬਰਦਾਰ ਤੇ ਰਖਿਅਕ ਸਮਝਦੇ ਹਨ, ਉਹ ਆਪਣੇ ਬੰਗਲਿਆਂ 'ਚ ਬੈਠੇ, ਕਲੱਬਾਂ 'ਚ ਡਾਂਸ ਕਰਦੇ, ਵਿਦੇਸ਼ੀ ਭਾਸ਼ਾ ਬੋਲਦੇ ਹਨ । (ਹੌਲੀ ਹੋ ਕੇ) ਕੋਈ ਭਾਸ਼ਾ ਸਿਖਣੀ ਮਾੜੀ ਗੱਲ ਨਹੀਂ, ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਹੈ ਤੇ

ਅੰਗਰੇਜ਼ੀ ਅੰਤਰਰਾਸ਼ਟਰੀ ਭਾਸ਼ਾ। ਇਨਾਂ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ। ਪਰ ਜਿਨ੍ਹਾਂ ਦੇ ਬੱਚੇ ਪੰਜਾਬ ਦੀ ਧਰਤੀ ਉੱਤੇ ਰਹਿ ਕੇ ਪੰਜਾਬੀ ਨਹੀਂ ਬੋਲ ਸਕਦੇ, ਉਨ੍ਹਾਂ ਨੂੰ ਉਸ ਧਰਤੀ ਉਪਰ ਰਹਿਣ ਦਾ ਕੋਈ ਹੱਕ ਨਹੀਂ (ਹਰ ਉੱਚੀ) ਮੈਂ ਤਾਂ ਕਹਿੰਨਾਂ ਜੋ ਆਪਣੀ ਮਾਂ ਬੋਲੀ ਨੂੰ ਨਫਰਤ ਕਰਦਾ ਹੈ, ਉਸ ਨੂੰ ਜਿਊਣ ਦਾ ਹੀ ਕੋਈ ਹੱਕ ਨਹੀਂ। (ਪਿਠ ਭੂਮੀ ਗੀਤ)

ਏਨਾਂ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।

ਨੌਜਵਾਨ : ਬਾਬਾ ਇਹ ਜਿਹੜੇ ਕੁਰਸੀ-ਭੁੱਖੜ ਨੇ, ਇਹ ਸਾਮਰਾਜੀ ਮਗਰਮੱਛਾਂ ਦੇ ਹੱਥ-ਠੋਕੇ ਨੇ, ਜੋ ਸਾਨੂੰ ਹੜੱਪ ਕਰਨ ਲਈ ਮੂੰਹ ਖੋਲ੍ਹੀ ਰਖਦੇ ਨੇ। ਉਹ ਇਨ੍ਹਾਂ ਨੂੰ ਵੀ ਇਕ ਦਿਨ ਮੌਕਾ ਮਿਲਦੇ ਹੀ ਨਿਗਲ ਜਾਣਗੇ। ਅਸੀਂ ਇਨ੍ਹਾਂ ਦੇ ਪੋਲ ਖੋਲ੍ਹਦੇ ਰਹਾਂਗੇ ਭਾਵੇਂ ਸਾਨੂੰ ਆਪਣੀਆਂ ਜਾਨਾਂ ਦੀਆਂ ਬਾਜ਼ੀਆਂ ਹੀ ਕਿਉਂ ਨਾ ਲਾਉਣੀਆਂ ਪੈਣ। (ਪਿਠ ਭੂਮੀ ਗੀਤ)

ਦੁੱਖਾਂ ਦੇ ਖਿਲਾਫ ਅਜੇ ਲੜਨਾ, ਭੁੱਖਾਂ ਦੇ ਖਿਲਾਫ ਅਜੇ ਲੜਨਾ,
ਜੋ ਛਾਂ ਦੇ ਬਹਾਨੇ ਖਾ ਜਾਏ, ਰੁੱਖਾਂ ਦੇ ਖਿਲਾਫ ਅਜੇ ਲੜਨਾ।

ਬਜ਼ੁਰਗ : ਗੁਰੂ ਨਾਨਕ ਦੇਵ ਜੀ ਨੇ ਪਿਆਰ ਮੁਹੱਬਤ ਦਾ ਸੰਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਨਾਲ ਟੱਕਰ ਲਈ ਤੇ ਸਾਰਾ ਪਰਿਵਾਰ ਹੱਕ ਸੱਚ ਲਈ ਵਾਰ ਦਿੱਤਾ।

ਸਿੱਧਾ ਬੰਦਾ : ਪਰ ਅੱਜ ਕਲ੍ਹ ਸਾਡੇ ਵਰਗਿਆਂ ਨੂੰ ਅਗਾਂਹ ਤੋਰ ਦਿੰਦੇ ਆ ਮਰਨ ਲਈ। (ਪਿਠ ਭੂਮੀ ਗੀਤ) ਦੇਹੁਰਾ ਮਸੀਤ ਸੋਈ ਪੂਜਾ ਓ ਨਮਾਜ਼ ਓਈ,
ਮਾਨਸ ਸਭੈ ਏਕ ਪੈ ਅਨੇਕ ਕੋ ਭਰਮਾਓ ਹੈ।

ਸਿੱਧਾ ਬੰਦਾ : (ਉਸ ਨੂੰ ਸਮਝ ਨਹੀਂ ਆਉਂਦਾ) ਗੱਲ ਸਮਝ ਨਹੀਂ ਆਈ।

ਵਾਰਿਸ ਸ਼ਾਹ : ਇਸ ਦਾ ਮਤਲਬ ਹੈ, ਹਿੰਦੂ ਸਿੱਖ ਮੁਸਲਮਾਨਾਂ ਜਾਤਾਂ ਦੇ ਝਗੜੇ ਕਿਉਂ? ਜਦ ਗੁਰਦਵਾਰਾ, ਮੰਦਿਰ, ਮਸਜਿਦ ਵਿਚ ਕੋਈ ਅੰਤਰ ਨਹੀਂ ਤ ਪੂਜਾ, ਨਿਮਾਜ਼ ਤੇ ਗੁਰਬਾਣੀ ਵਿਚ ਕੀ ਫਰਕ ਹੋ ਸਕਦਾ?

ਸਿੱਧਾ ਬੰਦਾ : ਪਰ ਇਕ ਗੱਲ ਕਰਾਂ ਜੇ ਗੁੱਸਾ ਨਾ ਕਰੋ ਤਾਂ। ਜੇ ਪਿਆਰ ਦੇਖਣਾ ਤ ਕਿਤੇ ਸਰਕਾਰ ਦੇ ਮਨਜ਼ੂਰ ਸ਼ੁਦਾ ਹਾਤੇ 'ਚ ਆਉ।

ਵਾਰਿਸ ਸ਼ਾਹ : ਧਰਮ ਤਾਂ ਰੱਬ ਨੂੰ ਮਿਲਣ ਦਾ ਵਸੀਲਾ ਹਨ।

ਭਗਤ ਸਿੰਘ : (ਆਉਂਦਾ ਹੈ) ਧਰਮ ਹੀ ਤਾਂ ਲੋਕਾਂ ਵਿਚ ਵੰਡ ਪਾਉਂਦੇ ਹਨ, ਲੋ ਨੂੰ ਲੜਾਉਂਦੇ ਮਰਵਾਉਂਦੇ ਹਨ। (ਸਾਰੇ ਪਾਤਰ ਭਗਤ ਸਿੰਘ ਦੇ ਪਿੱ ਪਿੱਛੇ ਸਟੇਜ ਤੇ ਆਉਂਦੇ ਹਨ) ਸਾਥੀਓ ਮੈਂ ਤੁਹਾਡੀ ਮਜਬੂਰੀ ਸਮਝਦਾ ਜਿਥੇ ਅਪਣੱਤ ਨਾ ਰਹੇ, ਆਪਣੇ ਨੂੰ ਆਪਣਾ ਮਾਰੇ, ਜਿਥੇ ਬੇਮੌਤ ਮਰ



ਪਵੇ, ਉਥੇ ਕੋਈ ਵੀ ਜਾਣਾ ਪਸੰਦ ਨਹੀਂ ਕਰੇਗਾ। ਆਮ ਜਨਤਾ ਨੂੰ ਭੜਕਾ ਕੇ ਲੀਡਰ ਤਬਕਾ ਹਮੇਸ਼ਾ ਪਿੱਛੇ ਰਹਿੰਦਾ ਹੈ। ਮਰਦਾ ਹਮੇਸ਼ਾ ਆਮ ਬੰਦਾ ਹੀ ਹੈ। ਭੀੜ ਹੋਵੇ ਜਾਂ ਸਿਪਾਹੀ। ਇਨ੍ਹਾਂ ਦਾ ਉਦੇਸ਼ ਆਪਣੀ ਮੁਜਰਮਾਨਾ ਭੂਮਿਕਾ ਉੱਤੇ ਪਰਦਾ ਪਾਉਣ ਦੇ ਨਾਲ ਨਾਲ ਦੋ ਫਿਰਕਿਆਂ ਵਿਚ ਨਫਰਤ ਪੈਦਾ ਕਰਨਾ ਹੈ, ਕਿਉਂਕਿ ਚਿੱਟੇ ਅੰਗਰੇਜ਼ਾਂ ਦਾ ਵੀ ਇਹੀ ਅਸੂਲ ਸੀ—ਪਾੜੋ ਤੇ ਰਾਜ ਕਰੋ।

ਨੌਜਵਾਨ : ਤੇ ਹੁਣ ਕਾਲੇ ਅੰਗਰੇਜ਼ਾਂ ਦਾ ਵੀ ਇਹੀ ਅਸੂਲ ਹੈ। ਸਾਨੂੰ ਦੁਸ਼ਮਣਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ।

ਸਿਧਾ ਬੰਦਾ : ਐਵੇਂ ਈ ਨਹੀਂ ਰਾਹ ਜਾਂਦਾ ਨਹੀਂ ਝਟਕਾ ਦੇਣਾ ਚਾਹੀਦਾ। (ਚਿਤਰਗੁਪਤ ਨੂੰ) ਕਿਉਂ ਜੀ (ਪਿਠ ਭੂਮੀ ਗੀਤ)

ਮੈਂ ਕਦ ਕਹਿੰਨਾਂ ਇਨਸਾਫ ਨਾ ਮੰਗ,
ਜਾਂ ਇਹ ਕਿ ਹੱਕਾਂ ਲਈ ਛੇੜ ਨਾ ਜੰਗ।
ਪਰ ਦੁਸ਼ਮਣ ਦੀ ਪਹਿਚਾਣ ਤਾਂ ਕਰ,
ਐਵੇਂ ਨਾ ਕੱਟ ਆਪਣੇ ਹੀ ਅੰਗ।
ਦੁੱਖਾਂ ਦੇ ਖਿਲਾਫ ਅਜੇ ਲੜਨਾ ਹੈ।

ਧਰਮਰਾਜ : ਤੁਹਾਡੇ ਲੋਕ ਧਰਮ ਨਾਲ ਬਹੁਤ ਜੁੜੇ ਹੋਣ ਕਾਰਣ, ਧਰਮ ਤੋਂ ਹੀ ਸਿਖਿਆ ਗ੍ਰਹਿਣ ਕਰ ਸਕਦੇ ਆ। ਇਨਸਾਨ ਧਰਤੀ ਉਪਰ ਰਹਿਕੇ ਚੰਗੇ ਕੰਮ ਕਰੇ, ਨੇਕੀ ਦਾ ਰਸਤਾ ਫੜੇ ਤੇ ਹੱਕ ਸੱਚ ਲਈ ਲੜੇ, ਧਰਤ ਵਾਸੀਆਂ ਲਈ ਉਹੀ ਪੂਜਣ ਯੋਗ ਹੁੰਦੇ ਹਨ। ਮੈਂ ਚਾਹੁੰਨਾਂ ਤੁਸੀਂ ਵੀ ਧਰਤੀ ਉੱਤੇ ਜਾਕੇ ਆਪਣੇ ਆਪ ਨੂੰ ਇਹੋ ਜਿਹਾ ਬਣਾਉ। ਲੋਕ ਤੁਹਾਨੂੰ ਪੂਜਣ, ਤਹਾਡੇ ਬਣਾਏ ਅਸੂਲਾਂ ਉੱਤੇ ਚਲਣ। ਤੁਹਾਡੀ ਧਰਤੀ ਸਵਰਗ ਦਾ ਰੂਪ ਗ੍ਰਹਿਣ ਕਰੇ।

ਰਾਮ ਸਿੰਘ : ਸਾਨੂੰ ਜਾਤਾਂ-ਪਾਤਾਂ ਦੇ ਵਿਤਕਰੇ ਤੋਂ ਬਚਣਾ ਚਾਹੀਦਾ ਹੈ। ਅਸੀਂ ਵਾਰ ਵਾਰ ਆਪਣੀ ਧਰਤੀ ਤੇ ਜਨਮ ਲਵਾਂਗੇ।

ਗੁਰਜੀਤ ਸਿੰਘ : ਜੇ ਅਸੀਂ ਹੀ ਆਪਣੀ ਧਰਤੀ ਅਤੇ ਮਾਂ ਬੋਲੀ ਦੀ ਰੱਖਿਆ ਨਹੀਂ ਕਰਾਂਗੇ ਤਾਂ ਕੌਣ ਕਰੇਗਾ? ਕੋਈ ਚੀਨ, ਅਮਰੀਕਾ ਜਾਂ ਰੂਸ ਵਿਚੋਂ ਤਾਂ ਆਉਣਗੇ ਨਹੀਂ। ਇਹ ਸਾਨੂੰ ਹੀ ਕਰਨਾ ਪੈਣਾ ਹੈ। ਅਸੀਂ ਹਰ ਮਹਾਨ ਬੰਦੇ ਦੀ ਇਜ਼ਤ ਕਰਾਂਗੇ, ਉਨ੍ਹਾਂ ਦੇ ਅਸੂਲਾਂ ਨੂੰ ਅਪਣਾਵਾਂਗੇ ਪਰ ਉਨ੍ਹਾਂ ਦੇ ਦੇਸ਼ਾਂ ਦੀ ਕਠਪੁਤਲੀ ਨਹੀਂ ਬਣਾਂਗੇ।

ਪ੍ਰੇਮ ਕੁਮਾਰ : ਕਿਉਂਕਿ ਕੋਈ ਬਾਹਰੋਂ ਤਾਂ ਆਉਣਗੇ ਨਹੀਂ ਜੋ ਸਾਡੀ ਮਾਂ ਬੋਲੀ ਨੂੰ ਉੱਚਾ ਚੁਕਣਗੇ। ਇਹ ਸਭ ਸਾਨੂੰ ਹੀ ਕਰਨਾ ਪੈਣਾ ਹੈ।

ਨੌਜਵਾਨ : ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਨਫਰਤ, ਫਿਰਕੂ ਭਾਵਨਾਂ ਤੇ ਜਾਤਾਂ ਪਾਤਾਂ ਨੂੰ ਭੁੱਲ ਕੇ ਇਕ ਹੋ ਜਾਈਏ, ਦੇਸ਼ ਨੂੰ ਤਰੱਕੀ ਦੀਆਂ ਰਾਹਾਂ ਵੱਲ ਲੈ ਜਾਈਏ। ਮੁੰਡਿਆਂ, ਚੋਰਾਂ, ਸਰਮਾਏਦਾਰਾਂ ਤੇ ਫਿਰਕੂ ਗਿਰਝਾਂ ਤੋਂ ਬਚਾਈਏ।

ਆਵਾਜ਼ : ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ, ਇਹਦੀ ਧਾਰ ਨੂੰ ਸਾਣ ਚੜ੍ਹਾਕੇ ਰੱਖ
ਹਨੇਰੇ 'ਚ ਚਾਨਣ ਲਿਖਣਾ ਏ, ਇਹਨੂੰ ਅੱਗ ਦੀ ਲਾਟ ਬਣਾਕੇ ਰੱਖ

ਧਰਮਰਾਜ : ਰੱਬ ਸਭ ਦਾ ਭਲਾ ਕਰੇ।

ਰਾਮ ਸਿੰਘ : ਨਾਨਕ ਨਾਮ ਚੜਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।
(ਸਾਰੇ ਮਿਲਕੇ ਗੀਤ ਗਾਉਂਦੇ ਹਨ)
ਦੁੱਖਾਂ ਦੇ ਖਿਲਾਫ ਅਜੇ ਲੜਨਾ।
ਭੁੱਖਾਂ ਦੇ ਖਿਲਾਫ ਅਜੇ ਲੜਨਾ।

(ਪਰਦਾ)



# ਚੌਂਕ ਵਿਚ ਖੜੇ ਪੇਸ਼ਾਵਰ

## ਸੁਖਮਿੰਦਰ ਸਿੰਘ ਸੇਖੋਂ

ਸੁਖਮਿੰਦਰ ਸਿੰਘ ਸੇਖੋਂ ਦੇ ਦੋ ਕਹਾਣੀ ਸੰਗ੍ਰਹਿ 'ਉਚੀਆਂ ਕੰਧਾਂ ਦੀ ਸ਼ਰਾਰਤ' ਅਤੇ 'ਗੌਤਮ ਉਦਾਸ ਹੈ' ਛਪ ਚੁੱਕੇ ਹਨ। ਉਹ ਇਕ ਰੰਗਕਰਮੀ ਵੀ ਹੈ ਅਤੇ ਆਪਣੇ ਲਿਖੇ ਕਈ ਨਾਟਕ ਖੇਡ ਚੁੱਕਾ ਹੈ। 'ਮੰਚਣ' ਵਿਚ ਪ੍ਰਕਾਸ਼ਿਤ ਪ੍ਰਸਤਤ ਨਾਟਕ ਤੋਂ ਇਲਾਵਾ ਉਸਦਾ ਨਾਟਕ ਸੰਗ੍ਰਹਿ 'ਹੀਰੋ ਨਹੀਂ ਆਵੇਗਾ ਤੇ ਹੋਰ ਨਾਟਕ' ਛਪਣ ਲਈ ਤਿਆਰ ਹੈ।

### ਪਾਤਰ :

ਅਨਵਰ ਖ਼ਾਨ, ਸਰੂਪ ਸਿੰਘ, ਚੌਧਰੀ (ਪਾਨਵਾੜੀ) ਅਤੇ ਆਉਂਦੇ ਜਾਂਦੇ ਲੋਕ।

[ਇਕ ਸ਼ਹਿਰ ਦਾ ਚੌਂਕ। ਕੁੱਝ ਲੋਕ ਸਟੇਜ ਦੇ ਏਧਰ ਓਧਰ ਦੀ ਗੁਜ਼ਰਦੇ ਹਨ। ਫੇਰ ਇਕ ਪਲ ਲਈ ਸਟੇਜ ਖ਼ਾਲੀ ਹੁੰਦੀ ਹੈ। ਸਿਰਫ ਪਾਨ-ਸਿਗਰੇਟ ਦੀ ਦੁਕਾਨ ਤੇ ਬੈਠਾ ਪਾਨਵਾੜੀ (ਚੌਧਰੀ) ਰਹਿ ਜਾਂਦਾ ਹੈ ਜਾਂ ਫੇਰ ਅਨਵਰ ਖ਼ਾਨ। ਪਾਨਵਾੜੀ ਦੀ ਦੁਕਾਨ ਤੋਂ ਫਿਲਮੀ ਗਾਣਾ ਵੀ ਸੁਣਾਈ ਦੇ ਰਿਹਾ ਹੈ। ਗਾਣੇ ਦੇ ਕੁਝ ਬੋਲਾ ਉਪਰੰਤ ਹੀ ਉਥੇ ਸਰੂਪ ਸਿੰਘ ਦਾਖਲ ਹੁੰਦਾ ਹੈ। ਉਹਦੇ ਚਿਹਰੇ ਤੋਂ ਜਾਪ ਰਿਹਾ ਹੈ, ਜਿਵੇਂ ਉਹ ਕਿਸੇ ਗਹਿਰੀ-ਚਿੰਤਾ ਵਿਚ ਹੋਵੇ।]

ਅਨਵਰ ਖ਼ਾਨ : ਸਰੂਪ ਸਿਆਂ! ਅੱਜ ਕੱਲ ਤੂੰ ਕੁਛ ਉਦਾਸ ਉਦਾਸ ਜਿਹਾ ਦਿਖਾਈ ਦਿੰਨੈਂ, ਗੱਲ ਕੀ ਐ ਵਿਚੋਂ, ਕੁਛ ਮੈਨੂੰ ਵੀ ਤਾਂ ਪਤਾ ਲੱਗੇ ?

ਸਰੂਪ ਸਿੰਘ : ਕੋਈ ਗੱਲ ਨੀ ਯਾਰ! ਬੱਸ ਸੋਚਦਾ ਹਾਂ ਜੇ ਚੰਗੀ-ਮੋਟੀ ਜਿਹੀ ਰਕਮ ਲਾ ਕੇ ਦੋ-ਚਾਰ ਦੁਕਾਨਾਂ ਜਿਹੀਆਂ ਬਣਵਾ ਦਿਆਂ ਤਾਂ ਧਰਮ ਤੇ ਵਾਰੇ ਨਿਆਰੇ ਈ ਹੋ ਜਾਣ।

ਅਨਵਰ ਖ਼ਾਨ : ਅੱਛਿਆ ਯਾਰ! ਮੈਂ ਵੀ ਕੁਝ ਏਸੇ ਤਰ੍ਹਾਂ ਦਾ ਹੀ ਸੋਚਦੈਂ। ਸੱਚ ਪੁੱਛੇਂ ਤਾਂ ਵਪਾਰ ਵਰਗੀ ਰੀਸ ਨੀਂ। ਨੌਕਰੀਆਂ ਨੂਕਰੀਆਂ ਨਾਲੋਂ ਤਾਂ ਆਦਮੀ ਚੂੱਲੂ ਭਰ ਪਾਣੀ 'ਚ ਡੁੱਬ ਮਰੇ। ਖੇਤੀ-ਖ਼ੂਤੀ ਦਾ ਤਾਂ ਤੈਨੂੰ ਪਤਾ ਈ ਐ ?। ਬੱਸ ਆਈ ਚਲਾਈ ਓ ਚੱਲਦੀ ਐ। ਤੇ ਵਪਾਰ ? — ਵਪਾਰ ਤਾਂ ਬੱਸ ਵਪਾਰ ਈ ਹੁੰਦੈ। ਜੋ ਮਰਜ਼ੀ ਖਰੀਦ ਲਓ, ਜੋ ਮਰਜ਼ੀ ਐ ਵੇਚ ਦਿਓ। ਵਪਾਰੀ ਲੋਕਾਂ ਨੂੰ ਭਲਾ ਕਿਸੇ ਗੱਲ

ਦੀ ਪ੍ਰਵਾਹ ਹੁੰਦੀ ਐ ਮਖਾਂ ਸਰੂਪ ਸਿਆਂ ?

ਸਰੂਪ ਸਿੰਘ : ਗੱਲ ਬਣੀ ਐ ਨਾ ਏਸ ਤਰ੍ਹਾਂ ਮੇਰੇ ਆਰ ! ਕੋਈ ਸਿੱਖੇ ਤਾਂ ਆਪਣੇ ਵਰਗੇ ਵਪਾਰੀ ਲੋਕਾਂ ਤੋਂ । ਹੈ ਨਾ ਕਮਾਲ ?

ਅਨਵਰ ਖ਼ਾਨ : ਕਮਾਲ ਕਾਹਦੀ ? ਇਹ ਯਾਰੀ ਐ ਆਪਣੀ ਯਾਰੀ, ਕੋਈ ਛੋਲਿਆਂ ਦਾ ਵੱਢ ਨੀ ?

ਸਰੂਪ ਸਿੰਘ : ਅੱਛਿਆ ਯਾਰ, ਮੈਂ ਇਕ ਗੱਲ ਹੋਰ ਸੋਚਦੈਂ ਕਿ ਜੇ ਏਸ ਬਾਰ ਮਿਉਂਸਪਲ ਕਮੇਟੀ ਦੀਆਂ ਅਲੈਕਸ਼ਨਾਂ ਵਾਸਤੇ ਮੈਂ ਚੋਣ ਲੜ ਲਵਾਂ, ਤਾਂ ਭਲਾ ਹਰਜ ਕੀ ਐ ? ਤੂੰ ਭਲਾ ਏਸ ਬਾਰੇ ਕੁਛ ਸੋਚਿਐ ?

ਅਨਵਰ ਖ਼ਾਨ : ਨੇਕ ਈ ਸੋਚਿਐ, ਤੂੰ ਪ੍ਰਵਾਹ ਨਾ ਕਰ ਮਖਾਂ ਟੁੰਡੀ ਲਾਟ ਦੀ ਬੱਸ ਖੜ੍ਹਾ ਹੋ । ਜਾ ਪਾਧਾ ਨਾ ਪੁੱਛ ਭੋਰਾ । ਦੇਖੀਂ ਫੇਰ ਆਹ ਦੁਕਾਨਾ-ਦਕੂਨਾਂ ਜੀਆਂ ਆਲੇ ਤਾਂ ਆਪਾਂ ਨੂੰ ਝੁਕ ਝੁਕ ਕੇ ਸਲਾਮਾਂ ਮਾਰਿਆ ਕਰਨਗੇ । ਕਿਉਂਕਿ ਲੀਡਰੀ ਜੀ ਬੱਸ ਲੀਡਰੀ ਓ ਹੁੰਦੀ ਐ । ਲੀਡਰ ਤੋਂ ਭਾਵ ਨੇਤਾਗੀਰੀ । ਜਿਵੇਂ ਦਾਦਾਗਿਰੀ ਤੇ ਚਮਚਾਗੀਰੀ । ਨਾਲੇ ਇਕ ਗੱਲ ਹੋਰ ਵੀ ਐ । ਜੇ ਆਪਾਂ ਤੱਕੜੇ ਵਪਾਰੀ ਬਣ ਗੇ ਤਾਂ ਫੇਰ......?

[ਦੋਨੋਂ ਜਣੇ ਸਟਿੱਲ ਹੋ ਜਾਂਦੇ ਹਨ। ਪਿਛੋਕੜ ਤੋਂ ਦੁਕਾਨਾਂ ਦੀ ਬੋਲੀ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਹ ਕਾਰਜ ਇਕ ਮਿੰਟ ਚੱਲਦਾ ਹੈ ।]

ਅਨਵਰ ਖ਼ਾਨ : ਤਾਂ ਫੇਰ ਆਪਣੀ ਨੇਤਾਗਿਰੀ ਵੀ ਪੱਕੀ ਸਮਝੋ । ਨੇਤਾਗਿਰੀ ਪੱਕੀ ਤਾਂ ਸਮਝੋ ਆਪਣੇ ਮਗਰੋ ਮਗਰ ਲੂੰਗਰ ਦੀ ਪੂਛ ਆਗੂੰ ਚਮਚਾਗਿਰੀ ਵੀ ਪੱਕੀ । ਹੈ ਨਾ ਨੇਤਾਗਿਰੀ ਦਾ ਕਮਾਲ ?

[ਦੋਨੋਂ ਜਨੇ ਫੇਰ ਸਟਿੱਲ ਹੋ ਜਾਂਦੇ ਹਨ। ਸਟੇਜ ਪਿੱਛਿਓਂ ਵੱਖੋ ਵੱਖ ਚੋਣ ਨਿਸ਼ਾਨਾਂ ਦੇ ਨਾਅਰੇ ਲੱਗਦੇ ਹਨ। ਤੇ ਅੰਤ ਵਿਚ ਉਲੂ ਵਾਲਾ ਜਿੱਤ ਗਿਆ ਤੇ ਦੋਨੋਂ ਪਾਤਰ ਹੋਸ਼ 'ਚ ਆਉਂਦੇ ਹਨ ।]

ਸਰੂਪ ਸਿੰਘ : ਇਹੀ ਤਾਂ ਯਾਰ ਮੈਂ ਸੋਚਦੈਂ, ਕਿ ਹੁਣ ਆਪਾਂ ਬਿਜਨੈਸ ਤੋਂ ਬਿਨਾਂ ਥੋੜ੍ਹਾ ਬਹੁਤ ਸਿਆਸਤ ਵਿਚ ਵੀ ਹੱਥ ਪੱਲਾ ਮਾਰੀਏ । ਘੱਟੋ ਘੱਟ ਆਪਣੇ ਵਾਰਡ 'ਚ ਤਾਂ ਆਪਣੀ ਫੁੱਲ ਗਾਡਰੀ ਕਾਇਮ ਹੋ ਜੇ। ਕਿਉਂ ?

ਅਨਵਰ ਖ਼ਾਨ : ਆਹ ਫੁੱਲ ਗਾਡਰੀ ਆਲੀ ਗੱਲ ਬਾਰੇ ਮੇਰੇ ਦਿਮਾਗ 'ਚ ਵੀ ਇਕ ਖ਼ਿਆਲ ਉਤਪੰਨ ਹੋ ਰਿਹੈ । ਜੇ ਮਖਾ ਤੈਨੂੰ ਬੁਰਾ ਨਾ ਲੱਗੇ ਤਾਂ ਸੁਣ



ਦਿਆਂ ਫੇਰ ?

ਸਰੂਪ ਸਿੰਘ : ਹਾਂ ਹਾਂ ਕਿਉਂ ਨੀ ਤੂੰ ਬੋਲ ਤਾਂ ਸਹੀ, ਭਲਾ ਬੁਰਾ ਕਾਹਦਾ । ਯਾਰਾਂ ਦੀਆਂ ਗੱਲਾਂ ਦਾ ਭਲਾ ਕੋਈ ਬੁਰਾ ਮਨਾਉਂਦੈ ਅਨਵਰਾ ?

ਅਨਵਰ ਖ਼ਾਨ : ਮੈਂ ਸੋਚਦੈਂ ਪਹਿਲਾਂ ਆਪਾਂ ਆਏਂ ਨਾ ਕਰੀਏ, ਉਹ ਨਵੀਂ ਮਾਰਕੀਟ 'ਚ ਪਲਾਟ ਪਲੂਟ ਖਰੀਦ ਕੇ ਉਥੇ ਬਣਾਈਏ ਦੁਕਾਨਾਂ ਤੇ ਫੇਰ ਉਹਨੂੰ ਚਾੜ੍ਹੀਏ ਆਪਾਂ ਕਰਾਏ ਤੇ । ਇਸ ਤਰ੍ਹਾਂ ਆਪਣੀ ਵੀ ਮਾਰਕੀਟ 'ਚ ਚੰਗੀ ਖਾਸੀ ਪੁਜੀਸ਼ਨ ਬਣ ਸਕਦੀ ਐ । ਕਿਉਂ ਠੀਕ ਨੀ ਬਾਈ ਸਿਆਂ ?

ਸਰੂਪ ਸਿੰਘ : ਕਿਆ ਬਾਤ ਹੈ ! ਕਦੇ ਕਦੇ ਤਾਂ ਯਾਰ ਤੂੰ ਲੱਖ ਰੁਪਈਏ ਆਲੀ ਗੱਲ ਕਰ ਜਾਨੈਂ । ਮੇਰੇ ਚਿੱਤ 'ਚ ਔਂਦੇ ਬਈ ਮੈਂ ਤੇਰੇ ਪੈਰ ਚੁੰਮ ਲਵਾਂ ।

ਅਨਵਰ ਖ਼ਾਨ : ਨਾ ਚੁੰਮ ਲੈ ਫੇਰ !

ਸਰੂਪ ਸਿੰਘ : (ਸਰੂਪ ਸਿੰਘ ਸ਼ਰਮਾ ਕੇ ਹੀਂ-ਹੀਂ ਕਰਦਾ ਹੈ) ਚੱਲ ਸਾਲਾ ਕਮਲਾ ਨਾ ਸਿਆਣਾ ।

ਅਨਵਰ ਖ਼ਾਨ : ਖੈਰ ਛੱਡ ਮੇਰੇ ਆਰ ਹੁਣ ਹੱਸ ਨਾ । ਮੈਨੂੰ ਇਕ ਗੱਲ ਦਿਮਾਗ 'ਚ ਵੜਦੀ ਪ੍ਰਤੀਤ ਹੁੰਦੀ ਐ । ਪਤਾ ਨਹੀਂ ਅੱਜ ਕੱਲ ਸਾਲਾ ਇਹ ਦਿਮਾਗ ਮੇਰਾ ਏਨਾ ਕਿਵੇਂ ਚੱਲਣ ਲੱਗ ਪਿਐ ? —ਹਾਲਾਂ ਕਿ ਅੱਜ ਕੱਲ ਏਨੀਆਂ ਖੁਰਾਕਾਂ ਵੀ ਨਹੀਂ ਰਹੀਆਂ, ਹਰ ਚੀਜ਼ 'ਚ ਸਾਲੀ ਮਲਾਵਟ ਹੁੰਦੀ ਐ । ਹੋਰ ਤਾਂ ਹੋਰ ਅੱਜ ਕੱਲ ਤਾਂ ਮਰਦ-ਔਰਤਾਂ 'ਚ ਵੀ ਮਲਾਵਟ ਚੱਲਦੀ ਐ, ਕਈ ਵਾਰੀ ਤਾਂ ਨਜ਼ਰਾਂ ਧੋਖਾ ਖਾ ਜਾਂਦੀਆਂ ਕਿ ਫਲਾਣਾ ਆਦਮੀ ਐ ਕਿ ਤੀਵੀਂ ? ਹਰ ਚੀਜ਼ 'ਚ ਮਿਲਾਵਟ, ਧਿਆਸਤ 'ਚ ਵੀ ਮਲਾਵਟ ! ਹੋਰ ਤਾਂ ਹੋਰ ਅੱਜ ਕੱਲ ਦੀ ਮੁਹੱਬਤ 'ਚ ਵੀ ਮਿਲਾਵਟ !

ਸਰੂਪ ਸਿੰਘ : ਮੁਹੱਬਤ 'ਚ ਵੀ ਮਲਾਵਟ ? —ਨਾ ਉਹ ਕਿਵੇਂ ਬਈ ?

ਅਨਵਰ ਖ਼ਾਨ : ਤੂੰ ਜਾਣੀ ਮੇਰੇ ਆਰ ਕਮਲਾ ਜਾ ਈ ਐਂ, ਗੱਲ ਨੂੰ ਕੈਚ ਕਰਨ ਦੀ ਕੋਸ਼ਿਸ਼ ਕਰ ।

ਸਰੂਪ ਸਿੰਘ ; ਉਹ ਕਿਵੇਂ ਕਰਾਂ ਬਾਈ ?

ਅਨਵਰ ਖ਼ਾਨ : ਉਏ ਹੁਣ ਉਹ ਪਹਿਲਾਂ ਆਲੇ ਇਸ਼ਕ ਥੋੜ੍ਹਾ ਰਹਿ ਗਏ, ਏਥੇ ਵਿਆਹ ਹੁੰਦਾ ਨੀ, ਜੁਆਕ ਪਹਿਲਾਂ ਈ...।

ਸਰੂਪ ਸਿੰਘ : ਆਹ ਜੁਆਕ ਆਲੀ ਗੱਲ ਤੋਂ ਮੇਰੇ ਚੇਤੇ 'ਚ ਇਕ ਹੋਰ ਗੱਲ ਆਈ ਐ, ਮੇਰਾ ਇਕ ਲੰਗੋਟੀਆ ਯਾਰ ਸੀ, ਉਹਨੇ ਕਰਾਇਆ ਮੰਗਣਾ, ਦੂਜੇ ਦਿਨ ਖੁਸ਼ਖਬਰੀ ਮਿਲੀ, ਕਿ ਉਹਦੇ ਮੁੰਡਾ ਜੰਮਿਐ ।

ਅਨਵਰ ਖ਼ਾਨ : ਉਏ ਆਹੀ ਤਾਂ ਮੈਂ ਰੋਣਾ ਹੋਨੈਂ ਕਿ ਅੱਜ ਕੱਲ ਹਰ ਚੀਜ਼ 'ਚ ਮਲਾਵਟ ਐ, ਪਰ ਫਰ ਵੀ ਮੇਰਾ ਇਹ ਕੰਬਖਤ ਦਮ ਗ ਦਾ ਚੋਖਟਾ ਪਤਾ ਨੀ ਐਨਾ ਕਿਵੇਂ ਚੱਲਣ ਲੱਗ ਪਿਐ ?

ਸਰੂਪ ਸਿੰਘ : ਇਹੋ ਗੱਲ ਸਾਲੀ ਮੇਰੇ ਨਾਲ ਵਾਪਰ ਰਹੀ ਐ ਅੱਜ ਕੱਲ ਮੀਆਂ ਜੀ ! ਨਵੇਂ ਨਵੇਂ ਵਿਚਾਰ ਉਤਪੰਨ ਹੁੰਦੇ ਨੇ ਦਿਮਾਗ 'ਚ। ਨਵੀਆਂ ਨਵੀਆਂ ਗੱਲਾ, ਨਵੇਂ ਨਵੇਂ ਕੰਮ। ਨਵੀਆਂ ਸੋਚਾਂ ਤੇ ਨਵੀਆਂ ਲੀਹਾਂ। ਬਹੁਤ ਈ ਜ਼ਿਆਦਾ ਚਤੁਰ ਹੋ ਗਿਐ ਇਹ ਕੰਬਖਤ ਦਿਮਾਗ਼ ਦਾ ਬੱਚਾ।

ਅਨਵਰ ਖ਼ਾਨ : ਆਏ ਹਾਏ...ਹਾਏ...ਹਾਏ...ਫੇਰ ਤਾਂ ਮੈਨੂੰ ਹਾਸਾ ਆਏ ਬਿਨਾ ਨੀ ਰਹਿ ਸਕਦਾ। (ਅਨਵਰ ਬਣਾਵਟੀ ਜਿਹਾ ਹੱਸਦਾ ਹੈ)

ਸਰੂਪ ਸਿੰਘ : ਮੀਆਂ ਅਨਵਰ ! ਏਸ 'ਚ ਹੱਸਣ ਆਲੀ ਗੱਲ ਨੀ, ਹੰਡਰਡ ਪਰਸੈਂਟ ਸਚਾਈ ਐ। ਤੂੰ ਮੰਨ ਭਾਵੇਂ ਦੀ ਨਾ ਮੰਨ, ਇਹ ਸੋਲਾਂ ਆਨੇ ਸੱਚ ਐ।

ਅਨਵਰ ਖ਼ਾਨ : ਨਹੀਂ ਮੇਰੇ ਆਰ, ਮੈਂ ਵੀ ਤਾਂ ਮਜਾਕ ਨਾਲ ਨੀ ਹੱਸਿਆ। ਤੈਨੂੰ ਪਹਿਲਾਂ ਆਖ ਤਾਂ ਚੁੱਕਿਐਂ ਬਈ ਮੇਰਾ ਵੀ ਤੇਰੇ ਅਰਗਾ ਈ ਹਾਲ ਐ। ਇਹ ਉਂਜ ਹੱਸਣ ਆਲੀ ਗੱਲ ਸਾਲੀ ਵੱਖਰੀ ਐ, ਕਦੇ ਕਦੇ ਉਈਂ ਬੱਸ ਹਾਸਾ ਕੰਟਰੋਲ ਤੋਂ ਬਾਹਰ ਹੋ ਜਾਂਦੈ। —ਏਸ 'ਚ ਭਲਾ ਮੇਰਾ ਕੀ ਦੋਸ਼ ਹੋਇਆ ਸਰੂਪ ਸਿਆਂ ?

ਸਰੂਪ ਸਿੰਘ : ਲੈ ਮੈਨੂੰ ਫੇਰ ਤੇਰੀ ਗੱਲ ਤੇ... (ਸਰੂਪ ਸਿੰਘ ਭੀ ਬਣਾਵਟੀ ਹਾਸਾ ਹੱਸਦਾ ਹੈ)

ਅਨਵਰ ਖ਼ਾਨ : ਨਾ ਹੁਣ ਤੂੰ ਕਿਉਂ ਹੱਸਿਆ ਸਾਲਿਆ ?

ਸਰੂਪ ਸਿੰਘ : ਤੇਰਾ ਦੋਸਤ ਜੁ ਹੋਇਆ ਬਾਈ ?

ਅਨਵਰ ਖ਼ਾਨ : ਅੱਛਿਆ ਲੈ ਫੇਰ ਮੈਨੂੰ ਵੀ... (ਅਨਵਰ ਹੱਸਦਾ ਹੈ। ਸਰੂਪ ਸਿੰਘ ਪਹਿਲਾਂ ਤਾਂ ਉਹਦੇ ਵੱਲ ਭਵੰਤਰਿਆ ਜਿਹਾ ਝਾਕਦਾ ਹੈ। ਪਰ ਫੇਰ ਉਹ ਵੀ ਉੱਚੀ ਉੱਚੀ ਹੱਸਣ ਲੱਗਦਾ ਹੈ। ਚੌਂਕ 'ਚ ਵਿਅਕਤੀ ਆਉਂਦੇ ਜਾਂਦੇ ਹਨ। ਪਰ ਦੋਨੋਂ ਜਣੇ ਬਿਨਾਂ ਕਿਸੇ ਦੀ ਪਰਵਾਹ ਕੀਤਿਆਂ ਉੱਚੀ ਉੱਚੀ 'ਬਣਾਵਟੀ ਹਾਸੇ' ਹੱਸਦੇ ਰਹਿੰਦੇ ਹਨ। ਇਹ ਕਾਰਜ ਲੱਗਭੱਗ ਡੇਢ-ਦੋ ਮਿੰਟ ਚੱਲਦਾ ਹੈ।

ਅਨਵਰ ਖ਼ਾਨ : ਮੈਨੂੰ ਤਾਂ ਯਾਰ ਆਏਂ ਲੱਗਿਆ ਸੀ ਜਿਵੇਂ ਆਹ ਜਿੰਨੇ ਵੀ ਲੋਕ ਆ ਜਾ ਰਹੇ ਨੇ, ਇਹ ਸਭ ਦੇ ਸਭ ਜਿਵੇਂ ਆਪਣੇ ਵਰਗੇ ਈ ਹੋ ਗਏ ਹੋਣ।

ਸਰੂਪ ਸਿੰਘ : ਇਹ ਵੀ ਸਾਲੀ ਸੱਭ ਆਪਣੇ ਦਿਮਾਗ ਦੀ ਓ ਖੇਡ ਐ। ਜਦੋਂ ਦਿਮਾਗ ਕਾਇਮ ਤਾਂ ਸਮਝੋ ਸਭ ਕੁਝ ਕੈਮ। ਦਿਮਾਗ ਨਾਲ ਤਾਂ ਚਾਹੇ ਦੁਨੀਆਂ ਖਰੀਦ ਕੇ ਵੇਚ ਦਿਓ ਤੇ ਵੱਟੇ ਪੈਸਿਆਂ ਦੀਆਂ ਰਿਉੜੀਆਂ ਲੈ ਕੇ ਖਾ ਜਾਓ।

ਅਨਵਰ ਖ਼ਾਨ : ਯਾਰਾ ! ਆਹ ਰਿਉੜੀਆਂ ਖਾਣ ਆਲੀ ਗੱਲ ਤਾਂ ਸਿੱਧੀ ਮੇਰੇ ਦਿਲ 'ਚ ਆ ਕੇ ਬੈਠ ਗਈ। ਮੈਨੂੰ ਮਿੱਠਾ ਬੜਾ ਈ ਚੰਗਾ ਲੱਗਦੈ। ਮੈਨੂੰ ਵੀ ਪੰਸੇਰੀ ਪੱਕੀਆਂ ਰਿਉੜੀਆਂ ਦੇ ਦੇ ਨਾ !

ਸਰੂਪ ਸਿੰਘ : ਚੱਲ ਛੱਡ ਸਾਲਾ ਪਾਗਲ ਕਿਸੇ ਥਾਂ ਦਾ ! ਇਹ ਤਾਂ ਉਂਜ ਈ ਕਹਾਵਤ ਜਿਹੀ ਐ, ਸਾਲੀ ਸੱਚ ਥੜ੍ਹੇ ?

ਅਨਵਰ ਖ਼ਾਨ : ਮੈਨੂੰ ਵੀ ਪਤੈ ਮੈਂ ਵੀ ਤਾਂ ਸਾਲਾ ਉਂਜ ਈ ਹਾਸੇ ਹਾਸੇ 'ਚ ਤੈਥੋਂ ਪੁੱਛਿਆ ਸੀ ਤੂੰ ਮੇਰੇ ਆਰ ਮੈਨੂੰ ਉਂਜ ਈ ਸਮਝਦੈਂ। ਤੇਰੇ ਨਾਲ ਸਦੀਆਂ ਤੋਂ ਦੋਸਤੀ ਚੱਲੀ ਔਂਦੀ ਐ। ਯਾਰਾਂ ਦੇ ਯਾਰ ਹੁੰਨੇ ਆਂ ਮਖਿਆਂ ਕੋਈ ਮਖੌਲ ਦੀ ਘੱਗਰੀ ਨੀ।

ਸਰੂਪ ਸਿੰਘ : ਖ਼ੈਰ ਛੱਡ ਹੁਣ ਮੈਂ ਤੈਨੂੰ ਇਕ ਹੋਰ ਦਿਮਾਗ ਆਲੀ ਗੱਲ ਦੱਸਾਂ। ਦਿਲ ਤਾਂ ਸਾਲਾ ਅੱਜ ਕੱਲ ਕੰਮ ਜਿਹਾ ਨੀ ਕਰਦਾ। ਕਿਉਂਕਿ ਅੱਜ ਕੱਲ ਆਪਣਾ ਆਸ਼ਕੀਆਂ-ਊਸ਼ਕੀਆਂ ਕਰਨ ਦਾ ਜ਼ਮਾਨਾ ਤਾਂ ਰਿਹਾ ਨੀ। ਇਹ ਦਿਲ ਦੀਆਂ ਬਾਤਾਂ ਤਾਂ ਆਸ਼ਕੀ ਬਦੌਲਤ ਹੀ ਹੁੰਦੀਆਂ ਨੇ। ਹੁਣ ਤਾਂ ਆਪਾਂ ਕਬੀਲਦਾਰ ਹੋਗੇ ਆਂ। ਉਦੋਂ ਸਾਲੀਆਂ ਗੱਲਾਂ ਈ ਹੋਰ ਸੀ, ਕਿਸੇ ਨਾਲ ਵੀ ਦਿਲਲਗੀਆਂ ਕਰ ਲਈਦੀਆਂ ਸੀ।

ਅਨਵਰ ਖ਼ਾਨ : ਪਰ ਫਸੀ ਤਾਂ ਨੀ ਸੀ ਕੋਈ ! ਥਰਡ ਤੋਂ ਥਰਡ ਕਲਾਸ ਮਾਲ ਵੀ ਆਪਣੇ ਤੇ ਥੁੱਕ ਕੇ ਪਰ੍ਹਾਂ ਲੰਘ ਜਾਂਦਾ ਸੀ, ਜਿਵੇਂ ਆਪਾਂ ਬੰਦੇ ਈ ਨਾ ਹੋਈਏ।

[ਸਟੇਜ ਤੇ ਇਕ ਸੁਨੱਖੀ ਤੇ ਜੁਆਨ ਲੜਕੀ ਗੁਜ਼ਰਦੀ ਹੈ ਤਾਂ ਸਰੂਪ ਸਿੰਘ ਉਹਦੇ ਮਗਰ ਸੀਟੀ ਵਜਾਉਂਦਾ ਹੋਇਆ ਤੁਰਦਾ ਹੈ। ਕੁੜੀ ਸੈਂਡਲ ਲਾਹ ਲੈਂਦੀ ਹੈ, ਅਨਵਰ ਉਹਨੂੰ ਖਿੱਚ ਕੇ ਵਾਪਿਸ ਲੈ ਆਉਂਦਾ ਹੈ। —ਕੁੜੀ ਪਹਿਲਾਂ ਉਥੇ ਖੜੀ ਗੁੱਸੇ ਨਾਲ ਫੁੰਕਾਰਦੀ ਰਹਿੰਦੀ ਹੈ, ਪਰ ਫੇਰ ਜਾਂਦੇ ਹੋਇਆਂ ਖੁੱਲ੍ਹ ਕੇ ਹੱਸ ਪੈਂਦੀ ਹੈ ਤੇ ਚਲੀ ਜਾਂਦੀ ਹੈ।]

ਅਨਵਰ ਖ਼ਾਨ : ਕੰਜਰਾ ਹੁਣੇ ਸੈਂਡਲਾਂ ਨਾਲ ਮੁਰੰਮਤ ਹੋ ਜਾਂਦੀ, ਵੱਡਾ ਆਸ਼ਕ ਬਣਿਆ ਫਿਰਦੈਂ।

ਸਰੂਪ ਸਿੰਘ : ਪਰ ਉਹ ਜਾਂਦੇ ਹੋਇਆਂ ਅਸ਼ਾਰਾ ਜਾ ਵੀ ਤਾਂ ਕਰਗੀ !

ਅਨਵਰ ਖ਼ਾਨ : ਚੱਲ ਚੁੱਪ ਕਰ ਮਜਨੂੰਆਂ ਨਹੀਂ ਗੀਚੀ 'ਚ ਹੁੱਜ ਮਾਰੂੰ ਮੇਰੇ ਸਾਲੇ ਦੇ।

ਸਰੂਪ ਸਿੰਘ : ਚੱਲ ਛੱਡ ਬਾਈ ਤੂੰ ਤਾਂ ਗੁੱਸਾ ਮਨਾ ਗਿਆ। ਉਦੋਂ ਭੁੱਲ ਗਿਆ, ਜਦੋਂ

ਆਪਣੇ ਪਿੰਡ ਆਲੀ ਫੁੱਟ ਅਰਗੀ ਤਖਾਣੀ ਫਸੀ ਸੀ ਮੇਰੇ ਕੋਲ ? —ਤੈਨੂੰ ਜਿਵੇਂ ਪਤਾ ਈ ਨੀ ਕਿ ਮੈਂ ਉਹਦੇ ਪਿੱਛੇ ਕਿੰਨੀ ਵੱਡੀ ਕੁਰਬਾਨੀ ਕੀਤੀ ਸੀ, ਜੁੱਤੀਆਂ ਖਾਣੋਂ ਪਿਛਾਂਹ ਨਹੀਂ ਸੀ ਹਟਿਆ।

ਅਨਵਰ ਖ਼ਾਨ : (ਬਣਾਵਟੀ ਹੱਸਕੇ) ਤਾਂਹੀਓਂ ਤਾਂਹੀਓਂ ! —ਤਾਂਹੀਓਂ ਤਾਂ ਉਹ ਬਾਹਮਣਾ ਕੇ ਸ਼ਾਮੇ ਨਾਲ ਨੱਠਗੀ ਸੀ, ਹਾਲੇ ਤੱਕ ਨੀ ਕੋਈ ਥਹੁ ਠਿਕਾਣਾ ਪਤਾ ਲੱਗਿਆ ਉਹਦਾ !

ਸਰੂਪ ਸਿੰਘ : ਚੱਲ ਛੱਡ ਇਨ੍ਹਾਂ ਗੱਲਾਂ ਨੂੰ ਯਾਰ ! ਸਿਰਫ ਆਸ਼ਕੀ 'ਚ ਤਾਂ ਨੀ ਰੱਖਿਆ ਸਭ ਕੁਝ। ਦਿਲ ਦੂਲ ਲਗੌਣ ਦੇ ਤਾਂ ਜਮਾਨੇ ਈ ਬੀਤ ਗਏ। ਹੁਣ ਨਵਾਂ ਯੁੱਗ ਐ ਨਵੀਂ ਗੱਲ ਤੋਰੋ। ਕੋਈ ਬਿਜ਼ਨੈਸ ਦੀ ਗੱਲ ਹੋਵੇ, ਕੋਈ ਰਾਜਨੀਤੀ ਦਾ ਸੁਆਲ ਹੋਵੇ, ਕੋਈ ਪੈਸਾ ਧੇਲਾ ਕਮੌਣ ਦਾ ਮਾਮਲਾ ਹਵੇ ਤਾਂ ਈ ਗੱਲ ਬਣਦੀ ਐ ਨਾ ਮੇਰੇ ਅਰ ?

ਅਨਵਰ ਖ਼ਾਨ : ਦੇਖ ਹੁਣ ਬਹੁਤ ਗੱਲਾਂ ਹੋਗੀਆਂ ਨੇ। ਸਾਰੀ ਮਾਰਕੀਟ 'ਚ ਨਾ ਬੱਸ ਹੁਣ ਆਏਂ ਈ ਪਤਾ ਲੱਗੇ ਕਿ ਵਾਹ ਬਈ ਵਾਹ ! ਰਾਤੋਂ ਰਾਤ ਕਿਆ-ਮਤ ਢਾਤੀ ਕਿਸੇ ਕੰਬਖਤ ਨੇ। ਤੇ ਉਹ ਮਾਰਕੀਟ 'ਚ ਕਿਆਮਤ ਢਾਣ ਆਲੇ ਕੰਬਖਤ ਆਪਾਂ ਈ ਹੋਵਾਂਗੇ। (ਬਣਾਵਟੀ ਹੱਸਦਾ ਹੈ)

ਸਰੂਪ ਸਿੰਘ : ਹਾਂ ਦੁਕਾਨਾਂ ਦਾ ਕੰਮ ਤਾਂ ਆਏ ਸਮਝੋ ਹੋ ਹੀ ਗਿਆ। ਦੁਕਾਨਾਂ ਤਾਂ ਬਣਗੀਆਂ ਸਮਝੋ। ਪੁਜੀਸ਼ਨ ਵੀ ਬਣਗੀ। ਹੁਣ ਸਿਰਫ ਕਮੇਟੀ 'ਚ ਚੋਣ ਲੜਣ ਦਾ ਮਸਲਾ ਅਜੇ ਬਾਕੀ ਐ। ਕਿ ਕਦੋਂ ਆਪਾਂ ਸਿਆਸਤ 'ਚ ਘਨਘੋਰ ਬਣ ਘਟਾ ਬਣ ਕੇ ਛਾ ਜਾਈਏ।

ਅਨਵਰ ਖ਼ਾਨ : ਉਹ ਵੀ ਯਾਰ ਹੋ ਜੇਗਾ। ਮੈਂ ਕਿਹਾ ਜਦੋਂ ਦੁਕਾਨਾਂ ਬਣਕੇ ਰੁਪਈਏ ਹੱਥ 'ਚ ਆਏ ਨਾ ਕੇਰਾਂ ਤੇ ਕੰਮ ਹੋਣੀ ਆਪਣੀ ਫੁੱਲ ਗਾਡਰੀ ਤਾਂ ਸਮਝੋ ਲੀਡਰੀ ਵੀ ਪੱਕੀ। ਮਖਿਆ ਫੇਰ ਤਾਂ ਆਪਾਂ ਉਡਾ ਦਿਆਗੇ ਬੂੰਦੀ।

ਸਰੂਪ ਸਿੰਘ : ਦੇਖ ਯਾਰ ! —ਅੱਜ ਕੱਲ ਦੋ ਈ ਚੀਜ਼ਾਂ ਨੇ ਦੁਨੀਆਂ 'ਚ। ਪੈਸਾ ਤੇ ਲੀਡਰੀ। ਇਨ੍ਹਾਂ ਦੋਨਾਂ ਨਾਲ ਈ ਬੰਦੇ ਦੀ ਗਾਡਰੀ ਕੈਮ ਹੁੰਦੀ ਐ। ਕੋਈ ਮਾਈ ਦਾ ਲਾਲ ਖੰਘ ਨੀ ਸਕਦਾ।

ਅਨਵਰ ਖ਼ਾਨ : ਮੈਂ ਕਿਹੈ ਖੰਘ ਕਿਵੇਂ ਜਾਊਗਾ ? ਮੂੰਹ 'ਚ ਸਾਲੇ ਦੇ ਲੀਰਾਂ ਨੀ ਤੁੰਨ ਦਿਆਂਗੇ। ਤੂੰ ਦੇਖਦਾ ਚੱਲ ਕੇਰਾਂ। ਆਪਾਂ ਆਹ ਚੌਂਕ ਤੇ ਆਹ ਆਪਣਾ ਵਾਰਡ ਵੂਰਡ ਜਾ ਤਾਂ ਕੀ, ਆਪਾਂ ਸਾਰੇ ਮੁਲਕ ਵੀ ਕੀ, ਸਾਰੀ ਦੁਨੀਆਂ 'ਚ (ਸੋਚਕੇ) ਹਾਂ ਉਹ ਤੂੰ ਕੀ ਕਿਹਾ ਸੀ, ਹਾਂ ! ਘਨਘੋਰ ਘਟਾ ਬਣਕੇ ਛਾ ਜਾਵਾਂਗੇ। ਸਾਰੇ ਜਣੇ ਮੀਆਂ ਅਨਵਰ ਖਾਨ



ਤੇ ਸਰੂਪ ਸਿੰਘ ਦੇ ਨਾਮ ਦੀ ਮਾਲਾ ਜਪਿਆ ਕਣਨਗੇ।

ਸਰੂਪ ਸਿੰਘ : ਉਹ ਤਾਂ ਠੀਕੈ ਯਾਰ ! ਪਰ ਮੇਰੇ ਦਿਲ 'ਚ ਥੋੜਾ ਜਿਹਾ ਧੜਕੈ, ਕਿ ਜੇ ਇਹ ਹੋਣ ਤੋਂ ਪਹਿਲਾਂ ਹੀ ਆਪਾਂ ਕਿਤੇ ਰੱਬ ਨੂੰ ਪਿਆਰੇ ਹੋ ਗਏ ਤਾਂ ਫੇਰ .... ?

[ਪਰਦੇ ਪਿੱਛਿਓਂ, 'ਰਾਮ ਨਾਮ ਸੱਤ ਹੈ— ਰਾਮ ਨਾਮ ਸੱਤ ਹੈ' ਦੀਆਂ ਆਵਾਜ਼ਾਂ ਆਉਂਦੀਆ ਹਨ। ਇਹ ਕਾਰਜ ਇਕ ਮਿੰਟ ਦੇ ਕਰੀਬ ਚੱਲਦਾ ਹੈ।]

ਅਨਵਰ ਖ਼ਾਨ : ਕਿਹੋ ਜਿਹੀਆਂ ਪਿਛਾਂਹ ਖਿੱਚੂ ਤੇ ਬਕਵਾਸ ਜਿਹੀਆਂ ਗੱਲਾਂ ਕਰਦੇਂ ਸਰੂਪ ਸਿਆਂ ! ਮੌਤ ਕੀ ਐ, ਮੌਤ ਤਾਂ ਸਾਲੀ ਮੌਤ ਈ ਹੁੰਦੀ ਐ, ਕੀ ਹੋਇਆ ਇਕ ਦਿਨ ਪਹਿਲਾਂ ਕਿ ਇਕ ਦਿਨ ਮਗਰੋਂ।

ਸਰੂਪ ਸਿੰਘ : ਪਰ ਆਉਣੀ ਅਵੱਸ਼ ਹੈ। ਕਿਉਂਕਿ ਇਹ ਕੰਬਖਤ ਦੀ ਬੱਚੀ ਐ ਨਾ ! [ਪਿਛੋਕੜ ਤੋਂ ਫੇਰ ਰਾਮ ਰਾਮ ਸੱਤ ਹੈ' ਦੀਆਂ ਦੋ ਤਿੰਨ ਆਵਾਜ਼ਾਂ ਆਉਂਦੀਆਂ ਹਨ।]

ਅਨਵਰ ਖ਼ਾਨ : ਦੇਖ ਸਰੂਪ ਸਿਆਂ ਇਹ ਕੋਈ ਨਵੀਂ ਗੱਲ ਤਾਂ ਹੈ ਨੀ। ਨਾਲੇ ਫੇਰ ਆਪਾਂ ਨੂੰ ਮੌਤ ਐਨੀ ਜਲਦੀ ਨੀ ਔਣ ਵਾਲੀ। ਉਪਰ ਆਲੇ ਦੀ ਆਪਣੇ ਤੇ ਫੁੱਲ ਕਿਰਪੈ। ਉਹ ਆਪਣੇ ਤੇ ਮੈਨੂੰ ਲੱਗਦੈ ਪੂਰਮ-ਪੂਰਾ ਦਿਆਲੂ ਐ। ਉਹ ਤਾਂ ਹਮੇਸਾਂ ਇਹੋ ਆਕਾਸ਼ਬਾਣੀ ਕਰਦੈ ਕਿ ਬਈ ਜੇ ਤੁਸੀ ਇਸ ਮਿੱਟੀ ਨੂੰ ਹੱਥ ਲਾਓਗੇ, ਤਾਂ ਇਹ ਸਾਲੀ ਸੋਨਾ ਕਿਉਂ ਨਾ ਬਣ ਜੂ ?

ਸਰੂਪ ਸਿੰਘ : ਹੈਂ ! ਇਹੋ ਜਿਹੀ ਅਕਾਸ਼ਬਾਣੀ ਹੋਈ ਐ, ਕਿ ਮਿੱਟੀ ਨੂੰ ਹੱਥ ਲਾਈਏ ਤਾਂ ਸੋਨਾ ?

ਅਨਵਰ ਖ਼ਾਨ : ਹੋਰ ਕੀ ਮਿੱਟੀ ਨੂੰ ਹੱਥ ਲਾਇਆਂ ਸੋਨਾ ! ਬੇਸ਼ਕ ਦੀ ਪਰਤਿਆਕੇ ਦੇਖ ਲੈ ਤੂੰ।

ਸਰੂਪ ਸਿੰਘ : ਪਰ ਯਾਰ ਅਨਵਰ ਮੀਆਂ ਪਹਿਲਾਂ ਤੂੰ ਮਿੱਟੀ ਨੂੰ ਹੱਥ ਲਾ ਕੇ ਦਖਾ, ਆਹ ਦੇਖ ਏਧਰ ਸਾਈਡ ਤੇ ਕਿੰਨੀ ਮਿੱਟੀ ਪਈ ਐ, ਜੇ ਤੂੰ ਇਸ ਨੂੰ ਹੱਥ ਲਾ ਕੇ ਦਖਾਮੇ ਤਾਂ ਈ ਮੈਂ ਤੈਨੂੰ ਮੰਨਾਂ !

ਅਨਵਰ ਖ਼ਾਨ : ਨਹੀਂ, ਰਤੀ ਭਰ ਝੂਠ ਨੀ, ਬਿਲਕੁਲ ਠੀਕ ਆਖਦੈਂ, ਤੂੰ ਲਾ ਕੇ ਤਾਂ ਦੇਖ ਕੇਰਾਂ। —ਜੇ ਮੇਰੀ ਗੱਲ ਸੱਚੀ ਨਾ ਨਿੱਕਲੇ ਤਾਂ ਮੈਂ ਤੈਨੂੰ ਆਪਣੇ ਮੂੰਹ ਤੇ ਖੁੱਲ੍ਹ ਕੇ ਥੁੱਕਣ ਦੀ ਆਗਿਆ ਦੇ ਦੂੰਗਾ।

ਸਰੂਪ ਸਿੰਘ : ਨਾ ਬਈ ਮੈਂ ਨੀ ਮੰਨਦਾ, ਤੂੰ ਖੁਦ ਈ ਲਾ ਕੇ ਦਿਖਾ, ਜਦੋਂ ਆਖਿਆ ਈ ਤੂੰ ਐ। ਜਿਹੜਾ ਬੋਲੇ ਉਹੀ ਕੁੰਡਾ ਖੋਲੇ। ਜੇ ਤੂੰ ਇਸ ਤਰ੍ਹਾਂ

ਕਰਕੇ ਦਖਾ ਦੇਮੇ ਤਾਂ ਮੈਂ ਆਪਣੀਆਂ ਮੁੱਛਾਂ ਨੀਵੀਆਂ ਕਰਵਾ ਲੂੰਗਾ ।

ਅਨਵਰ ਖ਼ਾਨ : ਹਈ ਸਕਤੇ ! ਪਰ ਫੇਰ ਵੀ ਸਰੂਪ ਸਿਆਂ ਜਦੋਂ ਮੈਂ ਤੈਨੂੰ ਕਹਿਤਾ, ਤੈਨੂੰ ਚੰਗਾ ਭਲਾ ਆਖਤਾ ਕਿ ਇਹ ਕੋਰਾ ਸੱਚ ਐ ਤੇ ਸੱਚ ਤਾਂ ਸਾਲਾ ਸੱਚ ਈ ਹੁੰਦੈ । ਇਕ ਬਾਰ ਤੂੰ ਮਿੱਟੀ ਨੂੰ ਹੱਥ ਛੁਆ ਕੇ ਤਾਂ ਦੇਖ ਜੇ ਤੇਰੇ ਕਦਮਾਂ 'ਚ ਸੋਨਾ ਹੀ ਸੋਨਾ ਨਾ ਵਿਖਰ ਜੇ ! ਗੱਲ ਕੀ ਸੋਚਦੈਂ ਭਾਊ !

ਸਰੂਪ ਸਿੰਘ : ਨਹੀਂ ਬਈ ਤੂੰ ਜਦੋਂ ਆਖਿਐ ਤਾਂ ਤੂੰ ਹੀ ਇਹ ਕੰਮ ਕਰਕੇ ਦਿਖਾ, ਮੈਂ ਆਪਣੀ ਨਵੀਂ ਮਾਰਕੀਟ 'ਚ ਬਨਣ ਆਲੀਆਂ ਨਵੀਆਂ ਦੁਕਾਨਾਂ ਤੇਰੇ ਨਾਉਂ ਕਰਾਦੂੰ ।

ਅਨਵਰ ਖ਼ਾਨ : ਜੇ ਐਸੀ ਗੱਲ ਹੈ ਤਾਂ ਠੀਕ ਐ । ਤੈਨੂੰ ਇਹ ਤਜਰਬਾ ਵੀ ਮੈਂ ਈ ਕਰਕੇ ਦਿਖਾ ਦਿੰਨੈ, ਪਰ...

ਸਰੂਪ ਸਿੰਘ : ਪਰ ਕੀ, ਛੇਤੀ ਦੱਸ ਮੈਨੂੰ ਅੱਚਵੀ ਲੱਗੀ ਜਾਂਦੀ ਐ ।

ਅਮਵਰ ਖ਼ਾਨ : ਪਰ...ਪਰ ਹੁਣ ਦੱਸ ਤੇਰੀ ਜੇਬ 'ਚ ਕਿੰਨੇ ਪੈਸੇ ਨੇ ?

ਸਰੂਪ ਸਿੰਘ : ਮੇਰੀ ਜੇਬ 'ਚ ਪੈਸੇ ? ਇਹੀ ਕੋਈ ਦੋ ਕੁ ਰੁਪਏ ਹੋਣੇ ਐਂ ਤੇ ਸੱਤਰ ਅੱਸੀਆਂ ਦੀ ਭੰਨ ਤੋੜ, ਬੱਧ...

ਅਨਵਰ ਖ਼ਾਨ : ਤੇਰੀ ਜੇਬ 'ਚ ਦੋ ਰੁਪਏ ਅੱਸੀ ਕੁ ਪੈਸੇ ਤੇ ਮੇਰੀ ਜੇਬ 'ਚ ਸਵਾ ਕੁ ਰੁਪਿਆ...ਨਹੀਂ ਸ਼ਾਇਦ ਇਕ ਰੁਪਿਆ ਪੈਂਤੀ ਪੈਸੇ ਦੇ ਕਰੀਬ ਕਰੀਬ । (ਨਿਰਾਸ਼ ਜਿਹਾ ਹੋ ਕੇ) ਪਰ ਗੱਲ ਸਾਲੀ ਫੇਰ ਨਾ ਬਣੀ...

[ਅਨਵਰ ਸੋਚੀਂ ਪੈ ਜਾਂਦਾ ਹੈ ਤੇ ਸਟੇਜ ਦੇ ਏਧਰ ਓਧਰ ਚੱਕਰ ਕੱਟਦਾ ਹੈ ।]

ਸਰੂਪ ਸਿੰਘ : ਨਾ ਬਾਈ ਤੈਨੂੰ ਇਹ ਪੈਸਿਆਂ ਦੀ ਗੱਲ ਸੁੱਝੀ ਕਿਵੇਂ ?

ਅਨਵਰ ਖ਼ਾਨ : ਹੈਂ !—ਤੂੰ ਭੁੱਲ ਗਿਆ ਬੇ-ਦਮਾਗਿਆ ! —ਦੇਖ ਤੇਰੀ ਘੜੀ ਤੇ ਕਿੰਨੇ ਬੱਜੇ ਨੇ । ਚੱਲ ਛੱਡ ਟੈਮ ਅੱਗੇ ਕਿ ਪਿੱਛੇ ਹੁਣ ਤਾਂ ਰੁਪਈਆਂ ਦੀ ਹੀ ਗੱਲ ਕਰੀਏ । ਮੇਰੀ ਜੇਬ 'ਚ ਇਕ ਰੁਪਿਆ ਪੈਂਤੀ ਪੈਸੇ ਤੇ ਤੇਰੀ ਜੇਬ 'ਚ (ਝੁੰਝਲਾਹਟ ਨਾਲ) ਪਰ ਸਾਲੀ ਗੱਲ ਤਾਂ ਫੇਰ ਨੀ ਬਣਦੀ ਦੀਂਹਦੀ ।

[ਅਨਵਰ ਪਰੇਸ਼ਾਨ ਹੋ ਉੱਠਦਾ ਹੈ, ਪਰੰਤੂ ਸਰੂਪ ਸਿੰਘ – ਚੌਧਰੀ (ਪਾਨਵਾੜੀ) ਦੀ ਦੁਕਾਨ ਵੱਲ ਦੇਖਕੇ ਖੁਸ਼ ਹੋ ਜਾਂਦਾ ਹੈ ।]

ਸਰੂਪ ਸਿੰਘ : ਮੀਆਂ ਜੀ, ਸੋਚਾਂ ਛੱਡੋ ਤੇ ਓਧਰ ਦੇਖੋ...

ਅਨਵਰ ਖ਼ਾਨ : ਹੈਂ । ਕਿੱਧਰ ਦੇਖਾਂ ਉਥੇ ਮੇਰੇ ਲੱਗਦਿਆ...

ਸਰੂਪ ਸਿੰਘ : ਚੌਧਰੀ ਜੀ ਆਪਣੇ ਕੰਡੇ ਤੇ ਲੱਗਦੇ ਐਂ ।



ਅਨਵਰ ਖ਼ਾਨ : ਨਾ ਫੇਰ ਪਾਧਾ ਪੁੱਛਣੈ ਮੇਰੇ ਅਰ, ਚੱਲ ਦੇਖੀਏ ਟੋਹ ਕੇ ਚੌਧਰੀ ਨੂੰ ?

ਦੋਨੋਂ ਜਣੇ : ਚਲੋ ਫੇਰ ਝਟਕਾਈਏ ਮੁਰਗਾ ! (ਦੋਨੋਂ ਜਣੇ ਖੁਸ਼ੀ ਖੁਸ਼ੀ ਚੌਧਰੀ ਦੀ ਪਾਨ-ਸਿਗਰਟਾਂ ਦੀ ਦੁਕਾਨ ਦੇ ਕਰੀਬ ਪਹੁੰਚ ਜਾਂਦੇ ਹਨ ।)

ਅਨਵਰ ਖ਼ਾਨ : ਹਜ਼ੂਰ ! ਚੌਧਰੀ ਜੀ ਮਹਾਰ ਜ ! ਲੱਗਦੈ ਅੱਜ ਤੁਸੀਂ ਬੜੇ ਹੀ ਖੁਸ਼ ਹੋ, ਕੋਈ ਗੱਲ ਐ ਚੌਧਰੀ ਸਾਬ੍ਹ ਦੀ ਗਰੇਟ !

ਚੌਧਰੀ : ਬੱਸ ਬਈ ਥੋਡੇ ਭਰਾਵਾਂ ਦੇ ਸਿਰ ਤੇ ਟਹਿਕਦੇ ਆਂ । ਵਰਨਾ ਹਮ ਕਯਾ ਚੀਜ਼ ਐਂ ਭਾਈ ?

ਸਰੂਪ ਸਿੰਘ : ਅਨਵਰ ਮੀਆਂ ਠੰਢ ਸਾਲੀ ਵੱਧਦੀ ਓ ਜਾਂਦੀ ਐ ।

ਅਨਵਰ ਖ਼ਾਨ : ਚੌਧਰੀ ਜੀ ਤਾਂ ਠੰਡ ਤੋਂ ਸੁਰਖ਼ਰੂ ਹੋ ਗੇ ਲੱਗਦੇ ਐਂ । ਪਰ ਹਾਏ .. ਆਪਣੀ ਠੰਡ ਦਾ ਤਾਂ ਮੈਨੂੰ ਕੁਛ ਬਣਦਾ ਜਾ ਨੀ ਦੀਂਹਦਾ ।

ਸਰੂਪ ਸਿੰਘ : ਚੌਧਰੀ ਜੀ ਫੇਰ ਜੇ ਤੁਸੀਓਂ ਸਾਰ ਦਿਉ ਸਾਡਾ ਸ਼ੁੱਤਾ ਜਿਹਾ । ਬਾਕੀ ਹਸਾਬ-ਕਤਾਬ ਤਾਂ ਚੱਲਦਾ ਈ ਰਹਿੰਦੈ, ਉਹ ਵੀ ਹੋਜੂਗਾ ।

ਚੌਧਰੀ : ਚੌਧਰੀਓ, ਤੁਹਾਡੇ ਵੱਲ ਤਾਂ ਮੇਰਾ ਪਹਿਲਾਂ ਈ ਬੜਾ ਬਕਾਇਆ ਖੜ੍ਹੇ, ਪਰ ਆਪਾਂ ਵੀ ਦੋਸਤੀ ਪਗਾਉਣ ਆਲੇ ਆਂ, ਪਰਵਾਹ ਨਾ ਕਰੋ ਚੌਧਰੀਓ ! ਮੈਂ ਕਰਦੈਂ ਤੁਹਾਡਾ ਕੋਈ ਬੰਦੋਬਸਤ, ਕਾਹਲੀ ਤਾਂ ਨੀ ਕੋਈ ਚੌਧਰੀਓ ?

ਦੋਨੋ ਜਣੇ : (ਬਣਾਵਟੀ ਹੱਸਕੇ) ਕਾਹਲੀ ਕਾਹਦੀ ਚੌਧਰੀ ਜੀ ਜਦ ਤੁਸੀਂ......!

[ਦੋਨੋਂ ਜਣੇ ਦੰਦੀਆਂ ਕੱਢਦੇ ਹਨ । ਚੌਧਰੀ ਆਪਣੀ ਦੁਕਾਨ ਦੇ ਅੰਦਰੋਂ ਪੌਣੀ ਕੁ ਬੋਤਲ ਦਾਰੂ ਦੀ ਕੱਢ ਕੇ ਦੋਨ੍ਹਾਂ ਸਾਹਮਣੇ ਰੱਖ ਦਿੰਦਾ ਹੈ ਤੇ ਨਾਲ ਕੱਚ ਦੇ ਗਿਲਾਸ ।]

ਸਰੂਪ ਸਿੰਘ : ਚੌਧਰੀ ਜੀ, ਤੁਸੀਂ ਤਾਂ ਕਮਾਲ ਈ ਕਰਤੀ, ਤੁਸੀਂ ਤਾਂ ਕਾਫੀ ਚੰਗੇ ਓ ।

ਅਨਵਰ ਖ਼ਾਨ : ਕਾਫੀ ਹੀ ਨਹੀਂ ਬਹੁਤ, ਬਹੁਤ ਈ ਚੰਗੇ ਨੇ ਚੌਧਰੀ ਸਾਬ੍ਹ ਦੀ ਗਰੇਟ ! ਇਹਨਾਂ ਵਰਗਾ ਮਹਾਨ ਬੰਦਾ ਭਲਾ ਕਿਤੇ ਮਿਲ ਸਕਦੈ । ਆਪਾਂ ਤਾਂ ਇਹਨਾਂ ਦੀਆਂ ਆਵਦੇ ਸਵਰਗਵਾਸੀ ਦਾਦਾ ਨਵਾਬ ਅਬਦੁਲਾ ਖਾਨ 'ਬੱਕਰੀਆਂ ਵਾਲੇ' ਵਾਂਗੂੰ ਇੱਜ਼ਤ ਈ ਬਾਹਲੀ ਕਰਦੇ ਆਂ (ਬਣਾਵਟੀ ਹੱਸ ਕੇ) ਇਹ ਚੌਧਰੀ ਜੀ ਬਹੁਤ ਹੀ ਪਿਆਰੇ ਤੇ ਮੱਠੇ ਬੰਦੇ ਨੇ। ਕਿਉਂ ਕੀ ਕਹਿੰਦੈ ?

ਸਰੂਪ ਸਿੰਘ : ਹਾਂ ਥੋੜੇ ਥੋੜੇ ਕਰਾਰੇ ਵੀ (ਹੱਸਦਾ ਹੈ) ।

ਚੌਧਰੀ : ਬੱਸ ਤੁਹਾਡੇ ਭਰਾਵਾਂ ਦੇ ਆਸਰੇ ਹੀ ਆਂ ਚੌਧਰੀਆ ! ਕਿਸੇ ਗੱਲ ਦੀ ਪਰਵਾਹ ਨਾ ਕਰਿਆ ਕਰੋ—ਛੋਰਿਓ ! ਲਓ ਪੀਓ, ਜਿੰਨੀ ਮਰਜ਼ੀ ਐ ਪੀਓ, ਮੈਂ ਤਾਂ ਪਹਿਲਾਂ ਹੀ ਕਾਫੀ ਸੜ੍ਹਾਕ ਚੁੱਕਿਐਂ । ਲਓ ਪੀਓ ਪੀਓ।

ਸੰਗਦੇ ਕਿਉਂ ਹੋ, ਥੋਡੀ ਆਪਦੀਓ ਦੁਕਾਨ ਐ ।

[ਸਰੂਪ ਸਿੰਘ ਗਿਲਾਸ 'ਚ ਪਾ ਕੇ ਅਨਵਰ ਨੂੰ ਦਿੰਦਾ ਹੈ ਤੇ ਫੇਰ ਆਪ ਪੀਂਦਾ ਹੈ । ਚੌਧਰੀ ਦੋਨ੍ਹਾ ਵੱਲ ਬਿਤਰ ਬਿਤਰ ਤੱਕੀ ਜਾਂਦਾ ਹੈ ।]

ਸਰੂਪ ਸਿੰਘ : ਕਿਉਂ ਬਈ ਮੀਆਂ, ਅੱਜ ਇਹਨਾਂ ਤੋਂ ਕੁਛ ਸੁਣੀਏ, ਇਹ ਗਾਉਂਦੇ ਬੜਾ ਵਧੀਆ ਨੇ ।

ਅਨਵਰ ਖ਼ਾਨ : ਬਈ ਮੈਂ ਤਾਂ ਇਹਨਾਂ ਤੇ ਬੁਰੀ ਤਰ੍ਹਾਂ ਮੋਹਤ ਆਂ । ਇਨ੍ਹਾਂ ਦੀ ਆਵਾਜ਼ ਤੇ ਤਾਂ ਮੈਂ ਆਪਣੀ ਲੀਡਰੀ, ਆਪਣਾ ਕਾਰੋਬਾਰ ਸਭ ਕੁਛ ਨਿਛਾਵਰ ਕਰ ਦਿਆਂ ।

ਚੌਧਰੀ : ਭਰਾਵੋ ਮੈਨੂੰ ਕਾਹਦਾ ਗੌਣਾ ਆਉਂਦੈ । (ਸ਼ਰਮਾ ਕੇ) ਭਰਾਵੋ ਜੇ ਕਬੀਲਦਾਰੀ ਨੇ ਨਾ ਉਲਝਾਇਆ ਹੁੰਦਾ ਤਾਂ ਮੈਂ ਸਵਰਗਵਾਸੀ ਕੇ. ਐਲ. ਸਹਿਗਲ ਵਾਂਗਰ ਬਹੁਤ ਕੁਛ ਖੱਟ ਜਾਂਦਾ । (ਮਾਯੂਸ ਹੋ ਕੇ) ਪਰ ਜਬ ਦਿਲ ਹੀ ਟੂਟ ਗਿਆ ਤੋ ਹਮ ਜੀ ਕਰ ਕਿਆ ਕਰੇਂਗੇ ?

ਅਨਵਰ/ਸਰੂਪ : ਹਾਏ ਹਾਏ ਆਏ ਹਾਏ, ਕਿੰਨਾ ਤਕੜਾ ਸ਼ੇਅਰ ਮਾਰਿਆ ਬਈ ਵਾਹ ਵਾਹ .. ਕਯਾ ਕਹਿਨੇ, ਸੁਭਾਨ ਅੱਲ੍ਹਾ, ਸੁਭਾਨ ਅੱਲ੍ਹਾ...

ਚੌਧਰੀ : (ਬੜੇ ਦੁਖੀ ਹਿਰਦੇ ਨਾਲ) ਮੈਂ ਬੜਾ ਈ ਦੁਖੀ ਇਨਸਾਨ ਆਂ ਚੌਧਰੀਓ ! ਮੈਨੂੰ ਜ਼ਿੰਦਗੀ ਨੇ ਠੋਹਕਰਾਂ ਈ ਠੋਹਕਰਾਂ ਮਾਰੀਆਂ ਨੇ, ਕਦੇ ਜਵਾਨੀ ਵੇਲੇ ਕਿਸੇ ਕੁੜੀ ਨੂੰ ਪਿਆਰ ਕੀਤਾ, ਪਰ ਉਹ ਕੰਬਖਤ ਕਿਸੇ ਹੋਰ ਨਾਲ ਤੁਰ ਗਈ, ਹੁਣ ਤੁਸੀਂ ਕੀ ਜਾਣਦੇ ਨੀ, ਤੁਹਾਥੋਂ ਕਾਹਦਾ ਲਕੋ ? ਮੇਰੀ ਘਰ ਆਲੀ ਲੱਛਮੀ ਦੇਈ ਵੀ ਗੱਬਰ ਸਿਉਂ ਹੌਲਦਾਰ ਨਾਲ ਨੱਠ ਗਈ ਐ ਤੇ ਜਾਂਦਿਆਂ ਪੌਣੀ ਦਰਜਨ ਨਿਆਣਿਆਂ ਦੀ ਗੱਠੜੀ ਮੇਰੇ ਬੂਥੇ ਤੇ ਮਾਰਗੀ । ਮੇਰੀ ਵੱਡੀ ਕੁੜੀ ਦਾ ਰਿਸ਼ਤਾ ਟੁੱਟ ਗਿਆ, ਥੋਤੋਂ ਕੀ ਲੁਕਾ, ਮੇਰੀ ਛੋਟੀ ਕੁੜੀ ਬਿੱਲੋ ਰਾਣੀ ਦਾ ਕੋਈ ਥਹੁ ਪਤਾ ਈ ਨੀ ਲੱਗ ਰਿਹਾ । (ਦੋਨੋਂ ਜਣੇ ਇਨ੍ਹਾ ਗੱਲਾਂ ਨਾਲੋਂ ਸ਼ਰਾਬ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ । ਇਸੇ ਲਈ ਜਦੋਂ ਆਪਣੀ ਦਰਦ ਗਾਥਾ ਸੁਣਾਕੇ ਚੌਧਰੀ ਚੁੱਪ ਹੋ ਜਾਂਦਾ ਏ, ਤਾਂ ਦੋਨੋਂ ਇਸਤਰ੍ਹਾਂ ਬੋਲਦੇ ਹਨ, ਜਿਵੇਂ ਉਹਨਾਂ ਦਾ ਕੋਈ ਹੁਸੀਨ-ਸੁਪਨਾ ਟੁੱਟ ਗਿਆ ਹੋਵੇ ।)

ਦੋਨੋਂ ਜਣੇ : ਅੱਛਿਆ ਜੀ ਕਮਾਲ ਐ ਜੀ, ਕਮਾਲ ਐ ਜੀ ।

ਅਨਵਰ ਖ਼ਾਨ : ਤੇਰੀ ਜ਼ਿੰਦਗੀ ਵੀ ਚੌਧਰੀਆ ਕਾਫ਼ੀ ਰੋਣੀ ਜਿਹੀ ਲੱਗਦੀ ਐ ਮੈਨੂੰ ਤਾਂ ।

ਚੌਧਰੀ : ਹੁਣ ਤਾਂ ਚੌਧਰੀਓ, ਮੈਂ ਹਾਂ ਅਤੇ ਮੇਰੀ ਇਹ ਦੁਕਾਨਦਾਰੀ ਔਰ ਕਿਆ ਬਚਾ ਹੈ ? ਅਬ ਕਯਾ ਹੈ ਮੇਰੇ ਪਾਸ ? ਹਾਂ, ਅਗਰ ਕੁਛ ਬਚਿਆ ਹੈ ਤੋ ਯੇਹ ਕੁਦਰਤ ਕੀ ਦੇਣ ਲਾਲ ਪਰੀ ਜਾਂ ਫੇਰ ਮੇਰਾ ਯੇ ਸੁੰਦਰ ਗਲਾ, ਯਾਨੀ ਕਿ ਮੇਰੀ ਆਵਾਜ਼ ! (ਰਤਾ ਅਫ਼ਸੋਸ ਨਾਲ) ਪਰ ਚੌਧਰੀਓ ਮੇਰੀ



ਕੇ. ਐਲ ਸਹਿਗਲ ਬਨਣੇ ਕੀ ਤਮੰਨਾ ਤੋ.. (ਚੌਧਰੀ ਕਾਫ਼ੀ ਉਦਾਸ ਹੋ ਜਾਂਦਾ ਹੈ । ਅਨਵਰ ਸਿਗਰੇਟ ਸੁਲਘਾ ਲੈਂਦਾ ਹੈ ।)

ਸਰੂਪ ਸਿੰਘ : ਅੱਛਿਆ ਤਾਂ ਹੁਣ ਚੌਧਰੀ ਜੀ ਆਪਾਂ ਆਪਣੀ ਅਸਲੀ ਗੱਲ ਤੇ ਆਈਏ । ਚੌਧਰੀ ਜੀ ਤੁਸੀਂ ਆਹ ਫ਼ੈਸਲਾ ਕਰੋ ਬਈ ਇਸ ਮਿੱਟੀ ਨੂੰ ਹੱਥ ਲਾਇਆਂ ਕੀਤੇ ਸੋਨਾ ਬਣ ਜਾਂਦੈ ਭਲਾ ?

ਚੌਧਰੀ : ਮੈਂ ਕੀ ਜਾਣਾਂ ਭਾਈਓ, ਥੋਡਾ ਮਸਲਾ ਕਯਾ ਹੈ ? ਮੈਨੂੰ ਕੀ ਮਲੂਮ ? ਜਿਵੇਂ ਤੁਸੀਂ ਆਪਸ 'ਚ ਨਜਿੱਠ ਲਵੋ, ਮੈਨੂੰ ਮੰਜੂਰ ਹੋਏਗਾ ਚੌਧਰੀਓ ! ਤੁਸੀਂ ਖੁਦ ਸਿਆਣੇ ਓ ਭਾਈਓ, ਮੈਂ ਤਾਂ ਠਹਿਰਿਆ ਮਮੂਲੀ ਜਿਹਾ ਸੇਵਕ ।

ਸਰੂਪ ਸਿੰਘ : ਚੌਧਰੀ ਜੀ ! ਹੁਣ ਤੁਸੀਂ ਦੱਸੋ ਭਲਾ, ਤੁਸੀਂ ਫੈਸਲਾ ਕਰੋ ਭਲਾ, ਇਹ ਕਿਵੇਂ ਹੋ ਸਕਦੈ, ਅਸੀਂ ਤਾਂ ਥੋਡਾ ਹੀ ਫੈਸਲਾ ਸਰਵ-ਸ੍ਰੇਸ਼ਟ ਮੰਨਾਂਗੇ, ਤੁਸੀਂ ਸਾਡੇ ਮਾਈਬਾਪ ਹੋ, ਵੱਡੇ ਹੋ ।

ਅਨਵਰ ਖ਼ਾਨ : ਉਏ ਉਏ ਤੂੰ ਉਈਂ ਕਿਉਂ ਦੁੱਧ 'ਚ ਮਿੰਗਣਾਂ ਜੀਆਂ ਪਾਈ ਜਾਨੈ । ਜਦੋਂ ਤੈਨੂੰ ਆਖਤਾ ਬਈ ਇਹ ਗੱਲ ਹੰਡਰਡ ਪਰਸੈਂਟ ਸਹੀ ਐ । — ਇਹ ਨਾਲੇ ਮੈਂ ਥੋੜੀ ਆਖਦੈਂ ਇਹ ਤਾਂ ਸਾਡੇ ਬਜ਼ੁਰਗ ਆਖਦੇ ਆਏ ਨੇ ।

ਸਰੂਪ ਸਿੰਘ : ਆਖਦੇ ਅ ਏ ਹੋਣਗੇ, ਪਰ ਮੈਂ ਕੀ ਕਰਾਂ ? ਤੂੰ ਮੈਨੂੰ ਆਖਿਐ ਹੁਣ ਤੂੰ ਹੀ ਦੱਸ ਕਿ ਇਹ ਸਹੀ ਐ । ਤੂੰ ਲਾ ਮਿੱਟੀ ਨੂੰ ਹੱਥ !

ਅਨਵਰ ਖ਼ਾਨ : ਭੋਲੀਆਂ ਗੱਲਾਂ ਕਰਦੈਂ, ਤੂੰ ਆਪ ਲਾਕੇ ਦੇਖ ਲੈ । ਮੈਂ ਕਦੇ ਭਲਾ ਜ਼ਿੰਦਗੀ 'ਚ ਝੂਠ ਬੋਲਿਐ ?

ਸਰੂਪ ਸਿੰਘ : ਨਹੀਂ ਮੈਨੂੰ ਨੀ ਪਤਾ, ਤੂੰ ਝੂਠੈਂ, ਤੂੰ ਝੂਠ ਬੋਲਦੈਂ ।

ਅਨਵਰ ਖ਼ਾਨ : ਮੈਂ ਕਿਉਂ ਲਾਵਾਂ, ਮੈਂ ਨਹੀਂ ਜਾ ਲਉਂਦਾ । ਤੂੰ ਆਪ ਲਾਕੇ ਦੇਖ ਲੈ ਵੱਡੇ ਚੌਧਰੀਆ । (ਚੌਧਰੀ ਇਸ ਦਰਮਿਆਨ ਕੁਝ ਨਹੀਂ ਬੋਲਦਾ, ਪਰ ਥੋੜ੍ਹਾ ਘਬਰਾ ਜ਼ਰੂਰ ਜਾਂਦਾ ਹੈ । ਇਸੇ ਲਈ ਮੂੰਹ ਵਿਚ ਪਾਨ ਪਾ ਕੇ ਜਲਦੀ ਜਲਦੀ ਚੱਬਣ ਲੱਗਦਾ ਹੈ ।)

ਸਰੂਪ ਸਿੰਘ : ਤੈਨੂੰ ਪਤੈ ਮੈਂ ਆਪਣੇ ਟੈਮਾਂ 'ਚ ਕੀ ਰਿਹੈਂ ?

ਅਨਵਰ ਖ਼ਾਨ : ਚੱਲ ਚੱਲ ਜਾ ਜਾ, ਤੈਨੂੰ ਸਭ ਜਾਣਦੈ ਵੱਡੇ ਭਲਵਾਨ ਨੂੰ । ਤੂੰ ਮੈਨੂੰ ਨੀ ਜਾਣਦਾ, ਤੇਰੇ ਵਰਗੇ ਗਗਾੜੇ ਤਾਂ ਮੇਰਾ ਪਾਣੀ ਭਰਿਆ ਕਰਦੇ ਸੀ, ਤੈਨੂੰ ਪਤਾ ਨੀ ਮੈਂ ਯਾਰਾਂ ਦਾ ਯਾਰ ਹੁੰਨੈ ਤੇ ਦੁਸ਼ਮਣਾਂ ਦਾ ਦੁਸ਼ਮਣ ! ਹੁਣ ਜਾਣ ਗਿਆ ਨਾ ਮੇਰੀ ਸ਼ਾਨੋ-ਸ਼ੌਕਤ ਨੂੰ ?

ਸਰੂਪ ਸਿੰਘ : ਸੱਭ ਜਾਣਦੈਂ ਮੈਂ ਤੈਨੂੰ ਝੂਠਿਆਂ ਦੇ ਨਵਾਬ ਨੂੰ, ਮੈਂ ਵੀ ਬੜਾ ਕੁਛ ਰਿਹੈਂ ਆਪਣੇ ਜਮਾਨੇ 'ਚ, ਸਮਝਿਆ ?

ਅਨਵਰ ਖ਼ਾਨ : ਮੈਂ ਕੀ ਕਰਾਂ ਫ਼ੇਰ ?— ਰਿਹਾ ਸੀ, ਰਿਹਾ ਸੀ, ਮੈਨੂੰ ਕੀ— ਮੈਂ ਬਥੇਰੇ ਦੇਖੇ ਨੇ ਤੇਰੇ ਅਰਗੇ ਦੋ ਟਕੇ ਦੇ ਲਗਾੜੇ !

ਸਰੂਪ ਸਿੰਘ : ਚੱਲ ਦੇਖੇ ਸੀ ਤਾਂ ਦੇਖੇ ਸੀ, ਜਦੋਂ ਮੈਂ ਤੈਨੂੰ ਹੁਣ ਆਖਦੈਂ ਕਿ ਤੂੰ ਹੱਥ ਲਾਕੇ ਤਾਂ ਦਿਖਾ ।

ਅਨਵਰ ਖ਼ਾਨ : ਜੇ ਨਾ ਲਾਵਾਂ ਤਾਂ ਫੇਰ ਤੂੰ ਕੀ ਕਰ ਲੇਂ ਗਾ ਮੇਰਾ ? – ਤੈਨੂੰ ਮੌਤ ਪੈਂਦੀ ਐ ਦੀਨਿਆ ਤੂੰ ਆਪ ਲਾਕੇ ਦੇਖ ਲੈ ?

ਸਰੂਪ ਸਿੰਘ : ਮੈਨੂੰ ਨੀ ਪਤਾ ਤੂੰ ਕਿਹਾ ਸੀ ਤੂੰ ਹੀ ਲਾਕੇ ਦਖਾ, ਨਹੀਂ ਅੱਜ ਮੈਂ ਨੀ ਕਿਤੇ ਜਾਂਦਾ, ਏਥੇ ਹੀ ਸਾਰੀ ਰਾਤ ਬੈਠਾ ਰਹੂੰਗਾ ।

ਅਨਵਰ ਖ਼ਾਨ : ਫੇਰ ਮੈਨੂੰ ਕਾਹਦੀ ਧੌਂਸ ਦਿਖਾਉਣੈਂ, ਬੇਸ਼ੱਕ ਸਾਰੀ ਉਮਰ ਬੈਠਾ ਰਹਿ । ਪਰ ਮੈਂ ਮਿੱਟੀ ਨੂੰ ਹੱਥ ਨੀ ਲਾਉਂਦਾ, ਸਮਝ ਗਿਆ ਸਰੂਪਿਆ ।
[ਬਹਿਸ ਕਰਦਿਆਂ ਦੋਨੂੰ ਜਣੇ ਇਕ ਦੂਜੇ ਦੇ ਗਲਾਮੇ ਫੜ ਲੈਂਦੇ ਹਨ । ਚੌਧਰੀ ਜਲਦੀ ਜਲਦੀ ਪਾਨ ਥੁੱਕਦਾ ਹੈ ਤੇ ਬੋਤਲ 'ਚ ਥੋੜੀ ਜਿੰਨੀ ਬਚੀ ਹੋਈ ਦਾਰੂ ਨੂੰ ਮੂੰਹ ਲਾਕੇ ਪੀ ਜਾਂਦਾ ਹੈ ਤੇ ਬੇ-ਹੋਸ਼ ਹੋ ਕੇ ਉਥੇ ਹੀ ਢਹਿ ਪੈਂਦਾ ਹੈ । ਦੋਨਾਂ ਨੂੰ ਕੋਈ ਨਹੀਂ ਛੁਡਾਉਂਦਾ । ਦੋਨੋਂ ਜਣੇ ਸਾਹੋ-ਸਾਹ ਹੋ ਜਾਂਦੇ ਹਨ ਤੇ ਫੇਰ ਹੌਲੀ ਹੌਲੀ ਇਕ ਦੂਜੇ ਨੂੰ ਲਲਕਾਰਦੇ ਕੁਝ ਹੱਦ ਤੱਕ ਠੰਢੇ ਹੋ ਜਾਂਦੇ ਹਨ । ਲੜਖੜਾਉਂਦੇ ਹੋਏ ਆਪੋ-ਆਪਣੇ ਰਸਤੇ ਇਕ ਦੂਜੇ ਵੱਲ ਸ਼ਰਾਬੀ ਤੇ ਕਰੋਧਿਤ ਨਜ਼ਰਾਂ ਨਾਲ ਝਾਕਦੇ ਤੁਰਣ ਲੱਗਦੇ ਹਨ ।]

ਸਰੂਪ ਸਿੰਘ : ਮੈਂ ਚੱਲਦੈਂ ਹੁਣ, ਕੱਲ ਮਿਲੂੰਗਾ ਤੈਨੂੰ ਇਸੇ ਮੋੜ ਤੇ । ਮੇਰਾ ਨਾਉਂ ਸਰਦਾਰ ਸਰੂਪ ਸਿੰਘ ਐ – ਅੱਛਿਆ ?

ਅਨਵਰ ਖ਼ਾਨ : ਠੀਕ ਐ, ਠੀਕ ਐ, ਮਿਲਲੀਂ ਵੱਡਿਆ ਤੀਸਮਾਰਖਾਨਾ, ਮੈਂ ਤੈਨੂੰ ਦਿਖਾ ਦੂੰਗਾ, ਤੈਨੂੰ ਮੈਂ ਦੱਸ ਦੂੰਗਾ ਕਿ ਮੇਰਾ ਨਾਉਂ ਨਵਾਬ ਅਨਵਰ ਖਾਨ ਐ । ਸਮਝ ਪਈ ਸਰੂਪਿਆ ? (ਦੋਨੋਂ ਜਣੇ ਸਟਿੱਲ ਹੋ ਜਾਂਦੇ ਹਨ ਤੇ ਪਿੱਠ-ਵਰਤੀ ਆਵਾਜ਼ ਆਉਂਦੀ ਹੈ ।)

ਆਵਾਜ਼ : ਦੋਸਤੋ ! ਹੁਣ ਇਸ ਮਹਾਂ-ਯੁੱਧ ਤੋਂ ਬਾਅਦ ਇਹ ਕਿਆਸ ਕੀਤਾ ਜਾਂਦਾ ਹੈ, ਕਿ ਇਹ ਦੋਨੋਂ ਨਾਉਂ ਦੇ ਵਪਾਰੀ ਤੇ ਨਾਉਂ ਦੇ ਲੀਡਰ ਇਸ ਚੌਕ ਵਿਚ ਨਹੀਂ ਵੇਖੇ ਜਾਣਗੇ ਪਰੰਤੂ ਸਿਆਣੇ ਲੋਕਾਂ ਦਾ ਨਜ਼ਰੀਆ ਇਹ ਵੀ ਹੈ, ਕਿ ਸਵੇਰੇ ਸੂਰਜ ਦੀ ਟਿੱਕੀ ਨਿੱਕਲਣ ਸਾਰ ਇਹ ਹਮੇਸ਼ਾ ਵਾਂਗਰ ਇਸੇ ਚੌਕ ਵਿਚ ਫੇਰ ਹੱਥ ਮਿਲਾਉਣਗੇ ।
[ਪਰਦੇ ਪਿੱਛਿਓਂ ਆਰੰਭ 'ਚ ਵੱਜਣ ਵਾਲਾ ਗੀਤ ਦੁਬਾਰਾ ਗੂੰਜ ਉਠਦਾ ਹੈ : ਯੇ ਦੇਸ਼ ਹੈ ਵੀਰ ਜਵਾਨੋਂ ਕਾ ਅਲਬੇਲੋਂ ਕਾ ਮਸਤਾਨੋਂ ਕਾ ਇਸ ਦੇਸ਼ ਕਾ ਯਾਰੋ ਕਯਾ ਕਹਿਨਾ......।] (ਪਰਦਾ)



# ਰੋਟੀ ਦੀ ਭਾਲ

## ਹਰਨਾਮ ਸਿੰਘ ਚਮਕ

ਪੰਜਾਬ ਵਿਚ ਖੱਬੇ ਪੱਖੀ ਲਹਿਰਾਂ ਨੇ ਸਭਿਆਚਾਰਕ ਖੇਤਰ ਵਿਚ ਵੀ ਆਪਣੀ ਪਛਾਣ ਕਾਇਮ ਕੀਤੀ ਹੈ ਪਰੰਤੂ ਇਸ ਸਰਗਰਮੀ ਦਾ ਕੋਈ ਨਿਯਮਿਤ ਰਿਕਾਰਡ ਉਪਲਬਧ ਨਾ ਹੋਣ ਕਾਰਨ ਬਹੁਤ ਸਾਰੇ ਥੀਏਟਰ-ਕਾਮੇ ਅਣਗੌਲੇ ਹੀ ਰਹਿ ਗਏ । ਹਰਨਾਮ ਸਿੰਘ ਚਮਕ ਉਨ੍ਹਾਂ ਵਿਚੋਂ ਇਕ ਹੈ । ਇਹ ਨਾਟਕ ਸਾਨੂੰ ਕਵੀ ਰਵਿੰਦਰ ਭੱਠਲ ਦੇ ਯਤਨ ਨਾਲ ਪ੍ਰਾਪਤ ਹੋਇਆ ਹੈ । ਉਨ੍ਹਾਂ ਦਾ ਵਿਚਾਰ ਹੈ ਕਿ ਇਹ ਨਾਟਕ ਸੰਨ 1960 ਦੇ ਨੇੜੇ ਤੇੜੇ ਲਿਖਿਆ ਤੇ ਖੇਡਿਆ ਗਿਆ ।

### ਪਾਤਰ

ਮਾਂ, ਬੰਤੂ, ਫੱਗੂ, ਕਰਮੂ, ਰਾਮੂ

ਸਮਾਂ :– ਸ਼ਾਮ ਦਾ ਘੁਸਮੁਸਾ

[ਸਥਾਨ : ਇਕ ਛੋਟਾ ਜਿਹਾ ਕੱਚਾ ਕੋਠਾ, ਮੂਹਰੇ ਛੋਟਾ ਜਿਹਾ ਵਿਹੜਾ । ਵਿਹੜੇ ਦੀ ਇਕ ਨੁੱਕਰ ਵਿਚ ਗਜ਼ ਕੁ ਉਚੇ ਓਟੇ ਦੇ ਨਾਲ ਇਕ ਚੁਲ੍ਹਾ ਤੇ ਚੁਲ੍ਹੇ ਦੇ ਇਰਦ ਗਿਰਦ ਪਿਤਲ ਦੇ ਤੇ ਐਲਮੋਨੀਅਮ ਦੇ ਕੁਝ ਭਾਂਡੇ ਖਿੰਡੇ ਪਏ ਹਨ, ਜਿੰਨ੍ਹਾਂ ਨੂੰ ਇਕ ਉਧੇੜ ਉਮਰ ਦੀ ਤੀਵੀਂ ਇਕੱਠੇ ਕਰਕੇ ਮਾਂਜ ਰਹੀ ਹੈ । ਉਸਦੇ ਸਾਹਮਣੇ, ਇਕ ਝਿੱਕੀ ਮੰਜੀ ਉਤੇ ਬੰਤੂ ਬੈਠਾ ਹੈ । ਟੁਟਿਆ ਜਿਹਾ ਤੇ ਚੌੜੀਆਂ ਚੌੜੀਆਂ ਵਿਰਲਾਂ ਵਾਲਾ ਵਿਹੜੇ ਦਾ ਦਰਵਾਜ਼ਾ ਬੰਦ ਹੈ । ਵਿਹੜੇ ਦੇ ਇਕ ਖੂੰਜੇ ਵਿਚ ਇਕ ਬੱਕਰੀ ਤੇ ਮੇਮਨਾਂ ਬੇਰੀ ਦੇ ਪੱਤੇ ਖਾ ਰਹੇ ਹਨ ।]

ਬੰਤੂ : (ਗੋਡਿਆਂ ਉੱਤੇ ਕੂਹਣੀਆਂ ਧਰ ਕੇ, ਮੱਥੇ ਨੂੰ ਹੱਥਾਂ ਤੇ ਟਿਕਾਉਂਦਾ ਹੋਇਆ, ਲੰਮਾ ਹਉਕਾ ਭਰਕੇ) ਮਾਂ ! ਹੁਣ ਕੀ ਕਰਾਂ, ਕਿਧਰ ਜਾਵਾਂ, ਅੱਜ ਤਾਂ ਸੜਕ ਦੇ ਮੇਟ ਨੇ ਵੀ ਜਵਾਬ ਦੇ ਦਿੱਤਾ ।

ਮਾਂ : (ਹੱਥਲਾ ਭਾਂਡਾ ਮਾਂਜਦੀ ਮਾਂਜਦੀ ਛੱਡ ਕੇ, ਹੈਰਾਨੀ ਨਾਲ) ਹੈਂ—ਹੈਂ—ਕੀ ਕਿਹਾ ? ਅੱਜ ਮੇਟ ਨੇ ਵੀ ਜਵਾਬ ਦੇ ਦਿੱਤਾ ! ਉਹ ਤਾਂ ਬੜਾ ਚੰਗਾ ਬੰਦਾ ਸੀ ਤੇਰੇ ਪਿਓ ਦਾ ਵੀ ਮਿੱਤਰ ਸੀ ।

ਬੰਤੂ : ਹਾਂ ਮਾਂ, ਦੂਰੋਂ ਦੂਰੋਂ ਤਾਂ ਸਾਰੇ ਹੀ ਚੰਗੇ ਹੁੰਦੇ ਨੇ, ਪਰ ਚੰਗੇ ਮਾੜੇ ਦਾ ਤਾਂ ਵਰਤਿਆਂ ਪਤਾ ਲੱਗਦਾ ਏ । ਜਿਸ ਦਿਨ ਮੈਂ ਕੰਮ ਤੇ ਲੱਗਿਆ ਸੀ, ਇਹ ਵੀ ਤਾਂ ਮੈਨੂੰ ਕਹਿੰਦਾ ਸੀ ਕਿ "ਵੇਖ ਕਾਕਾ, ਮੈਨੂੰ ਤਾਂ ਤੂੰ ਅਪਣੇ ਬੱਚਿਆਂ ਜਿਹਾ ਏਂ, ਮੈਂ ਤੇਰੇ ਪਿਉ ਦੇ ਮਤਹਿਤ ਬਾਰਾਂ ਸਾਲ ਕੰਮ ਕੀਤਾ, ਮਰਨ ਵੇਲੇ ਉਹ ਠੇਕੇਦਾਰ ਕੋਲ ਸਿਫਾਰਸ਼ ਕਰਕੇ ਮਰਿਆ ਸੀ ਕਿ ਉਸਦੇ ਪਿੱਛੋਂ ਰੂੜੇ ਨੂੰ ਹੀ

ਮੇਟ ਬਣਾਵੇ, ਇਹ ਬੜਾ ਈਮਾਨਦਾਰ ਆਦਮੀ ਹੈ, ਮੈਂ ਤਾਂ ਉਸਦਾ ਦੇਣਾ ਨਹੀਂ ਦੇ ਸਕਦਾ ।"

ਮਾਂ : ਹਾਂ, ਹਾਂ, ਮੈਂ ਬੀ ਤਾਂ ਇਹੋ ਅਖਦੀ ਆਂ ਕਿ ਉਹ ਤਾਂ ਸਾਡਾ ਅਪਣਾ ਬੰਦਾ ਸੀ [ਇਹ ਆਖ ਕੇ ਮੱਥੇ ਉੱਤੇ ਹੱਥ ਧਰ ਕੇ ਬੈਠ ਗਈਜਾਂਦੀ ਹੈ ।]

ਬੰਤੂ : ਗੱਲ ਤਾ ਠੀਕ ਐ, ਇਹ ਕਸੂਰ ਬਹੁਤਾ ਰੂੜੇ ਦਾ ਨਹੀਂ, ਮੇਰਾ ਵੀ ਹੈ ।

ਮਾਂ : ਕਿਉਂ ਬੇਟਾ ? ਤੈਂ ਕੀ ਐਡਾ ਵੱਡਾ ਗੁਨਾਹ ਕਰ ਦਿੱਤਾ ? (ਬੰਤੂ ਵੱਲ ਵੇਖਕੇ)

ਬੰਤੂ : (ਉਪਰ ਨੂੰ ਸਿਰ ਚੁਕ ਕੇ, ਮੰਜੀ ਉੱਤੇ ਸਿਧਾ ਹੋ ਕੇ ਬੈਠਦਿਆਂ) ਕੀ ਦੱਸਾਂ ਮਾਂ ? ਉਹ ਬੜਾ ਧੱਕਾ ਕਰਦਾ ਐ, ਮੈਨੂੰ ਬਾਪੂ ਨੇ ਹੀ ਦੱਸਿਆ ਸੀ ਕਿ ਠੇਕੇਦਾਰ ਬੜੇ ਪਾਪੀ ਨੇ, ਇਹ ਹਮੇਸ਼ਾਂ ਮਜ਼ਦੂਰਾਂ ਦਾ ਲਹੂ ਪੀਂਦੇ ਨੇ, ਕਿਸੇ ਭੀ ਮਜ਼ਦੂਰ ਦੀ ਪੂਰੀ ਮਿਹਨਤ ਨਹੀਂ ਦੇਂਦੇ, ਇਹ ਗੱਲ ਮੈਂ ਆਪ ਵੀ ਅੱਖੀਂ ਵੇਖ ਲਈ, (ਇਕ ਉਂਗਲ ਖੜੀ ਕਰਕੇ ਹਵਾ ਵਿਚ ਹੱਥ ਹਿਲਾਉਂਦਾ ਹੋਇਆ) ਬਾਪੂ ਸੱਚਾ ਸੀ ਮਾਂ ।

ਮਾਂ : (ਜ਼ਰਾ ਹੈਰਾਨ ਜਿਹੀ ਹੋ ਕੇ) ਨਹੀਂ ਪੁੱਤ, ਰੂੜਾ ਐਹੋ ਜਿਹਾ ਤਾਂ ਦਿਸਦਾ ਨਹੀਂ ਸੀ । ਉਹ ਬੀ ਬਾਲ ਬੱਚੇਦਾਰ ਐ, ਕ ਹਨੂੰ ਕਿਸੇ ਨਾਲ ਬੁਰੀ ਕਰੂ ?

ਬੰਤੂ : (ਅੱਖਾਂ ਪਾੜ ਕੇ ਵੇਖਦਾ ਹੋਇਆ ਸਿੱਧਾ ਹੋ ਕੇ ਜ਼ਰਾ ਜ਼ੋਰ ਨਾਲ) ਨਹੀਂ ਮਾ ! ਤੈਨੂੰ ਨਹੀਂ ਪਤਾ, ਤੂੰ ਤਾਂ ਭੋਲੀ ਐਂ ਭੋਲੀ, ਬਾਪੂ ਵਰਗੀ । ਬਾਪੂ ਨੂੰ ਭਾਵੇਂ ਕੋਈ ਕੁਝ ਕਹੀ ਜਾਵੇ, ਚੁਪ ਕਰਕੇ ਮੂੰਹ ਦੂਜੇ ਪਾਸੇ ਕਰ ਛੱਡਦਾ ਤੇ ਕਹਿੰਦਾ ਹੁੰਦਾ ਸੀ, "ਬੰਦਾ ਆਪ ਚੰਗਾ ਚਾਹੀਦਾ ਹੈ, ਦੂਜਿਆਂ ਨਾਲ ਕੀ ।"

ਮਾਂ : ਠੀਕ ਤਾਂ ਹੈ, ਜਿਹੜਾ ਕੋਈ ਬੁਰੀ ਕਰੂ, ਆਪੇ ਕੀਤੀ ਭਰੂ ।

ਬੰਤੂ : ਪਰ ਮਾਂ ਜੇ ਕੋਈ ਕੱਲਾ ਆਪ ਹੀ ਬੁਰਾ ਕਰਦਾ ਰਹੇ ਉਥੇ ਤਾਂ ਤੇਰੀ ਤੇ ਬਾਪੂ ਦੀ ਗੱਲ ਢੁਕ ਸਕਦੀ ਐ, ਜਿਹੜਾ ਬੰਦਾ ਆਪ ਵੀ ਪਾਪ ਕਰੇ ਤੇ ਦੂਜੇ ਬੇਗੁਨਾਹਾਂ ਨੂੰ ਵੀ ਨਾਲ ਲਬੇੜੇ, ਉਸ ਨੂੰ ਕੀ ਕਹੀਏ ?

ਮਾਂ : ਪੁੱਤ, ਦੂਜੇ ਨੂੰ ਮਾੜਾ ਕਹਿਣ ਦੀ ਥਾਂ ਆਪ ਪਰੇ ਹੋ ਜਾਈਏ, ਆਪਣੇ ਮਨ ਨੂੰ ਮੈਲਾ ਨਾ ਕਰੀਏ ।

ਬੰਤੂ : ਬੱਸ ਮਾਂ ! ਮੈਂ ਤਾਂ ਐਂਵੇ ਜਿਵੇਂ ਕੀਤੈ, ਚਾਚਾ ਰੂੜਾ ਆਪ ਤਾਂ ਮਜ਼ਦੂਰਾਂ ਦੇ ਗਲ ਕੱਟਦਾ ਹੀ ਸੀ, ਉਹ ਤਾਂ ਮੈਨੂੰ ਵੀ ਕਹਿੰਦਾ ਸੀ ਕਿ ਮੈਂ ਵੀ ਉਸਦੇ ਨਾਲ ਛੁਰੀ ਫੜਾਂ । ਮੈਂ ਕੁਝ ਦਿਨ ਤਾਂ ਟਾਲਦਾ ਰਿਹਾ, ਆਖਰ ਇਕ ਦਿਨ ਮੈਨੂੰ ਆਖਣਾ ਹੀ ਪਿਆ ਕਿ "ਚਾਚਾ ਮੈਥੋਂ ਇਹ ਕੰਮ ਨਹੀਂ ਹੁੰਦਾ ।"

ਮਾਂ : (ਜ਼ਰਾ ਹੈਰਾਨੀ ਵਿਚ ਇਕ ਉਂਗਲ ਠੋਡੀ ਉੱਤੇ ਰੱਖ ਕੇ) ਫੇਰ ! ਪੁੱਤ ?

ਬੰਤੂ : ਬੱਸ ! ਫੇਰ ਕੀ ਸੀ । ਲੱਗਿਆ ਲੋਹਾ ਲਾਖਾ ਹੋਣ ਤੇ ਬੱਕੜਵਾਹ ਕਰਨ । ਕਦੇ ਕਹੇ, "ਜੇ ਤਾਂ ਤੈਨੂੰ ਰੂੜੇ ਦੇ ਥਾਂ ਮੇਟ ਲਾ ਦੇਂਦੇ ਤਾਂ ਤੂੰ ਵੀ ਗਲ



ਪਿਓ ਵਾਂਗ ਵੱਢਦਾ ਰਹਿੰਦਾ ।" ਕਦੇ ਕਹੇ "ਤੇਰਾ ਪਿਉ ਐਹੋ ਜਿਹਾ, ਤੇਰੀ ਮਾਂ ਐਹੋ ਜਿਹੀ ।" ਕਦੇ ਕੁਛ ਕਦੇ ਕੁਛ, ਪਤਾ ਨਹੀਂ ਕੀ ਕੀ ਬਕਦਾ ਗਿਆ । ਮੈਂ ਤਾਂ ਐਹੋ ਜਿਹਾ ਵੀ ਸਭ ਕੁਛ ਚੁਪ ਕਰਕੇ ਸੁਣਦਾ ਰਿਹਾ ।

ਮਾਂ : (ਹਉਕਾ ਲੈ ਕੇ ਸਿਰ ਫੜਦੀ ਹੋਈ) ਚੰਗਾ ਕੀਤਾ ਪੁੱਤ ! ! ਚੁੱਪ ਕਰਕੇ ਸੁਣਨਾ ਹੀ ਚੰਗਾ ਸੀ । ਅੱਜ ਉਸ ਦੀ ਪੁਗਦੀ ਐ ਕੋਈ ਦਿਨ ਨੂੰ ਰੱਬ ਤੇਰੀ ਵੀ ਸੁਣੂੰ ।

ਬੰਤੂ : ਮਾਂ ! ਏਥੇ ਹੀ ਬੱਸ ਨਹੀਂ ਹੋਈ । ਚਾਚੇ ਰੂੜੇ ਨੇ ਤਾਂ ਪਤਾ ਨਹੀਂ ਠੇਕੇਦਾਰ ਨੂੰ ਕੀ ਕੀ ਸਿਖਾਇਆ । ਅੱਜ ਆਉਂਦਿਆਂ ਹੀ ਮੈਨੂੰ ਸਾਰਿਆਂ ਨਾਲੋਂ ਅੱਡ ਕਰਕੇ ਹੁਕਮ ਸੁਣਾ ਦਿੱਤਾ ਕਿ "ਬੰਤੂ, ਤੇਰੀ ਸਾਨੂੰ ਲੋੜ ਨਹੀਂ, ਅਪਣੀ ਗੰਢ ਪੋਟਲੀ ਚੁਕ ਕੇ ਤੁਰਦਾ ਬਣ ।" ਮੈਂ ਉਸਨੂੰ ਇਸਦਾ ਕਾਰਣ ਪੁਛਣਾ ਚਾਹਿਆ ਤਾਂ ਸਗੋਂ ਹੋਰ ਵੀ ਗਰਮ ਹੋ ਕੇ ਮੈਨੂੰ ਗਾਲਾਂ ਕੱਢਣ ਲੱਗ ਪਿਆ ਅਤੇ ਚਾਚੇ ਰੂੜੇ ਨੂੰ ਕਹਿਣ ਲੱਗਿਆ ਕਿ "ਇਹਨੂੰ ਧੱਕੇ ਮਾਰ ਕੇ ਪਿੰਡ ਦਾ ਰਾਹ ਵਿਖਾਦੇ ।"

ਮਾਂ : (ਹੈਰਾਨ ਹੋ ਕੇ) ਅੱਛਾ ! ਰੂੜਾ ਵੀ ਕੋਲੇ ਹੀ ਸੀ ?

ਬੰਤੂ : ਮਾਂ ! ਤੂੰ ਕੀ ਸਮਝਦੀ ਐਂ ਰੂੜੇ ਨੂੰ, ਰੂੜੇ ਨੇ ਤਾਂ ਸਾਰਿਆਂ ਦੇ ਸਾਹਮਣੇ ਹੀ ਮੈਨੂੰ ਧੱਕੇ ਮਾਰੇ ਨੇ ।

ਫੱਗੂ : (ਇਕ ਲੰਗੜਾ ਕਠੋੜੀਆਂ ਜਾਂ ਸੋਟੀ ਸਹਾਰੇ ਤੁਰਦਾ ਤੇ ਹਕਲਾ ਕੇ ਬੋਲਦਾ ਹੋਇਆ ਦਾਖਲ ਹੁੰਦਾ ਹੈ ।) ਓ ਓ ਓ ਬ ਬ ਬੰ...ਤੂ ਤੂ... ਤੂ ਤੂੰ ਬੀ.. ਢ...ਅ ਅ ਅੱ..ਜ ਘਰੇ ਬ.. ਠੈਂ.. ਨੈਂ ? ਚ . ਚਾ... ਚੇ ਰੂ...ੜੇ ਵਾ.. ਲਾ ਗੈਂ ਗ ਤਾਂ ਅ ਅੱਜ ਠ ਠ ਠੇਕੇਦਾਰ ਦੇ ਦ . ਰਾਂ ਮੁ.. ਮੂਹਰੇ ਨ . ਨਾਲੇ ਠ...ਠੇਕੇਦਾਰ ਦਾ ਨ ..ਨ...ਨਾਲੇ ਚਾਚੇ ਰ ਰ . ਰੂੜੇ ਦ...ਦਾ ਸ ਸਿ.. ਆਪਾ ਕ...ਕਦੇ ਨੇ, ਨ ਨ...ਨਾਲੇ ਨਾ ..ਕਹਿੰਦੇ ਨੇ ਬ ..ਬਣੀ . ਬੰ . ਬੰਤੂ ਨੂੰ ਕ.. ਕਿਉਂ ਹ.. ਹਟਾਇਆ ਅ.. ਐ ?

ਬੰਤੂ : ਅੱਛਾ (ਫੱਗੂ ਵੱਲ ਹੈਰਾਨੀ ਨਾਲ ਵੇਖ ਕੇ) ਨਾ ਟਲੇ, ਚਾੜ੍ਹਤਾ ਚੰਦ ! ਮੈਂ ਤਾਂ ਕਹਿ ਕੇ ਆਇਆ ਸੀ, ਭਾਈ ਅਪਣਾ ਕੰਮ ਕਰੀ ਚੱਲੋ, ਮੇਰਾ ਕੱਲੇ ਦਾ ਕੀ ਐ, ਤੁਸੀਂ ਸਾਰੇ ਬਾਲ ਬੱਚੜਦਾਰ ਓ, ਅੱਜ ਕੱਲ ਰੁਜ਼ਗਾਰ ਬੜਾ ਔਖਾ ਮਿਲਦਾ ਐ, ਏਸ ਤੋਂ ਹੱਥ ਨਾ ਧੋ ਬੈਠਿਓ ।

ਫੱਗੂ : (ਆਪਣੇ ਆਪ ਹੀ ਮੰਜੀ ਉਤੇ ਬੈਠਦਾ ਹੋਇਆ) ਪ ..ਪਰ ਚ...ਚਾਚੀ ਅ... ਐਹ ਗੱ...ਗੱਲ ਕ...ਕੀ ਹ...ਹੋਈ ?

ਬੰਤੂ : (ਵਿਚੋਂ ਹੀ ਬੋਲਕੇ) ਫੱਗੂ ਏਸ ਗੱਲ ਦਾ ਮਾਂ ਨੂੰ ਕੀ ਪਤਾ ਐ, ਮੈਂ ਤੈਨੂੰ ਦੱਸਦਾਂ ।

ਚਾਚਾ ਰੂੜਾ ਤਾਂ ਬਹੁਤਾ ਈ ਬੇਈਮਾਨ ਨਿਕਲਿਆ। ਤੈਨੂੰ ਤਾਂ ਪਤਾ ਬਾਪੂ ਨੇ ਤਾਂ ਇਸਦੀ ਮਰਨ ਵੇਲੇ ਵੀ ਸਿਫਾਰਸ਼ ਕੀਤੀ ਸੀ।

ਫੱਗੂ : (ਗੱਲ ਨੂੰ ਅੱਗੇ ਟੋਰਦਾ ਹੋਇਆ) ਕ... ਕ... ਕਿ ਠੇਕੇਦਾਰ ਜ... ਜੀ ਰ...ਰੂੜੇ ਨ...ਨੂੰ ਹ...ਹੀ ਮੇ...ਟ ਬ . ਬਣਾ ਦ...ਦਿਉ।

ਬੰਤੂ : (ਗੱਲ ਕੱਟਦਾ ਹੋਇਆ) ਫੱਗੂ, ਤੈਨੂੰ ਵੀ ਪਤਾ ਕਿ ਬਾਪੂ ਅਪਣੇ ਰਤਾ ਵੀ ਬੇਈਮਾਨੀ ਨਹੀਂ ਜੀ ਕਰਦਾ, ਠੇਕੇਦਾਰ ਜੋ ਮਰਜ਼ੀ ਹੈ ਕਰੇ।

[ਕਰਮੋ, ਬੰਤੂ ਦੀ ਮਾਂ ਏਧਰ ਓਧਰ ਘੁੰਮਦੀ ਫ਼ਿਰਦੀ ਹੈ, ਕਦੇ ਭਾਂਡੇ ਸਾਂਭਦੀ ਹੈ, ਕਦੇ ਕੁਝ ਓਧਰ ਰੱਖਦੀ ਹੈ ਤੇ ਕਦੇ ਅੰਦਰ ਕਦੇ ਬਾਹਰ ਜਾਂਦੀ ਹੋਈ, ਬੰਤੂ ਤੇ ਫੱਗੂ ਦੀਆਂ ਗੱਲਾਂ ਸੁਣਨ ਲਈ ਠਹਿਰ ਜਾਂਦੀ ਹੈ।]

ਫੱਗੂ : ਤ...ਤਾਇਆ ਤਾਂ ਦ ..ਦੇਵਤਾ ਸ...ਸੀ ਦ...ਦੇਵਤਾ।

ਬੰਤੂ : ਪਰ ਚਾਚਾ ਰੂੜਾ ਸ਼ੈਤਾਨ ਦੀ ਪੂਛ ਨਿਕਲਿਆ ਨਾਂ। ਇਹ...

ਫੱਗੂ : (ਵਿਚੋਂ ਹੀ ਗੱਲ ਟੁਕਕੇ) ਬ...ਬੰਤੂ ਏ...ਏਹ ਤ ..ਤਾਂ ਪ .ਪਹਿਲੇ ਦ... ਦਿਨ ਦ...ਦਾ ਹੀ ਹ...ਹਰਾਮੀ ਅ...ਐ।

ਬੰਤੂ : ਇਹ ਤਾਂ ਮੈਨੂੰ ਵੀ ਆਖਦਾ ਸੀ ਕਿ ਮੈਂ ਵੀ ਓਹਦੀ ਬੇਈਮਾਨੀ ਵਿਚ ਰਲਾਂ।

ਫੱਗੂ : ਓ...ਓਏ ਉ ਉਂਜ ਤਾਂ ਗ ..ਗੁੜ੍ਹਤੀ ਇ...ਈ ਬ...ਬਈ ਮਾਨੀ ਦ...ਦੀ ਦਿ ..ਦਿਤੀ ਸੀ ਦ...ਦਾਈ ਨ...ਨੇ।

ਬੰਤੂ : ਕੱਲਾ ਆਪ ਤਾਂ ਬੇਈਮਾਨੀ ਕਰਦਾ ਹੀ ਸੀ ਪਰ ਮੈਨੂੰ ਕਿਉਂ ਬੇਈਮਾਨ ਬਣਾਉ ਦੈ ਨਾਲ ?

ਫੱਗੂ : ਉ...ਓਏ ਬੰ ..ਬੰਤੂ ਤ...ਤੂੰ ਬ...ਬੀ ਤ ..ਤਾਂ ਕਮਲੈਂ। ਉ...ਓਏ ਬ...ਬੇਈਮਾਨੀ ਦ ..ਦਾ ਧ...ਧਾਨ ਬ ..ਬੀ ਤ ..ਤਾਂ ਕ...ਕਈ ਬ...ਬੇਈਮਾਨ ਰ.. ਰਲਕੇ ਹ...ਹੀ ਹ...ਹਜ਼ਮ ਕ...ਕਰ ਸ...ਕਦੇ ਨੇ।

ਬੰਤੂ : ਪਰ ਜਿਹੜਾ ਹਜ਼ਮ ਕਰਨਾ ਹੀ ਨਾ ਚਾਹਵੇ ਉਹਨੂੰ ਮੱਲੋ ਮੱਲੀ ਖਲੌਣੈ।

ਫੱਗੂ : (ਬੰਤੂ ਦੇ ਮੋਢਿਆਂ ਉੱਤੋਂ ਦੀ ਬਾਂਹ ਪਾਕੇ ਜ਼ਰਾਂ ਝੁਕਕੇ ਉਸਦੇ ਮੂੰਹ ਵੱਲ ਵੇਖਦਾ ਹੋਇਆ) ਓ ਓਏ ਛ...ਛੱਡ ਪ...ਪਰੇ ਤ...ਤੂੰ ਤ...ਤਾਂ ਤ...ਤਾਏ ਨ...ਨਾਲੋਂ ਵ...ਵੀ ਅੱਗੇ ਲ ..ਲੰਘ ਗ ..ਗਿਆ ਏ...ਏਂ। ਤ . ਤੇਰੀ ਸ...ਸਮਝ ਵ...ਵਿਚ ਇ ..ਇਹ ਗ—ਗੱਲਾਂ ਨ ..ਨਹੀਂ ਵੜਦੀਆਂ। ਤ...ਤੂੰ ਏ...ਏਹ ਦ ..ਦੱਸ ਚ...ਚਾਚਾ ਰੂ ਰੂੜਾ ਕ ..ਕਦੀ ਬ . ਬੇਈਮਾਨੀ ਕ...ਕਰਦਾ ਸ...ਸੀ ਤ...ਤਾਂ ਤ...ਤੈਨੂੰ ਕ...ਕੀ ਅ...ਆਖਦਾ ਸ...ਸੀ ?

ਬੰਤੂ : ਲੈ ਸੁਣ ਲੈ ਗੱਲ ਜ਼ਰਾ ਹਿਸਾਬ ਦੀ ਐ, ਧਿਆਨ ਨਾਲ ਸੁਣੀਂ ਮੈਨੂੰ...



ਫੱਗੂ : (ਗੱਲ ਨੂੰ ਅਧਵਾਟਿਉਂ ਟੋਕਕੇ ਜ਼ਰਾ ਸਿੱਧਾ ਬੈਠਦਾ ਹੋਇਆ ਇਕ ਹੱਥ ਅਪਣੀ ਕਠੋਰੀ ਨੂੰ ਪਾ ਕੇ) ਓ.. ਏ ਬ.. ਬੰਤੂ ਤ...ਤੂੰ ਕ . ਕਿਥੋਂ ਦ...ਦਾ ਅ...ਆ ਗਿ...ਗਿਆ ਮ.. ਮਾਂ ਦ...ਦਾ ਹ...ਹਿਸਾਬਦਾਨ। ਦੂ...ਦੂਜੀ ਜ ..ਜਮਾਤ ਵ ਵਿਚ ਮ.. ਮਨੀਟਰ ਰਿ...ਰਿਹਾਂ, ਮ . ਮੈਨੂੰ ਕ...ਕੀ ਸ ਸਮਝਦੈਂ ਕ...ਕਿ ਮ . ਮੈਨੂੰ ਹ ਹਿਸਾਬ ਅ ਔਂਦਾ ਹ...ਹੀ ਨ ..ਨਹੀਂ ? ਮ...ਮੁਣਸ਼ੀ ਦ ..ਦੇਸਰਾਜ ਦ...ਦੇਸਰਾਜ ਦ...ਦਾ ਚ .. ਚੰਡਿਆ ਹ...ਹੋਇਆ। ਜ...ਜਮਾਂ ਤ...ਤਫਰੀਕ ਸ ਸਾਰੇ ਅ...ਆਉਂਦੇ ਨ ਨੇ ਸ...ਸਾਰੇ। ਗ...ਗੱਲਾਂ ਮ.. ਮਾਰਦੈ, ਗ...ਗੱਲ ਕ...ਕਰ ਗੱਲ ਚੱ ..ਚੱਲ ਅ ..ਅੱਗੇ।

ਬੰਤੂ : ਓਏ ਫੱਗੂ ਤੂੰ ਤਾਂ ਐਵੇਂ ਤੜਿੰਗ ਹੋ ਜਾਨੈਂ। ਕੌਣ ਕਹਿੰਦਾ ਤੈਨੂੰ ਹਿਸਾਬ ਨਹੀਂ ਆਉਂਦਾ ? ਮਾਂ ਤਾਂ ਕਹਿੰਦੀ ਹੁੰਦੀ ਹੈ ਕਿ ਫੱਗੂ ਤਾਂ ਬੀ. ਏ. ਪਾਸ ਨਾਲੋਂ ਵੀ ਸਿਆਣਾ ਐਂ।

ਫੱਗੂ : ਫ . ਫੇਰ ਤ...ਤੇਰੇ ਨ...ਨਾਲੋਂ ਤ ਤਾਂ ਤ...ਤਾਈ ਏ...ਈ ਬਹੁਤੀ ਸ ਸਿਆਣੀ ਹ . ਹੋਈ।

ਬੰਤੂ : ਓ ਬਾਬਾ (ਜ਼ਰਾ ਖਿਝਕੇ ਤੇ ਬਨਾਉਟੀ ਹਾਸਾ ਹੱਸਦਾ ਹੋਇਆ) ਮੇਰੇ ਨਾਲੋਂ ਤਾਂ ਤਾਂ ਸਾਰੇ ਹੀ ਸਿਆਣੇ ਨੇ (ਜ਼ਰਾ ਵਡਿਆਕੇ) ਤੇਰੇ ਕੋਲ ਵੀ ਤਾਂ ਸਿਆਣਾ ਸਮਝਕੇ ਗੱਲ ਕਰਦਾ ਹਾਂ।

ਫੱਗੂ : ਹ...ਹੁਣ ਅ...ਆਈ ਨ ਥ...ਥੈਹ ਹ...ਹਾਂ ਹਾਂ ਕ...ਕਰ ਗ...ਗ ਗੱਲ ਏ...ਏਹ ਕ...ਕੀ ਭ...ਭਾਣਾ ਵ.. ਵਰਤਿਆ ?

ਬੰਤੂ : ਫੱਗੂ ਤੈਨੂੰ ਤਾਂ ਪਤਾ ਕਿ ਬਾਪੂ ਪੁਲ ਦੀ ਡਾਟ ਹੇਠਾਂ ਆਕੇ ਮਰ ਗਿਆ ਸੀ।

ਫੱਗੋ : ਹ...ਹਾਂ ਹ...ਹਾਂ ਏ... ਏਹ ਤਾਂ ਸਾ...ਸਾਰਿਆਂ ਨ...ਨੂੰ ਹੀ ਪ...ਪਤੈ ਅ... ਅੱਗੇ ਗ...ਗੱਲ ਕ . ਕਰ।

ਬੰਤੂ : ਉਹ ਵੀ ਤਾਂ ਠੇਕੇਦਾਰਾਂ ਦੀ ਮਿਹਰਬਾਨੀ ਹੀ ਹੋਈ ਸੀ। ਸੀਮਿੰਟ ਬਲੈਕ ਵਿਚ ਵੇਚ ਲਿਆ, ਰੇਤ ਬਹੁਤੀ ਮਿਲਾ ਦਿਤੀ। ਜਿਸ ਦਿਨ ਢੂਲਾ ਹੇਠੋਂ ਕਢਿਆ ਓਸੇ ਦਿਨ ਬਾਪੂ ਦੀ ਭੇਟ ਲੈ ਲਈ।

ਫੱਗੂ : (ਹੈਰਾਨ ਹੋਕੇ) ਹ...ਹੱਛਾ ਤੇ ਤੇ...ਤਾਂ ਫ...ਫੇਰ ਸ...ਸਾਲੇ ਠ...ਠੇਕੇਦਾਰਾਂ ਉ . ਉਤੇ ਦ...ਦਾਵਾ ਕ . ਕਿਉਂ ਨ...ਨਾ ਕ...ਕਰੀਏ ?

ਬੰਤੂ : ਤੂੰ ਵੀ ਤਾਂ ਭੋਲੀਆਂ ਗੱਲਾਂ ਕਰਦੈਂ ਫੱਗੂ। ਦਾਵਾ ਕੀਹਦੇ ਉਤੇ ਕਰੀਏ ? ਠੇਕੇਦਾਰ ਸੁਨਾਮੀਆਂ ਮੱਲ ਵੀ ਤਾਂ ਵੱਡੇ ਵਜ਼ੀਰ ਦਾ ਭਾਈ ਐ, ਕੌਣ ਸੁਣਦੈ ?

ਫੱਗੂ : (ਕਠੋੜੀ ਨੂੰ ਹੱਥ ਪਾਕੇ ਜੋਸ਼ ਨਾਲ) ਫ...ਫੇਰ ਇ...ਇਨਸਾਫ ਤ...ਤਾਂ ਕ...ਕੋਈ ਨ...ਨਾ ਹ...ਹੋਇਆ ?

ਬੰਤੂ : (ਦੋਵੇਂ ਹੱਥ ਫੱਗੂ ਵਲ ਚੁਕਕੇ ਜਿਵੇਂ ਕਿਸੇ ਨੂੰ ਦੂਰ ਫਿਟੇ ਮੂੰਹ ਆਖੀਦਾ ਏ) ਰੋਂਦਾ ਇਨਸਾਫ ਨੂੰ, ਏਥੇ ਬੇਇਨਸਾਫੀ ਨਾਲ ਵੀ ਜਾਨ ਬਚ ਜਾਵੇ ਤਾਂ ਬਿਕਰਮਾਜੀਤ ਦੇ ਨਿਆਂ ਨਾਲੋਂ ਵਧ ਅਹਿਸਾਨ ਸਮਝ ਛੱਡ ।

ਫੱਗੂ : (ਮੰਜੀ ਉਤੋਂ ਜ਼ੋਰ ਨਾਲ ਉਠਦਾ ਹੋਇਆ) ਚ.. ਚਲ ਮ.. ਮੈਂ ਤ... ਤੇਰੇ ਨ...ਨਾਲ ਚ... ਚਲੂੰਗਾ ।

ਬੰਤੂ : ਇਹ ਗੱਲਾਂ ਫੱਗੂ ਫੇਰ ਕਰਾਂਗੇ । ਤੈਨੂੰ ਤਾਂ ਪਤਾ ਈ ਐ ਕਿ ਬਾਪੂ ਦੇ ਮਟਨ ਪਿਛੋਂ ਪੜ੍ਹਾਈ ਵਿਚੋਂ ਛੱਡਣੀ ਪਈ !

ਕਰਮੋਂ : (ਫਿਰਦੀ ਫਿਰਦੀ ਬੈਠਦਿਆਂ ਹੋਇਆਂ) ਕੀ ਕਰਦੇ ਫੱਗੂ, ਸਾਰੀ ਟੱਬਰੀ ਦਾ ਭਾਰ ਇਹਦੇ ਸਿਰ ਆ ਪਿਆ, ਤੇਰਾ ਤਾਇਆ ਤਾਂ ਕਹਿੰਦਾ ਸੀ ਬੰਤੇ ਤੇ ਬੰਤੀ ਨੂੰ ਬਈਆ ਪਾਸ ਕਰਾ ਦੇਂਦੇ; ਅੱਗੇ ਇਨਾਂ ਦੇ ਭਾਗ । ਪਰ ਕ। ਕਰੀਏ ਕਿਸਮਤ ਦਾ ਗੇੜ ਪੁੱਠਾ ਪੈ ਗਿਆ । (ਡੁਸਕਣ ਲੱਗ ਜਾਂਦੀ ਹੈ)

ਫਗੂ : ਕ ਕੋਈ ਗ ਗੱਲ ਨ...ਨਹੀਂ ਤ ..ਤਾਈ ਬ ..ਬੰਤੂ ਬ...ਬੜਾ ਸ ਜਿਆਣਾ ਤ ਤੇ ਗ.. ਗੱਭਰੂ ਅ...ਐ ਠ . ਠੀਕ ਕ . ਕਰ ਲ ਲਊਗਾ ।

ਬੰਤੂ : (ਫੱਗੂ ਵਲ ਗਰਦਨ ਮੋੜਕੇ) ਓਏ ਫੱਗੂ, ਤੈਨੂੰ ਨਹੀਂ ਪਤਾ ਜਿਥੇ ਬੇਈਮਾਨੀ ਉਥੇ ਸਿਆਣਪ ਤੇ ਘਬਰੇਟਾ ਕੁਝ ਨਹੀਂ ਕਰ ਸਕਦੇ । ਈਮਾਨਦਾਰੀ ਦੀ ਕਮਾਈ ਨਾਲ ਅੱਜਕਲ ਢਿਡ ਨੂੰ ਝੁਲਕਾ ਦੇਣਾ ਬੜਾ ਔਖਾ ਐ । (ਮਾਂ ਵਲ ਝਾਕਕੇ) ਮਾਂ, ਜੇ ਤੂੰ ਹੀ ਰੋਏਂਗੀ ਤਾਂ ਸਾਡਾ ਕੀ ਵਸੇਬਾ ?

ਕਰਮੋਂ : (ਆਪਣੀ ਚੁੰਨੀ ਨਾਲ ਅੱਖਾਂ ਪੂੰਝਦੀ ਹੋਈ) ਨਹੀਂ ਪੁੱਤ ਮੈਂ ਕਿਉਂ ਰੋਣਾ ਸੀ ? [ਉਠਕੇ ਘਰ ਦਾ ਕੋਈ ਕੰਮ ਕਰਨ ਲੱਗ ਜਾਂਦੀ ਹੈ]

ਬੰਤੂ : ਹਾਂ ਸੱਚ । ਗੱਲ ਤਾਂ ਵਿਚੇ ਰਹਿ ਗਈ ਜਿਹੜੀ ਕਰਦੇ ਸੀ ।

ਫੱਗੂ : ਹ.. ਹਾਂ ਹ...ਹਾਂ ਛ...ਛੇਤੀ ਮ...ਮੁਕਾ ਤ . . ਤੂੰ ਵੀ ਗ . ਗੱਲ ਮ . ਮੁਕੌਂਦਾ ਏ. . ਈ ਨ...ਨਹੀਂ ।

ਬੰਤੂ : ਜਦੋਂ ਚਾਚਾ ਰੂੜਾ ਮੈਨੂੰ ਵੀ ਕੰਮ ਤੇ ਲੈ ਗਿਆ, ਮੈਨੂੰ ਕੰਮ ਵੀ ਸੌਖਾ ਹੀ ਦਿੱਤਾ । ਸਾਰਾ ਹਿਸਾਬ ਕਿਤਾਬ ਵੀ ਮੈਂ ਰੱਖਦ ਸੀ, ਕੰਮ ਦੀ ਮਿਣਤੀ ਵੀ ਮੇਰੇ ਜ਼ਿੰਮੇ ਸੀ । ਮੈਂ ਬੜੇ ਚਾਅ, ਈਮਾਨਦਾਰੀ ਤੇ ਹੌਂਸਲੇ ਨਾਲ ਕੰਮ ਕਰਦਾ ਰਿਹਾ । ਇਕ ਦਿਨ ਠੇਕੇਦਾਰ ਨੇ ਰੂੜੇ ਨੂੰ ਅੱਡ ਕਰਕੇ ਕੋਈ ਗੱਲ ਸਮਝਾਈ ।

ਫੱਗੂ : (ਟੋਕ ਕੇ) ਹ...ਹੱਛਾ ਓ...ਓਹ ਕ ਕੀ ਗ ਗੱਲ ਸ ਸੀ ?

ਬੰਤੂ : (ਜ਼ਰਾ ਰੁਕ ਕੇ) ਗੱਲ ਈ ਸਾਰੀ ਏਥੋਂ ਵਿਗੜਦੀ ਐ ਫੱਗੂ । ਚਾਚਾ ਰੂੜਾ ਕਹਿਣ ਲੱਗਾ, "ਸਾਹਿਬ (ਠੇਕੇਦਾਰ ਸੁਨਾਮੀਆ ਮੱਲ) ਕਹਿੰਦੇ ਬੰਤੂ ਨੂੰ ਸਮਝਾਦੇ ਕੰਮ ਦੀ ਮਿਣਤੀ ਠੀਕ ਠਾਕ ਕਰਿਆ ਕਰੇ । ਹਿਸਾਬ ਨਾਲ ਚੱਲਣਾ ਠੀਕ ਹੁੰਦੈ ।



ਬਹੁਤੀ ਈਮਾਨਦਾਰੀ ਤਾਂ ਐਟਮ ਬੰਬ ਵਾਂਗ ਦੂਰ ਦੂਰ ਤੱਕ ਮਾਰ ਕਰ ਜਾਂਦੀ ਹੈ ।"

ਫੱਗੂ : (ਜ਼ਰਾ ਵਧੇਰੇ ਹੈਰਾਨੀ ਭਰਿਆ ਚਿਹਰਾ ਬਣਾ ਕੇ) ਹ...ਹੱਛਾ ਫ...ਫੇਰ ?

ਬੰਤੂ : (ਜ਼ੋਰ ਨਾਲ ਹਾਕ ਮਾਰਦਾ ਐ) ਕੁੜੇ ਬੰਤੋ । (ਅੰਦਰੋਂ 'ਹਾਂ ਆਈ' ਦੀ ਆਵਾਜ਼ ਆਉਂਦੀ ਹੈ ਤੇ ਨਾਲ ਹੀ ਇਕ ਅੱਠਾਂ ਦਸਾਂ ਕ ਸਾਲਾਂ ਦੀ ਕੁੜੀ ਅੰਦਰ ਦਾਖਲ ਹੋ ਕੇ) ਕੀ ਐ ਵੀਰਿਆ ?

ਬੰਤੂ : ਜਾਹ ਭੈਣ ਮੇਰੀ ਚਾਹ ਦੀ ਪਿਆਲੀ ਤਾਂ ਪਿਆ, ਨਾਲੇ ਤੇਰਾ ਫੱਗੂ ਵੀਰਾ ਆਇਆ ਹੈ,ਇਹ ਕੀ ਕਹੂਗਾ ।

ਬੰਤੋ : (ਬੰਤੂ ਦਾ ਮੋਢਾ ਫੜ ਕੇ ਖਲੋਂਦੀ ਹੋਈ) ਊਂ...ਹੂੰ ਮੈਂ...ਤਾਂ ਫੱਗੂ ਵੀਰੇ ਨੂੰ ਚਾਹ ਨਹੀਂ ਪਿਆਉਣੀ, ਇਹ ਤਾਂ ਮੈਨੂੰ ਮਾਰਦਾ ਹੁੰਦਾ ।

ਫੱਗੂ : (ਤ੍ਰਭਕ ਕੇ) ਕ ਕਿਉਂ ਕ...ਕੁੜੇ ਮ . ਮੈਂ ਕ ਕੀ ਗ...ਗੁਨਾਹ .. ਕ .. ਕਰ ਦ...ਦਿੱਤਾ ? ਮ...ਮਾਰਾਂ ਨ...ਨਾਂ ਮੇ...ਮੇਰੀਆਂ ਕ...ਕਠੌੜੀਆਂ ਕ . ਕਿਉਂ ਚ...ਚੱਕੀਆਂ ਸ...ਸੀ ।

ਬੰਤੋ : (ਗੂਠਾ ਖੜਾ ਕਰਕੇ ਚਿੜਾਉਂਦੀ ਹੋਈ) ਨਹੀਂ ਪਿਲਾਉਂਦੀ, ਨਹੀਂ ਪਿਲੌਣੀ । [ਕਹਿਕੇ ਅੰਦਰ ਨੂੰ ਜਾਂਦੀ ਹੈ ਤੇ ਸਾਰੇ ਹੱਸ ਪੈਂਦੇ ਹਨ]

ਬੰਤੂ : ਐਵੇਂ ਨਿਆਣਿਆਂ ਦਾ ਗੁੱਸਾ ਨਹੀਂ ਕਰੀਦਾ । ਹਾਂ ਮੈਂ ਗੱਲ ਕਰ ਰਿਹਾ ਸੀ ਚਾਚੇ ਰੂੜੇ ਦੀ । ਪਹਿਲਾਂ ਤਾਂ ਮੇਰੀ ਸਮਝ ਵਿਚ ਨਾ ਆਇਆ ਕਿ ਕੀ ਮਾਂਜ ਗਏ ਪਰ ਰੂੜੇ ਨੇ ਫੇਰ ਖੋਲ ਕੇ ਦੱਸਿਆ ਕਿ ਮੈਂ ਮਿੱਟੀ ਟੋਏ ਤੇ ਕੰਮਾਂ ਦੀ ਮਿਣਤੀ ਵਿਚ ਦੋ ਚਾਰ ਇੰਚ ਜਿੰਨਾ ਵੀ ਹੋ ਸਕੇ ਘੱਟ ਮਿਣਿਆਂ ਕਰਾਂ ।

ਫੱਗੂ : (ਕਠੌੜੀ ਨੂੰ ਹੱਥ ਪਾਉਂਦਾ ਹੋਇਆ) ਹ...ਹੱਛਾ ਚ...ਚਾਚਾ ਰ.. ਰੂੜਾ ਬ ਬੀ ਰ ਤੁੜ੍ਹ ਗਿਆ ? ਫ.. ਫੇਰ ਤ...ਤੈਂ ਕ . ਕੀ ਕ...ਕੀਤਾ ?

ਬੰਤੂ : ਪਹਿਲਾਂ ਤਾਂ ਮੈਂ ਸੋਚਿਆ ਮੈਂ ਚੁਪ ਰਹਾਂ । ਬਾਪੂ ਵਾਂਗ ਦਿਨ ਕਟੀ ਕਰੀ ਜਾਵਾਂ ਪਰ ਜਦੋਂ ਮੈਂ ਹਿਸਾਬ ਲਾਇਆ ਫੱਗੂ, ਮੇਰਾ ਤਾਂ ਕਾਲਜਾ ਕੰਬ ਗਿਆ । ਪਤਾ ਲੱਗਿਆ ਕਿ ਇਹ ਤਾਂ ਬੜੀ ਭਾਰੀ ਬੇਈਮਾਨੀ ਐਂ, ਨਾਲ ਦੇ ਮਜ਼ਦੂਰਾਂ ਨਾਲ ਧੋਖਾ ਐ । ਬਈ ਸੱਚੀ ਗੱਲ ਤਾਂ ਇਹ ਹੈ ਫੱਗੂ ਆਪਾਂ ਤੋਂ ਰਿਹਾ ਨਹੀਂ ਗਿਆ । ਮੈਂ ਤਾਂ ਸਾਰੀ ਗੱਲ ਮਜ਼ਦੂਰਾਂ ਨੂੰ ਜਾ ਦੱਸੀ ਕਿ ਚਾਚਾ ਰੂੜਾ ਐਉਂ ਬੇਈਮਾਨੀ ਕਰਦੈ ।

ਕਰਮੋਂ : (ਫਿਰਦੀ ਫਿਰਦੀ ਕੋਲ ਆ ਕੇ) ਪੁੱਤ, ਕੀ ਗੱਲ ਸੀ ? ਇੰਚ ਦੋ ਇੰਚ ਨਾਲ ਕੀ ਫਰਕ ਪੈਂਦੀ ਸੀ, ਤੈਂ ਕਾਹਨੂੰ ਆਪਣੇ ਸਿਰ ਲੈਣੀ ਸੀ ? (ਬੰਤੋ ਚਾਹ ਦੀ ਗੜਵੀ ਤੇ ਦੋ ਕੌਲੀਆਂ ਸਾਹਮਣੇ ਰੱਖ ਕੇ ਇਕ ਪਾਸੇ ਖੜੋਅ ਜਾਂਦੀ ਹੈ—ਜਦੋਂ ਕਰਮੋਂ ਦੀ ਗੱਲ ਸੁਣਦੀ ਐ ਤਾਂ ਮੱਥੇ ਵਿਚ ਵੱਟ ਪਾ ਕੇ ਅਪਣੀ ਚੁੰਨੀ ਦੇ ਲੜ ਨੂੰ ਉਂਗਲੀ ਨਾਲ ਲਪੇਟਦੀ ਹੋਈ ਆਪਣੇ ਆਪ ਹੀ ਗਰਦਨ ਨੂੰ ਹਿਝੌਕਾ

ਮਾਰ ਕੇ ਕਹਿੰਦੀ ਹੈ) ਹੂੰ ! ਇੰਚ ਦੋ ਇੰਚ ਮਿਣਤੀ ਨਾਲ ਕੀ ਫਰਕ ਪੈਂਦਾ ਏ, ਵੀਰਾ ਕਿਤੇ ਕਮਲਾ ਸੀ ?

ਬੰਤੂ : (ਕੌਲੀ ਵਿਚ ਚਾਹ ਪਾ ਕੇ ਫੜੌਂਦਾ ਹੋਇਆ) ਫੱਗੂ ਮਾਂ ਨੂੰ ਕੀ ਪਤਾ ਐ ਕਿ ਇੰਚ ਇੰਚ ਦੇ ਵਾਧੇ ਘਾਟੇ ਨਾਲ ਇਹ ਠੇਕੇਦਾਰ ਹਜ਼ਾਰਾਂ ਦੀ ਹੇਰਾਫੇਰੀ ਕਰ ਜਾਂਦੇ ਨੇ। ਏਦੂੰ ਬਿਨਾਂ ਨਿਕੀਆਂ ਨਿਕੀਆਂ ਗੱਲਾਂ ਉੱਤੇ ਜੁਰਮਾਨੇ ਤੇ ਦਿਹਾੜੀਆਂ ਕੱਟ ਲੈਂਦੇ ਨੇ। ਵਿਚਾਰੇ ਗਰੀਬ ਤੇ ਬੇਰੁਜ਼ਗਾਰੀ ਤੋਂ ਡਰਦੇ ਸਭ ਕੁਝ ਕੌੜਾ ਘੁੱਟ ਕਰਕੇ ਪੀ ਜਾਂਦੇ ਨੇ।

ਫੱਗੂ : ਪਰ ਬ...ਬੰਤੂ ਹ...ਹੁਣ ਤ...ਤਾਂ ਅ...ਅੱਤ ਹੋ ਗ...ਗਈ ਅ...ਅੱਤ, ਅ...ਅੱਜ ਨ...ਨਿੱਕੀ ਜ...ਜਿਹੀ ਗ.. ਗੱਲ ਤ...ਤੋਂ... ਤ.. ਤੈਨੂੰ ਕ ਕੰਮੋਂ ਹ ਹਟਾ ਦਿੱਤਾ, ਹ...ਹੁਣ ਘ.. ਘਰ ਦ...ਦਾ ਖ ਖਰਚ ਕ...ਕਿਵੇਂ ਚ .. ਚਲੂਗਾ ? ਸ ਸਾਰੀ ਟੱ...ਟੱਬਰੀ ਦ ..ਦਾ ਬੋ...ਬੋਝ ਤ .ਤੇਰੇ ਸ ਸਿਰ ਤ . ਤੇ ਐ।

ਰਾਮੂ : (ਇਕ ਗੁਆਂਢੀ ਮਜ਼ਦੂਰ ਫਟੇ ਪੁਰਾਣੇ ਤੇ ਮੈਲੇ ਕੱਪੜੇ—ਆਵਾਜ਼ ਮਾਰਦਾ ਹੋਇਆ) ਸੁਣਾ ਬਈ ਬੰਤੂ, ਫੇਰ ਰੂੜ ਨੇ ਓਹੋ ਕੀਤੀ ਨਾਂ ਜਿਹੜੀ ਨਹੀਂ ਸੀ ਕਰਨੀ ਚਾਹੀਦੀ।

ਬੰਤੂ : ਉਸਦੀ ਮਰਜੀ, ਮੈਂ ਤਾਂ ਉਸ ਦਾ ਮਾੜਾ ਨਹੀਂ ਨਾ ਕੀਤਾ।

ਰਾਮੂ : ਬੰਤੂ ਤੂੰ ਤਾਂ ਬੜਾ ਸਿਆਣੈਂ, ਗਭਰੂ ਐਂ ਥੋੜਾ ਬਹੁਤ ਪੜ੍ਹਿਆ ਹੋਇਐਂ ਕੋਈ ਹੋਰ ਕੰਮ ਕਾਰ ਕਰ ਵੇਖ, ਬੰਨ੍ਹਿਆਂ ਤਾਂ ਨਹੀਂ ਨਾਂ ਕਿ ਸਾਰੀ ਉਮਰ ਰੂੜੇ ਦਾ ਗੁਲਾਮ ਹੀ ਬਣਿਆਂ ਰਹੇਂ ?

ਬੰਤੂ : ਤੈਨੂੰ ਪਤਾ ਐ, ਰਾਮੂ ! ਚਾਚੇ ਰੂੜੇ ਦੀ ਮਿੰਨਤ ਤਾਂ ਮੈਂ ਓਦੋਂ ਕੀਤੀ ਸੀ ਜਦੋਂ ਸਾਰੇ ਪਾਪੜ ਵੇਲ ਕੇ ਦੇਖ ਲਏ ਸੀ। ਰਿਕਸ਼ਾ ਚਲਾਉਣ ਦੀ ਮੈਂ ਕੋਸ਼ਿਸ਼ ਕੀਤੀ, ਉਸਦਾ ਲਾਇਸੈਂਸ ਹੀ ਨਾ ਮਿਲਿਆ। ਖੱਦਰ ਭੰਡਾਰ ਵਿਚ ਨੌਕਰੀ ਕੀਤੀ ਤਾਂ ਉਥੋਂ ਦਾ ਇਨਚਾਰਜ ਲੋਕਾਂ ਦਾ ਸੂਤ ਲੈ ਕੇ ਪੱਤਰਾ ਵਾਚ ਗਿਆ। ਉਹ ਮਾੜਾ ਪੁਆੜਾ ਵੀ ਮੇਰੇ ਗਲ ਪੈਣ ਲੱਗਿਆ ਸੀ, ਮਸਾਂ ਮਸਾਂ ਪੰਦਰਾਂ ਰੁਪਏ ਦ ਕੇ ਖੁਲਾਸੀ ਕਰਾਈ। ਦੁਕਾਨ ਪਾਈ ਤਾਂ ਉਸਦਾ ਉਧਾਰ ਹੀ ਨਾ ਮੁੜਿਆ। ਨਾਲੇ ਤੈਨੂੰ ਪਤਾ ਥੋੜੀ ਪੂੰਜੀ ਵਾਲੇ ਦਾ ਦੁਕਾਨ ਵਿਚ ਬਣਦਾ ਵੀ ਕੁਝ ਨਹੀਂ। ਬੱਸ ਕੀ ਕੀ ਦੱਸਾਂ, ਰੋਟੀ ਲਈ ਸਾਰੇ ਖੂੰਜੇ ਫੋਲ ਮਾਰੇ।

ਰਾਮੂ : (ਬੰਤੀ ਚ ਹ ਵਾਲੇ ਭਾਂਡੇ ਚੁੱਕਣ ਆਉਂਦੀ ਹੈ ਤੇ ਉਸ ਨੂੰ ਦੇਖ ਕੇ) ਮੁੰਨੀ ਦੀ ਪੜ੍ਹਾਈ ਦਾ ਕੀ ਹਾਲ ਹੈ, ਠੀਕ ਚੱਲ ਰਹੀ ਹੈ, ਪਾਸ...

ਫੱਗੂ : (ਆਪਣੀ ਕਠੌੜੀ ਚੁਕਦਾ ਹੋਇਆ, ਬੰਤੂ ਵੱਲ ਇਸ਼ਾਰਾ ਕਰਕੇ) ਬ...ਬੰਤੂ ਮ . ਮੈਂ ਤ ਤਾਂ ਭ...ਭੁਲ ਹ...ਹੀ ਗ...ਗਿਆ ਗ...ਗੱਲੀਂ ਪ.. ਪੈ ਕੇ। ਤ...ਤੁਸੀਂ ਗ...ਗੱਲਾਂ ਕ...ਕਰੋ, ਮ ਮੈਂ ਸ...ਸਿਆਪੇ ਵ ਵਾਲਿਆਂ ਦ.. ਦਾ



ਪ.. ਪਤਾ ਲ.. ਲਿਆਵਾਂ। (ਬਿਨਾਂ ਜਵਾਬ ਲਿਆਂ ਹੀ ਤੁਰ ਜਾਂਦਾ ਹੈ)

ਬੰਤੂ : ਆਹੋ ਰਾਮੂ ਪੜ੍ਹਾਈ ਤਾਂ ਚੰਗੀ ਚਲ ਰਹੀ ਹੈ। ਪਰ ਰੁਜ਼ਗਾਰ ਖੁਸਣ ਕਰਕੇ ਫੀਸ ਤੇ ਹੋਰ ਕਿਤਾਬਾਂ ਦਾ ਖਰਚ ਕਿਥੋਂ ਪੂਰਾ ਕਰਾਂ ? ਕਈ ਵਾਰੀ ਸੋਚਦਾਂ ਬਈ ਪੜ੍ਹਾਈ ਬੰਦ ਕਰਵਾ ਦਿਆਂ, ਪਰ ਫੇਰ ਬਾਪੂ ਦਾ ਕਹਿਣਾ ਯਾਦ ਆ ਜਾਂਦੈ। ਉਹ ਤਾਂ ਬੀ ਏ. ਪਾਸ ਕਰਾਉਣਾ ਚਾਹੁੰਦਾ ਸੀ, ਦੋਹਾਂ ਨੂੰ। ਮੈਂ ਤਾਂ ਭਲਾ ਰਹਿ ਹੀ ਗਿਆ, ਮੁੰਨੀ ਤਾਂ ਦਸ ਕਰ ਲਵੇ। ਪੜ੍ਹਨ ਨੂੰ ਹੁਸ਼ਿਆਰ ਹੈ, ਪੜ੍ਹਨ ਵਿਚ ਉਸਦਾ ਦਿਲ ਵੀ ਬੜਾ ਲੱਗਦੈ।

ਰਾਮੂ : ਗੱਲ ਤਾਂ ਚੰਗੀ ਹੈ ਪਰ ਪ...ਰ (ਕੁਝ ਕਹਿਣਾ ਚਾਹੁੰਦਾ ਹੈ ਪਰ ਰੁਕ ਕੇ ਗੱਲ ਪਲਟਾਉਂਦਾ ਹੋਇਆ) ਪੜ੍ਹਾਈ ਦਾ ਖਰਚ ਕਿਵੇਂ ਚੱਲੂਗਾ ?

ਬੰਤੂ : (ਜ਼ਰਾ ਗੰਭੀਰ ਹੋ ਕੇ) ਖਰਚ ਵਰਚ ਦਾ ਮਸਲਾ ਤਾਂ ਬੜਾ ਟੇਢਾ ਏ ਰਾਮੂ। ਮੇਰਾ ਤੇ ਮਾਂ ਦਾ ਵੀ ਖਿਆਲ ਹੈ ਕਿ ਬੰਤੀ ਨੂੰ ਦਸ ਜਮਾਤਾਂ ਤਾਂ ਔਖੇ ਸੌਖੇ ਕਰਾ ਹੀ ਦੇਈਏ, ਫੇਰ ਕਿਧਰੇ ਮਾਸਟਰੀ ਦੀ ਨੌਕਰੀ ਤੇ ਲੁਆ ਹੀ ਦੇਈਏ। ਏਸ ਤਰ੍ਹਾਂ ਉਹ ਅਪਣਾ ਖਰਚ ਵੀ ਚਲਾ ਲਵੇਗੀ ਤੇ ਉਸ ਨੂੰ ਪੜ੍ਹਾਈ ਕਰਨ ਦਾ ਮੌਕਾ ਵੀ ਮਿਲ ਜਾਵੇਗਾ। ਬੰਤੀ ਵੀ ਇਸ ਗੱਲ ਤੇ ਖੁਸ਼ ਹੈ।

ਰਾਮੂ : (ਕਰਮੋਂ ਵੱਲ ਟੇਢੀ ਅੱਖ ਵੇਖ ਕੇ) ਬਈ ਸੱਚੀ ਗੱਲ ਐ ਬੰਤੂ ! ਮੈਂ ਤਾਂ ਇਹ ਗੱਲ ਨਹੀਂ ਮੰਨਦਾ। ਨੌਕਰੀ ਕਰਾਉਣ ਨਾਲੋਂ ਤਾਂ ਪੜ੍ਹਾਉਣੋਂ ਹੀ ਹਟਾ ਲੈ।

ਬੰਤੂ : (ਰਾਮੂ ਵੱਲ ਹੈਰਾਨੀ ਨਾਲ ਵੇਖਕੇ) ਹੈਂ, ਹੈਂ ! ਇਹ ਕੀ ਗੱਲ ਹੋਈ ਰਾਮੂ ? ਤੇ ਤੂੰ ਹੀ ਤਾਂ ਬਾਪੂ ਨੂੰ ਕਹਿੰਦਾ ਹੁੰਦਾ ਸੀ ਕਿ ਬੰਤੂ ਤੇ ਬੰਤੀ ਨੂੰ ਜ਼ਰੂਰ ਪੜ੍ਹਾਉਣਾ ਏ, ਤਾਇਆ ਅੱਜ ਤੂੰ ਹੀ ਪੜ੍ਹਾਈ ਬੰਦ ਕਰਨ ਦੀ ਸਲਾਹ ਦੇਂਦਾ ਏਂ।

ਰਾਮੂ : ਬੰਤੂ ਤੂੰ ਮੇਰੇ ਛੋਟੇ ਭਾਈਆਂ ਵਰਗਾ ਏਂ। ਮੁੰਨੀ ਮੈਨੂੰ ਸਕੀਆਂ ਭੈਣਾਂ ਵਰਗੀ ਪਿਆਰੀ ਹੈ। ਮੈਂ ਚਾਹੁੰਦਾ ਸੀ ਕਿ ਉਹ ਪੜ੍ਹੇ ਲਿਖੇ ਤੇ ਕਿਤੇ ਚੰਗੇ ਕਿੱਤੇ ਲੱਗੇ, ਪਰ ਸੱਚੀ ਦੱਸ।

ਬੰਤੂ : ਦੱਸ ਵੀ ਕੀ ਗੱਲ ਐ। ਐਵੇਂ ਲੰਮੀਆਂ ਬੁਝਾਰਤਾਂ ਨਾ ਪਾਇਆ ਕਰ।

ਰਾਮੂ : ਕੀ ਦੱਸਾਂ ? ਮੈਂ ਅੱਜ ਈ ਪਟਿਆਲੇ ਤੋਂ ਆਇਆ ਹਾਂ। ਗੱਡੀ ਵਿਚ ਆਮ ਗੱਲਾਂ ਵਿਚੋਂ ਗੱਲਾਂ ਚੱਲ ਹੀ ਪੈਂਦੀਆਂ ਨੇ, ਇਕ ਕਹਿਣ ਲੱਗਾ ਕਿ ਪੜ੍ਹਾਉਣ ਵਾਲੀਆਂ ਕੁੜੀਆਂ ਨੇ ਇਕ ਜਲਸੇ ਵਿਚ ਪ੍ਰਚਾਰ ਕੀਤਾ ਕਿ "ਲੋਕੋ ਇਹ ਵਜ਼ੀਰ ਜਿਹੜਾ ਤੁਹਾਥੋਂ ਵੋਟ ਮੰਗਦਾ ਏ, ਬੜਾ ਬਦਮਾਸ਼ ਤੇ ਚਾਲ ਚਲਣ ਦਾ ਬੜਾ ਗੰਦਾ ਹੈ। ਨੌਕਰੀ ਦੇ ਝਾਂਸੇ ਵਿਚ ਗਰੀਬ ਕੁੜੀਆਂ ਦੀ ਇਜ਼ਤ ਲੁਟਦਾ। ਅਸੀਂ ਵੀ ਤੁਹਾਡੀਆਂ ਹੀ ਧੀਆਂ ਭੈਣਾਂ ਹਾਂ। ਬਹੁਤਾ ਕੀ ਦੱਸੀਏ, ਸਾਡੀ ਗੱਲ ਨੂੰ ਸੱਚ ਜਾਣਿਉਂ। ਏਦੂੰ ਵੱਧ ਅਸੀਂ ਦੱਸਣ ਜੋਗੀਆਂ ਵੀ ਨਹੀਂ।"

ਬੰਤੂ : ਗੱਲ ਤਾਂ ਤੇਰੀ ਠੀਕ ਹੈ ਰਾਮੂ, ਪੈਪਸੂ ਵਿਚ ਇਕ ਬੀ. ਡੀ. ਓ. ਨੇ ਵੀ ਤਾਂ ਕੁੜੀਆਂ ਦੇ ਜੀਵਨ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਏਥੇ ਤਾਂ

ਕਮਿਊਨਿਸਟ, ਕਾਂਗਰਸੀਏ, ਜਨ ਸੰਘੀਏ ਤੇ ਹੋਰ ਸਾਰੇ ਲੋਕਾਂ ਨੇ ਇਸ ਗੱਲ ਨੂੰ ਆਪਣੀ ਸਾਂਝੀ ਇਜ਼ਤ ਦਾ ਸੁਆਲ ਬਣਾ ਲਿਆ ਸੀ ਤਾਂ ਕਿਤੇ ਜਾ ਕੇ ਉਸਦੀ ਮਸਾਂ ਮਸਾਂ ਪੜਤਾਲ ਹੋਣ ਲੱਗੀ ਐ । ਜਥੇਬੰਦੀ ਨੇ ..

ਰਾਮੂ : (ਵਿਚੋਂ ਹੀ ਗੱਲ ਟੋਕ ਕੇ) ਇਹ ਤਾਂ ਕੁੜੀਆਂ ਨੂੰ ਵੀ ਚਾਹੀਦਾ ਹੈ ਅਪਣੀ ਜਥੇਬੰਦੀ ਤਕੜੀ ਕਰਨ ਤਾਂ ਇਹ ਬਦਮਾਸ਼ ਛੇਤੀ ਸਿੱਧੇ ਹੋ ਸਕਦੇ ਨੇ। ਕੁੜੀਆਂ ਵੀ ਤਾਂ ਅਪਣੀ ਇਜ਼ਤ ਆਪ ਬਚਾਉਣੀ ਸਿਖਣ ।

ਬੰਤੂ : ਗੱਲ ਤਾਂ ਅਸਲੀ ਇਹ ਐ, ਕੁੜੀਆਂ ਪੜ੍ਹਨੋਂ ਕਿਉਂ ਹਟਣ ? (ਬੰਤੀ ਆਪਣੀਆਂ ਕਿਤਾਬਾਂ ਸਾਂਭ ਕੇ ਬੰਤੂ ਨੂੰ ਸੰਬੋਧਨ ਕਰਦੀ ਹੋਈ) ਵੀਰਿਆ ਰਾਮੂ ਵੀਰੇ ਨੂੰ ਚਾਹ ਲਿਆਵਾਂ ?

ਫੱਗੂ : ਬ...ਬੱਸ ਬ...ਬੰਤੂ ਹੱ...ਹੱਦ ਹੋ ਗ...ਗਈ। ਥੋ...ਡੇ ਗ...ਗੈਂ ਗ ਦੇ ਸ... ਸਾਰੇ ਮ . ਮਜ਼ਦੂਰ ਸਿ.. ਸਿਆਪਾ ਕ...ਕਰਦੇ ਕ...ਕਰਦੇ ਡੀ. ਸੀ. ਕੋਲ ਗ... ਗਏ । ਉ...ਉਸਨੇ ਮਿ...ਮਿਣਤੀ ਤੇ ਹਿ...ਹਿਸਾਬ ਕਿ ..ਕਿਤਾਬ ਦੁ...ਦੁਬਾਰਾ ਕਰਾਇਆ । ਮ.. ਮਜ਼ਦੂਰ ਸੱ ਸੱਚੇ ਨਿ...ਨਿੱਕਲੇ । ਡ...ਡੀ. ਸੀ. ਸਾ ਹਿਬ ਨੇ ਠ . ਠੇਕਾ ਮ ਮਨਸੂਖ ਕ...ਕਰਕੇ ਰ...ਰੂੜੇ ਨੂੰ ਵ...ਵੀ ਹ...ਹਟਾ ਦ... ਦਿੱਤਾ ਤ . ਤੇਰੀ ਨ.. ਨੌਕਰੀ ਬ...ਬਹਾਲ ਕ...ਕਰ ਦਿ ..ਦਿੱਤੀ ।

(ਅੰਦਰੋਂ ਬੰਤੀ ਤੇ ਉਸਦੀ ਮਾਂ ਦੋਨੋਂ ਉਸ ਨੂੰ ਚੰਬੜ ਜਾਂਦੀਆਂ ਹਨ—ਫੇਰ ਬੰਤੀ ਖੁਸ਼ੀ ਵਿਚ ਟੱਪਣ ਲੱਗ ਜਾਂਦੀ ਹੈ ।

(ਪਰਦਾ)



# ਦੁੱਖੜੇ ਉਮਰਾਂ ਦੇ

## ਪ੍ਰੀਤ ਮਹਿੰਦਰ ਸੇਖੋਂ

ਪ੍ਰੀਤ ਮਹਿੰਦਰ ਸੇਖੋਂ ਪੰਜਾਬੀ ਦਾ ਨਵਾਂ ਨਾਟਕਕਾਰ ਹੈ ਅਤੇ ਜੀਵਨ ਦਾ ਬਹੁਤ ਯਥਾਰਥਕ ਚਿਤਰ ਪੇਸ਼ ਕਰਦਾ ਹੈ । ਸੇਖੋਂ ਦਾ ਨਾਟਕ ਉਸ ਅੰਦਰਲੇ ਸੁਚੇਤ ਰੰਗਕਰਮੀ ਅਤੇ ਗੰਭੀਰ ਜੀਵਨ-ਪਾਠਕ ਹੋਣ ਦੇ ਸਪਸ਼ਟ ਸੰਕੇਤ ਦੇਂਦਾ ਹੈ । ਪੰਜਾਬੀ ਨਾਟਕ ਅਤੇ ਰੰਗ-ਨੂੰ ਉਸ ਤੋਂ ਇਸ ਨਾਲੋਂ ਵੀ ਵਡੇਰੀ ਉਮੀਦ ਹੈ । ਉਹ ਪੰਜਾਬੀ ਨਾਟਕਕਾਰੀ ਵਿਚ ਇਕ ਨਵਾਂ ਝੰਡਾ ਗੱਡ ਸਕਦਾ ਹੈ ।

ਪਾਤਰ : ਮਾਂ, ਬਾਪੂ, ਧੀਰਾ, ਲੱਖਾ, ਗੁਆਂਢਣ, ਪਹਿਲਾ ਆਦਮੀ, ਦੂਸਰਾ ਆਦਮੀ, ਤਾਰੋ, ਹਜ਼ਾਰਾ ਸਿੰਘ, ਸ਼ਿੰਦਰ, ਧੀਰੇ ਦੀ ਨੂੰਹ, ਸ਼ੀਰਾ ਅਤੇ ਬੀਰਾ ।

[ਧੀਰੇ ਦੀ ਮਾਂ ਅਤੇ ਬਾਪੂ ਆਪਸ ਵਿੱਚ ਗੱਲਬਾਤ ਕਰ ਰਹੇ ਹਨ]

ਮਾਂ : ਤੈਨੂੰ ਪਤੈ ਧੀਰੇ ਦੇ ਬਾਪੂ. ਜੇ ਐਸ ਸਾਲ ਕੁੜੀਆਂ ਦਾ ਵਿਆਹ ਨਾ ਕੀਤਾ ਤਾਂ ਲੋਕ ਕੀ ਕਹਿਣਗੇ . ਪਰ ਤੈਨੂੰ ਕੀ ਪਰਵਾਹ ਐ ਕੁਸ ਵੀ ਹੁੰਦਾ ਫਿਰੇ, ਤੇਰੀ ਤਾਂ ਚਿਲਮ ਤੱਤੀ ਹੋਣੀ ਚਾਹੀਦੀ ਐ ਬਾਸ .. . ।

ਬਾਪੂ : (ਚਿਲਮ ਪੀਂਦਾ ਹੋਇਆ) ਤੂੰ ਸਿਆਣੀ ਐ ਭਾਗਵਾਨੇ, ਮੈਂ ਵੀ ਤਾਂ ਉਨਾਂ ਚਿਰ ਈ ਤੱਤਾ ਆਂ ਜਿੰਨਾਂ ਚਿਰ ਤੱਕ ਮੇਰੀ ਚਿਲਮ ਤੱਤੀ ਐ... ।

ਮਾਂ : ਚੰਗਾ ਤੱਤਾ ਐਂ ਤੂੰ, ਸਾਰਾ ਦਿਨ ਮੰਜੇ ਨਾਲ ਜੁੜਿਆ ਰਹਿਨੈ... ਜੇ ਤੇਰੇ 'ਚ ਕੁਸ ਕੱਢਣ ਪਾਉਣ ਨੂੰ ਹੁੰਦਾ ਤਾਂ, ਅੱਜ ਨੂੰ ਕਦੋਂ ਦੀਆਂ ਕੁੜੀਆਂ ਬਾਹੋਂ ਉਠਾਈਆਂ ਹੁੰਦੀਆਂ... ਤੈਂ ਤਾਂ ਜਿੰਨਾਂ ਵੱਟਿਆ ਬਸ ਨਸ਼ਿਆਂ 'ਚ ਉਡਾ 'ਤਾ... ਹੁਣ ਜਦੋਂ ਕੁੜੀਆਂ ਦਾ ਪਹਾੜ ਜਿੱਡਾ ਖਰਚ ਸਿਰ ਤੇ ਖੜੈ, ਤੇਰੇ ਕੋਲੇ ਕੀ ਜੂੰਆਂ ਨੇ ਵਿਆਹ ਤੇ ਲਾਉਣ ਨੂੰ ?

ਬਾਪੂ : ਬਾਹਲਾ ਅਬਾ- ਤਬਾ ਨਾ ਬੋਲ ਧੀਰੇ ਦੀ ਬੇਬੇ, ਮੇਰੇ ਕੋਲੇ ਦਸ ਕਿੱਲੇ ਭੋਇੰ ਸੀ ਤੇ ਦਸ ਦੀ ਦਸ ਉਮੇਂ ਜਿਮੇਂ ਕੋਮ ਹੈਗੀਆ . ਫੇਰ ਦਸ ਮੈਂ ਨਸ਼ਿਆਂ 'ਚ ਕੀ ਉਡਾ ਤਾ ?

ਮਾਂ : (ਤਿੜਕ ਕੇ) ਹੁਣ ਲਾ ਦੇ ਫੇਰ ਦਸਾਂ ਨੂੰ ਅੱਗ, ਟਿਕ ਕੇ ਕਿਉਂ ਬੈਠੈਂ ?

ਬਾਪੂ : ਹੂੰ ਅੱਗ ਲਾ ਕੇ ਈ ਤਮਾਸ਼ਾ ਦੇਖਿਆ ਜਾਊ ਕਮਲੀਏ ।

ਮਾਂ : ਤੇ ਮੁੰਡੇ ਨੂੰ ਸੀਰੀ ਰਲਾ ਦੇਈਂ ਸਰਦਾਰਾਂ ਨਾਲ ।

ਬਾਪੂ : ਜਿਹੋ ਜਿਹੇ ਮੁੰਡੇ ਦੇ ਲੱਛਣ ਹੋਏ ਉਹੋ ਜਿਹਾ ਉਹ ਆਪੇ ਕਰ ਲੂਗਾ ।

ਮਾਂ : ਜਿਮੇਂ ਮਰਜ਼ੀ ਐ ਕਰ ਪਰ ਤੈਨੂੰ ਦੱਸ ਦਿਆਂ, ਐਸ ਹਾੜ੍ਹ ਤੇ ਕੁੜੀਆਂ ਦੇ ਆਨੰਦ ਜ਼ਰੂਰ ਹੋਣੇ ਚਾਹੀਦੇ ਐ... ਮੈਥੋਂ ਨੀਂ ਹਾਰੀ ਸਾਰੀ ਦੀਆਂ ਗੱਲਾਂ

ਸੁਣੀਆਂ ਜਾਂਦੀਆਂ ।

ਬਾਪੂ : (ਠਰੰਮੇ ਨਾਲ) ਤੂੰ ਸੰਸਾ ਨਾ ਕਰ... ਮੈਂ ਸਾਰੀ ਖਿੱਦੋ ਮੜ੍ਹੀਂ ਬੈਠਾਂ ।

ਮਾਂ : (ਨਰਮ ਹੁੰਦੀ ਹੋਈ) ਕੁਸ ਮੈਨੂੰ ਵੀ ਦੱਸ ਕਿ 'ਕੱਲਾ ਈ ਖੇਡੇਂਗਾ ?

ਬਾਪੂ : ਤੂੰ ਤਾਂ ਹੁਣ ਬਾਹਲਾ ਰੌਲਾ ਪਾਈ ਜਾਨੀਂ ਐਂ, ਐਡੀ ਦੂਰ ਖੜੀ ਨੂੰ ਕੀ ਦੱਸਾਂ ? ...ਇਹ ਪੜਦੇ ਦੀਆਂ ਗੱਲਾਂ ਹੁੰਦੀਆਂ ਨੇ... ਇਨ੍ਹਾਂ ਵਾਸਤੇ ਢੋਲ ਨੀਂ ਵਜਾਏ ਜਾਂਦੇ । ਤੂੰ ਨੇੜੇ ਹੋ ਕੇ ਸ਼ਾਂਤੀ ਨਾਲ ਸੁਣ, ਐਮੇਂ ਦੂਰ ਬੈਠੀ 'ਵੱਢੂੰ-ਖਾਊਂ' ਕਰੀ ਜਾਨੀ ਐਂ... ।

(ਧੀਰੇ ਦੀ ਮਾਂ ਉੱਠ ਕੇ ਬਾਪੂ ਕੋਲ ਆਉਂਦੀ ਹੈ)

ਮਾਂ : ਹਾਂ ਦੱਸ, ਕਿਹੜੀ ਪੜਦੇ ਦੀ ਗੱਲ ਦੱਸਦੈਂ (ਰੜਕਾ ਕੇ) ਅਮਲੀਆ !

ਬਾਪੂ : (ਖਿਝ ਕੇ) ਫੇਰ ਤੇਰੀ ਪੁਠਾ ਬੋਲਣ ਦੀ ਆਦਤ ਨ੍ਹੀ ਜਾਂਦੀ ।

ਮਾਂ : (ਹੱਸ ਕੇ) ਕਿਉਂ ਅਮਲੀ 'ਕਿਹੈ, ਕੋਈ ਗਾਲ੍ਹ ਤਾਂ ਨ੍ਹੀਂ ਕੱਢੀ ?

ਬਾਪੂ : (ਮੱਛਰ ਕੇ) ਓਏ ਤੂੰ ਗਾਲ੍ਹ ਕੱਢ ਲੈ, ਕਰ ਲੈ ਆਬਦਾ ਰਾਂਝਾ ਰਾਜੀ !

ਮਾਂ : ਮਖਿਆਂ ਤੂੰ ਟਾਲ਼ ਨਾਂ, ਦੱਸ ਗੱਲ ਛੇਤੀ ਨਾਲ, ਫੇਰ ਗੁੱਡੀ ਹੋਰੀਆਂ ਆਉਣ ਆਲੀਆਂ ਨੇ ਖੇਤੋਂ... ਜਵਾਨ ਜਹਾਨ ਕੁੜੀਆਂ ਮੂਹਰੇ ਗੱਲ ਕਰਦਿਆਂ ਨੂੰ ਊਂ ਸੰਗ ਲੱਗਦੀ ਐ ।

ਬਾਪੂ : (ਹੌਲੀ ਅਵਾਜ਼ ਵਿੱਚ) ਮੈਂ ਗੱਲ ਕੀਤੀ ਸੀ ਹਜਾਰਾ ਸਿਹੁੰ ਨਾਲ ।

ਮਾਂ : ਕਾਹਦੀ ?

ਬਾਪੂ : ਆਹੀ ਜਮੀਨ ਦੀ, ਬੜਾ ਔਖਾ ਹੋ ਕੇ ਮਸਾਂ ਉਹਨੂੰ ਹਜਾਰ ਰੁਪਈਏ ਕਿੱਲੇ ਤੇ ਮਨਾਇਆ .. ਅੱਠ ਸੌ ਤੋਂ ਵਧਦਾ ਈ ਨ੍ਹੀਂ ਸੀ ਪਤੰਦਰ ਹੁਣ ਉਹ ਉਤਲੇ ਪੰਜ ਕਿੱਲਿਆਂ ਤੇ ਪੰਜ ਹਜਾਰ ਦੇਣ ਨੂੰ ਤਿਆਰ ਐ ਗਹਿਣੇ ਦਾ ਭਾਮੇਂ ਕੱਲ ਨੂੰ ਈ ਕਾਗਤ ਲਿਖਾ ਲਈਏ ।

ਮਾਂ : ਬੱਸ ਹੁਣ ਤੂੰ ਪਾਧਾ ਨਾ ਪੁੱਛ, ਪੰਜ ਹਜਾਰ ਨਾਲ ਦੋਹਾਂ ਵਿਆਹਾਂ ਦਾ ਕੰਮ ਸਰ ਜੂ ਮੁੰਡੇ ਦਾ ਕੀ ਐ, ਆਪੇ ਤਕੜਾ ਹੋ ਕੇ ਕਮਾਈ ਕਰੂ ਤੇ ਜਮੀਨ ਛੁਡਾ ਲਊ ।

ਬਾਪੂ : ਬੱਸ ਮੈਂ ਕੱਲ ਨੂੰ ਈ ਪਰਨੋਟ ਤੇ ਘੁੱਗੀ ਮਰਵਾ ਦਿੰਨਾਂ .

[ਚਿਲਮ ਦਾ ਲੰਮਾਂ ਸੂਟਾ ਖਿੱਚਦਾ ਹੈ]

O

[ਤੇਰਾਂ ਚੌਦਾਂ ਸਾਲ ਦੀ ਉਮਰ ਦਾ ਧੀਰਾ ਆਪਣੇ ਖੇਤਾਂ ਵਿੱਚ ਮੱਝਾਂ ਚਰਾ ਰਿਹਾ ਹੈ। ਧੀਰਾ ਕੋਈ ਗੀਤ ਗੁਣਗਣਾ ਰਿਹਾ ਹੈ । ਨੇੜੇ ਦੇ ਰਸਤੇ ਵਿੱਚ ਹਜਾਰਾ ਸਿੰਘ ਦਾ ਪੁੱਤਰ ਲੱਖਾ ਜਾ ਰਿਹਾ ਹੈ ।]

ਲੱਖਾ : (ਦੂਰੋਂ ਹੀ) ਦੇਖੀਂ ਓਏ ਧੀਰਿਆ ! ਕਿਤੇ ਡੰਗਰ ਪਰ੍ਹਾਂ ਤੂਤਾਂ ਆਲੇ ਵਾਹਣ



'ਚ ਨਾਂ ਵੜ ਜਾਣ ।

ਧੀਰਾ : ਮੈਨੂੰ ਕੁਸ ਸਮਝ ਨੀਂ ਆਈ ਤੇਰੀ ਗੱਲ ਦੀ ਬਈ... (ਮਜ਼ਾਕ ਨਾਲ) ਕਿਹੜੇ ਟੇਸ਼ਣ ਤੋਂ ਬੋਲਿਐਂ ?

ਲੱਖਾ : ਓਏ ਟੇਸ਼ਣ-ਟੂਸ਼ਣ ਕਿਹੜੇ ਨੇ ਧੀਰਿਆ, ਤੈਨੂੰ ਹੌਲੀ ਹੌਲੀ ਸਭ ਸਮਝ ਆ ਜੂ ।

ਧੀਰਾ : ਸਮਝ ਕੀ ਆ ਜੂ... ਤੂੰ ਮੈਨੂੰ ਮੇਰੇ ਖੇਤ 'ਚ ਵੜਨ ਤੋਂ ਈ ਰੋਕਦੈਂ ।

ਲੱਖਾ : (ਥੋੜਾ ਹੱਸ ਕੇ) ਹੂੰ .. ਤੇਰਾ ਖੇਤ... ਪਹਿਲਾਂ ਆਬਦੇ ਬਾਪੂ ਨੂੰ ਤਾਂ ਪੁੱਛ ਕੇ ਆ ਬੀ ਕਿਹੜਾ ਖੇਤ ਐ ਤੇਰਾ ।

ਧੀਰਾ : (ਹੈਰਾਨੀ ਨਾਲ) ਲੈ, ਬਾਪੂ ਨੂੰ ਪੁੱਛਣ ਆਲੀ ਕਿਹੜੀ ਗੱਲ ਐ, ਤੇਰੇ ਭਾ ਦੀ ਮੈਨੂੰ ਆਬਦੇ ਖੇਤ ਦਾ ਈ ਨ੍ਹੀਂ ਪਤਾ...ਤੂੰ ਸੁੱਕੀਓ ਈ ਤੂਤਾਂ ਆਲੇ ਕਿੱਲਿਆਂ ਤੇ ਮੋਰ ਮਾਰੀਂ ਜਾਨੈਂ... ਉਹ ਸਾਡੇ ਨੇ ਸਾਡੇ ਬਾਈ ।

ਲੱਖਾ : (ਥੋੜਾ ਗੰਭੀਰ ਹੋ ਕੇ) ਪਰ ਹੁਣ ਉਹ ਤੇਰੇ ਨੀਂ ਰਹੇ ਧੀਰਿਆ ।

ਧੀਰਾ : ਅੱਛਾ... ਹੁਣ ਕੀ ਹੋ ਗਿਆ, ...ਤੈਨੂੰ ਸ਼ੈਦ ਕੋਈ ਭਰਮ ਹੋ ਗਿਐ ।

ਲੱਖਾ : ਭਰਮ ਮੈਨੂੰ ਨ੍ਹੀਂ ਤੈਨੂੰ ਹੋਇਐ... ਬਿੱਲੀ ਦੇ ਕੰਨ ਵਰਗੇ ਸੌ ਸੌ ਦੇ ਪੰਜਾਹ ਨੋਟ ਫੜਾਏ ਨੇ ਤੇਰੇ ਬਾਪੂ ਨੂੰ... ਪੁੱਛ ਤਾਂ ਸਹੀ ਜਾ ਕੇ... ।

ਧੀਰਾ : (ਬੇਦਿਲਾ ਜਿਹਾ ਹੋ ਕੇ) ਬਸ ਪੁੱਛਣਾ ਕੀ ਐ... ਤੂੰ ਕਿਹੜਾ ਗੱਪ ਮਾਰਦੈਂ । ...ਕੋਈ ਨ੍ਹੀਂ ਬਾਈ, ਮੈਂ ਆਬਦੇ ਡੰਗਰ ਉਧਰ ਨ੍ਹੀਂ ਵੜ੍ਹਨ ਦਿੰਦਾ... ਤੂੰ ਚਿੰਤਾ ਛੱਡ ।

ਲੱਖਾ : ਕੋਈ ਨ੍ਹੀਂ ਜਾਰ, ਜਿੱਥੇ ਮਰਜੀ ਚਾਰ ਲੈ ਡੰਗਰ ਮੈਂ ਤਾਂ ਸਮਝਿਆ ਤੈਨੂੰ ਪਤਾ ਹੋਊ ਬੀ ਤੇਰੇ ਬਾਪੂ ਨੇ ਜ਼ਮੀਨ ਗਹਿਣੇ ਧਰੀ ਐ ।

ਧੀਰਾ : (ਝੂਠ ਬੋਲਦਾ ਹੋਇਆ) ਹਾਂ ਹਾਂ... ਰੈਅ ਜੀ ਤਾਂ ਕਰਦਾ ਸੀ, ਪਰ ਪੱਕਾ ਪਤਾ ਨ੍ਹੀਂ ਸੀ... ਕੁੜੀਆਂ ਦੇ ਵਿਆਹ ਕਰਕੇ ਕੁਸ ਹੱਥ ਤੰਗ ਸੀ ਉਹਦਾ ।

ਲੱਖਾਂ : ਹੂੰ... ਕੋਈ ਨ੍ਹੀਂ ਧੀਰਿਆ, ਦਿਲ ਰੱਖ, ਬੰਦਿਆਂ ਤੇ ਈ ਪੀੜਾਂ ਸੰਘੀੜਾਂ ਪੈਂਦੀਆਂ ਹੁੰਦੀਆਂ ਨੇ

[ਚਲਾ ਜਾਂਦਾ ਹੈ]

O

[ਰਾਤ ਨੂੰ ਦੀਵੇ ਦੀ ਮੱਧਮ ਲੋਅ ਵਿੱਚ ਧੀਰਾ ਆਪਣੇ ਬਾਪੂ ਕੋਲ ਬੈਠਾ ਹੈ]

ਧੀਰਾ : ਬਾਪੂ ਭਲਾ ਇਹ ਕਿੱਧਰ ਦੀ ਸਿਆਣਫ ਐ ਬੀ ਆਪਾਂ ਜਮੀਨ ਗਹਿਣੇ ਰੱਖ ਕੇ ਕੁੜੀਆਂ ਦੇ ਵਿਆਹ ਕਰੀਏ... ਜਮੀਨ ਧਰਨ ਤੋਂ ਪਹਿਲਾਂ ਮੈਥੋਂ ਤਾਂ ਮਾੜੀ-ਮੋਟੀ ਰੈਅ ਲੈ ਲੈਂਦਾ ।

ਬਾਪੂ : ਤੂੰ ਅਜੇ ਨਿਆਣੈਂ, ਤੈਨੂੰ ਪਤਾ ਨ੍ਹੀਂ ਕਬੀਲਦਾਰੀ ਦਾ... (ਥੋੜਾ ਹਰਖ ਕੇ) ਟਿਕ ਕੇ ਬੈਠਾ ਰਹਿ, ਕੁੜੀਆਂ ਕਿਤੇ ਸਾਰੀ ਉਮਰ ਏਥੇ ਤਾਂ ਨ੍ਹੀਂ ਬਠਾਈ

ਰੱਖਣੀਆਂ ਉਏ ਲੰਡੂਆ !... ਤੇਰੇ ਨਾਲ ਕੀ ਰੈਅ ਕਰਨੀ ਸੀ ਵੱਡੇ ਖੱਬੀ ਖਾਨ ਨਾਲ... ਤੇਰੇ ਕੋਲੇ ਦੱਸ ਕੀ ਖਜ਼ਾਨਾ ਦੱਬਿਆ ਪਿਐ ਬੀ ਕੱਢ ਕੇ ਫੜਾ ਦਿੰਦਾ ...ਹੂੰ, ਕੱਲ ਦੀ ਭੂਤਨੀ ਸਿਵਿਆਂ 'ਚ ਅੱਧ...।

ਧੀਰੂ : (ਕੁਰਖਤ ਆਵਾਜ਼ ਵਿਚ) ਨਾਂ ਅਹੇ ਜੇ ਤੂੰ ਦਮਾਂ ਦੇ ਲੋਭੀ, ਸਾਕ ਕਿਉਂ ਸਹੇੜੇ ਨੇ... ਤੇਰੇ 'ਚ ਜੇ ਕੁਸ ਦੇਣ ਦੀ ਤਾਗਤ ਨ੍ਹੀ ਸੀ ਤਾਂ ਉਨ੍ਹਾਂ ਪਤੰਦਰਾਂ ਨਾਲ ਕਿਉਂ ਮੱਥਾ ਲਾਇਆ...ਹੋਰ ਨ੍ਹੀ ਸੀ ਮਿਲਦਾ ਕੋਈ ?

ਬਾਪੂ : (ਉੱਚੀ) ਉਏ ਮੈਂ ਕਹਿਨਾਂ, ਤੇਰੇ ਪਿੰਡੇ ਤੇ ਦੱਸ ਕੀ ਕੁੱਤੇ ਮੱਖੀ ਬਹਿ ਗਈ, ਊਈਂ ਭੌਂਕੀਂ ਜਾਨੈਂ... ਮੇਰੀ ਜ਼ਮੀਨ ਐ ਤੇ ਮੇਰੀਆਂ ਈ ਕੁੜੀਆਂ ਨੇ ਤੂੰ ਕੌਣ ਹੁੰਨੈ ਵਿਚ ਫਾਨਾ ਲਾਉਣ ਆਲਾ ?

ਮਾਂ : (ਅਤਿਅੰਤ ਗੁੱਸੇ ਨਾਲ) ਵੇ ਤੈਨੂੰ ਬਾਰਾਂ ਤੇਰਾਂ ਸਾਲ ਤਾਂ ਹੀ ਪਲੋਸਿਆ ਸੀ ਬੀ ਤੂੰ ਆਬਦੇ ਬਾਪ ਮੂਹਰੇ ਬੋਲੇਂ ? ..ਨਿਪੁੱਤੇ ਦਿਆ ! ਰੱਬ ' ਹੱਥ ਕਾਸਨੂੰ ਦਿੱਤੇ ਨੇ, ਕੰਮ ਕਰੀਂ ਤੇ ਜਮੀਨ ਛੁਡਾ ਲਈਂ...ਕੁੜੀਆਂ ਤਾਂ ਹੁਣ ਖੱਬਿਉਂ-ਸੱਜਿਉਂ ਕਰ ਕੇ ਘਰੋਂ ਘਰੀਂ ਤੋਰਨੀਆਂ ਈ ਨੇ...ਨਾਲੇ ਅਹੇ ਜੇ ਟੈਮ ਤੇ ਤਾਂ ਦੁਨੀਆਂ ਈ ਕਰਦੀ ਐ ਜਮੀਨ ਗਹਿਣੇ...ਕੋਈ ਮਾੜਾ ਨ੍ਹੀ ਕਹਿੰਦਾ ਪਰ ਸ਼ਗਨ-ਸਾਹੇ ਦੇ ਕੰਮ 'ਚ ਨੰਨਾ ਪਾਉਣ ਵੇਲੇ ਤੇਰੀ ਜੀਭ ਕਿਉਂ ਨਾ ਵੱਢੀ ਗਈ ਵੇ ਕੜਮਿਆਂ...?

[ਧੀਰੂ ਚੁੱਪ ਚਾਪ ਉੱਠ ਕੇ ਬਾਹਰ ਨੂੰ ਤੁਰ ਪੈਂਦਾ ਹੈ। ਧੀਰੇ ਦਾ ਬਾਪੂ ਚਿਲਮ ਦਾ ਸੂਟਾ ਖਿੱਚਦਾ ਹੈ। ਕੰਧੋਲੀ ਤੇ ਪਿਆ ਦੀਵਾ ਹਵਾ ਨਾਲ ਬੁਝ ਜਾਂਦਾ ਹੈ]

O

[ਧੀਰੇ ਦਾ ਬਾਪੂ ਬਿਮਾਰੀ ਦੀ ਹਾਲਤ ਵਿਚ ਮੰਜੇ ਤੇ ਪਿਆ ਹੈ। ਉਹ ਕਦੇ ਕਦੇ ਜੋਰ ਨਾਲ ਖੰਘਦਾ ਹੈ। ਧੀਰੇ ਦੀ ਮਾਂ ਉਸ ਕੋਲ ਬੈਠੀ ਹੈ]

ਮਾਂ : ਆਖਿਆ ਤੂੰ ਹੁਣੇ ਦਾਰੂ ਲਈ ਐ, ਟੇਢਾ ਹੋ ਕੇ ਪੈ ਜਾ, ਸ਼ੈਦ ਖੰਘ ਰੁਕ ਜੇ।

ਬਾਪੂ : (ਔਖੇ ਸਾਹਾਂ ਨਾਲ ਖੰਘਦਾ ਹੋਇਆ) ਨਹੀਂ ਰੁਕਦੀ ਖੰਘ . ਨਾਲ ਈ ਜਾਊ ਹੱਡਾਂ ਦੇ...ਅੱਜ ਮੈਨੂੰ ਸਾਹ ਵੀ ਕੁਸ ਖਿੱਚਵਾਂ ਜ੍ਹਾ ਆਉਂਦੈ।

ਮਾਂ : (ਅਫਸੋਸ ਨਾਲ, ਸਿਰ ਹਿਲਾਉਂਦੀ ਹੋਈ) ਦੇਖ ਲੈ ਦਿਗ ਵਰਗੀ ਦੇਹ ਸੀ ਤੇਰੀ, ਜਿਹੜੀ ਹੁਣ ਪਾਈਏ ਦੀ ਰਹਿ ਗੀ...ਲੰਮਾ ਕੜੀ ਵਰਗਾ ਜੁਆਨ... ਜਦੋਂ ਮੈਂ ਵਿਆਹੀ ਆਈ ਸੀ...ਪਰ ਹੁਣ ਤੇਰੇ ਮੂੰਹ ਵਲੀਂ ਵੀ ਨ੍ਹੀਂ ਝਾਕਿਆ ਜਾਂਦਾ, ਡਰ ਲੱਗਦੈ ਦੇਖ ਕੇ...ਖਾ ਲਿਆ ਤੈਨੂੰ ਨਸ਼ਿਆਂ ਨੇ ..(ਰੋਂਦੀ ਹੋਈ) ਮੈਂ ਤਾਂ ਬਥੇਰਾ ਸਿਰ ਪਟਕ ਕੇ ਬੈਠ ਗਈ ਬੀ ਤੂੰ ਨਾ ਖਾ ਇਹ ਨਿਰੀ ਵਿਊ ਐ ਵਿਊ... ਪਰ ਤੈਂ ਮੇਰੀ ਇਕ ਨਾ ਸੁਣੀ...।

ਬਾਪੂ : ਬਸ ਧੀਰੇ ਦੀ ਮਾਂ ਬੱਸ, ਰੋ ਨਾਂ... ਮੈਨੂੰ ਔਖੇ ਨੂੰ ਹੋਰ ਔਖਾ ਨਾਂ ਕਰ .. ਮੈਨੂੰ ਕੋਈ ਭਜਨ ਪਾਠ ਸੁਣਾ ਦੇ...ਐਂ ਲੱਗਦੈ ਬੀ ਮੇਰੀ ਗੱਡੀ ਬੀ ਹੁਣ ਲੈਣ ਤੋਂ



ਲਹੀ ਖੜ੍ਹੀ ਐ

ਮਾਂ : (ਅੱਖਾ ਪੂੰਝਦੀ ਹੋਈ) ਰਾਮ ਰਾਮ ਕਹਿ.. ਅਹੇ ਜੇ ਬੋਲ ਨਾਂ ਬੋਲ ਤੜਕੇ ਤੜਕੇ.. ਸੁੱਖ ਰੱਖੇ ਰੱਬ...।

[ਗੁਆਂਢਣ ਆਉਂਦੀ ਹੈ]

ਗੁਆਂਢਣ : ਨੀ ਭੈਣੇਂ, ਤੇਜੂ ਦਾ ਤਾਇਆ ਕਿਮੇਂ ਐ ਹੁਣ ?

[ਗੁਆਂਢਣ ਧੀਰੇ ਦੇ ਬਾਪੂ ਵੱਲ ਘੁੰਡ ਕੱਢਦੀ ਹੈ]

ਮਾਂ : ਬਸ ਉੱਨੀ-ਇੱਕੀ ਦਾ ਫਰਕ ਐ...ਦਾਰੂ ਤਾਂ ਜਾਣੀ ਲੱਗਦੀ ਈ ਨ੍ਹੀਂ...।

ਗੁਆਂਢਣ : ਦਾਰੂ ਵੀ ਫੇਰ ਈ ਲੱਗਦੀ ਐ ਜੇ ਸਰੀਰ 'ਚ ਤੰਤ ਹੋਵੇ...ਸਰੀਰ 'ਚ ਤਾਂ ਪੰਜ ਪੱਤ ਨ੍ਹੀ ਦਾਰੂ ਕਿੱਥੋਂ ਲੱਗੇ। (ਧੀਰੇ ਦਾ ਬਾਪੂ ਖੰਘਦਾ ਹੈ)

ਮਾਂ : ਲੈ ਆਹ, ਜਾਇ ਖਾਣੀ ਖੰਘ ਨ੍ਹੀ ਇਹਦਾ ਪਿੱਛਾ ਛੱਡਦੀ...ਨਾਲੇ ਦਵਾ ਖਾਣ ਦਾ ਵੀ ਕੋਈ ਅੰਤ ਨ੍ਹੀਂ ਰਿਹਾ (ਹੋਕਾ ਲੈ ਕੇ)...ਮੇਰੀ ਤਾਂ ਕੱਲ੍ਹ ਦੀ ਸੱਜੀ ਅੱਖ ਫਰਕਦੀ ਐ...ਪਤਾਂ ਨ੍ਹੀ ਕੀ ਹੋਣ ਆਲੈ..।

ਗੁਆਂਢਣ : 'ਰੱਬ ਰੱਬ' ਕਰ ਨੀਂ ਭੈਣੇ...ਬੰਦਿਆਂ ਨੂੰ ਤਾਂ ਸੁੱਤਿਆਂ ਨੂੰ ਚਿਰ ਨਾਂ ਲੱਗੇ..।

ਮਾਂ : ਨਹੀਂ, ਹੁਣ ਤਾਂ ਮੈਨੂੰ ਇਹਦਾ ਹਾਲ ਈ ਦੱਸੀ ਜਾਂਦੈ...ਕੱਲ੍ਹ ਦੋ ਵਾਰੀ ਖੰਘਦਾ ਖੰਘਦਾ ਗੁੰਮ ਹੋ ਗਿਆ ਸੀ . ਮੈਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ...।

ਗੁਆਂਢਣ : ਖੰਘ ਛੱਡਦੀ ਐ, ਧੁੰਦਲਾ ਦਿੰਦੀ ਐ ਬੰਦੇ ਨੂੰ...ਕੱਲ ਫੇਰ ਜਦੋਂ ਤੇਜੂ ਦਾ ਤਾਇਆ ਗੁੰਮ ਹੋ ਗਿਆ ਸੀ ਤਾਂ ਭੀਖੀ ਲੈ ਜਾਣਾ ਸੀ ਡਾਗਟਰ ਕੋਲੇ...ਲੈ ਮੈਨੂੰ ਤਾਂ ਭੋਗਾ ਬਿੜਕ ਨੀਂ ਆਈ...ਕਿਹੜੇ ਟੈਮ ਦੀ ਗੱਲ ਐ...?

ਮਾਂ : ਕੱਲ ਦੁਪੈਹਰੇ ਪਹਿਲਾ ਦੌਰਾ ਪਿਆ ਤੇ ਚਾਹਾਂ ਵੇਲੇ ਦੂਜਾ...ਇਹਨੂੰ ਭੀਖੀ ਲਜਾਣ ਵਾਸਤੇ ਧੀਰਾ ਧੰਨੇ ਦਾ ਗੱਡਾ ਵੀ ਪੁੱਛ ਆਇਆ ਸੀ...ਐਨੇ 'ਚ ਇਹਨੂੰ ਆ ਗੀ ਸੁਰਤ ਤੇ ਲੱਗਿਆ ਆਖਣ, 'ਮੈਂ ਨ੍ਹੀਂ ਜਾਣਾ ਕਿਤੇ ਭੀਖੀ-ਭੂਖੀ... ਕੋਈ ਫੈਦਾ ਨ੍ਹੀਂ ਹੋਣਾ ਐਮੇਂ ਵਾਧੂ ਪੈਸੇ ਪੱਟਣ ਦਾ...'

ਗੁਆਂਢਣ : ਨਾਂ ਨੀਂ ਭੈਣੇ ਬੰਦੇ ਨਾਲੋਂ ਚੰਗੀ ਕਿਹੜੀ ਚੀਜ਼ ਐ, ਇਹ ਤਾਂ ਲੱਖੀਂ ਹੱਥ ਨ੍ਹੀਂ ਆਉਂਦਾ..ਪੈਸਾ ਤਾਂ ਹੱਥਾਂ ਦੀ ਮੈਲ ਐ...ਜਿਉਂਦਾ ਰਹੇ ਤੇਰਾ ਪੁੱਤ ਕਮਾਉਣ ਆਲਾ.. ਸੁੱਖ ਨਾਲ ਹੁਣ ਤਾਂ ਗੱਭਰੂ ਹੋ ਗਿਆ...।

ਮਾਂ : ਹਾਂ, ਕੰਮ ਨੂੰ ਚੰਗਾ ਹੱਥ ਪਾਉਂਦੈ ਭੈਣੇ...ਜਦੋਂ ਦਾ ਇਹਦਾ ਬਾਪੂ ਮੰਜੇ ਤੇ ਪਿਐ, ਇਹ ਤਾਂ ਧੀਰੇ ਨੇ ਖੇਤ-ਬੰਨੇ ਦਾ ਕੰਮ ਸਾਂਭ ਲਿਆ...ਦੇਖ ਲੈ, ਜਦੋਂ ਦਾ ਕੁੜੀਆਂ ਦਾ ਵਿਆਹ ਹੋਇਐ...ਹਾੜ ਦਾ ਸੀ...ਛੀ ਮਹੀਨੇ ਹੋਗੇ...ਸਾਰਾ ਕੰਮ ਧੀਰਾ ਈ ਕਰਦੈ।

ਗੁਆਂਢਣ : ਹੋਰ...ਕੰਮ ਦਾ ਤਾਂ ਬੜਾ ਕਰਿੰਦੈ ਤੇਰਾ ਧੀਰਾ...ਚੰਗੈ ਜੇ ਹਿੰਮਤ ਨਾਲ ਕੰਮ ਕਰੂ ਤਾਂ ਚੰਗਾ ਪੱਲਾ ਪੂਰਾ ਹੋ ਜੂ...ਕੁੜੀਆਂ ਦਾ ਫਰਜ਼ ਵੀ ਚੰਗਾ ਸਿਰੋਂ ਲਹਿ ਗਿਆ...ਜ਼ਿਮੀ ਦਾ ਕੀ ਐ, ਬਥੇਰਾ, ਛੁਡਾ ਲਊ ਧੀਰਾ...।

ਮਾਂ : ਬੰਦਿਆਂ ਦੀ ਸੁੱਖ ਚਾਹੀਦੀ ਐ ਭੈਣੇ ਫੇਰ ਤਾਂ ਸਭ ਕੁਸ ਐ...।

ਗੁਆਂਢਣ : ਨਾਲੇ ਇਕ ਹੋਰ ਗੱਲ ਕਰਨੀ ਸੀ ਤੇਰੇ ਨਾਲ ਭੈਣੇ।

ਮਾਂ : ਹਾ ਦੱਸ...(ਗੁਆਂਢਣ ਧੀਰੇ ਦੀ ਮਾਂ ਦੇ ਹੋਰ ਨੇੜੇ ਹੋ ਜਾਂਦੀ ਹੈ)

ਗੁਆਂਢਣ : (ਹੌਲੀ ਜਿਹੀ) ਗੱਲ ਇਹ ਐ ਬੀ ਧੀਰੇ ਨੂੰ ਸਾਕ ਮੈਂ ਲਿਆਊਂ...।

ਮਾਂ : ਚੰਗਾ ਚੰਗਾ, ਸਿਰ ਮੱਥੇ

ਗੁਆਂਢਣ : ਹਾਂ, ਸਾਡੇ ਘਰਾਂ ਚੋਂ ਭਤੀਜੀ ਐ ਮੇਰੀ, ਮੋਰਨੀ ਵਰਗੀ ਐ ਕੁੜੀ।

ਮਾਂ : ਚੰਗਾ, ਸੁੱਖ ਰਹੇ ਰੱਬ ਪਹਿਲ ਤੇਰੀ ਹੋਊ...।
[ਧੀਰੇ ਦਾ ਬਾਪੂ ਖ਼ੰਘਦਾ ਹੈ]

ਬਾਪੂ : ਉਏ ਤੁਸੀਂ ਹੁਣ ਕੀ ਸਿਰ ਜੋੜ ਕੇ ਗੱਲਾਂ ਕਰਨ ਲੱਗ ਪੀਆਂ...ਮੈਨੂੰ ਦਾਰੂ ਤਾਂ ਦੇਹ...ਇਹ ਸਾਲੀ ਖੰਘ ਟਿਕੇ ਬਿੰਦ ਝੱਟ...।
[ਗੁਆਂਢਣ ਚਲੀ ਜਾਂਦੀ ਹੈ ਅਤੇ ਧੀਰੇ ਦੀ ਮਾਂ ਆਪਣੇ ਪਤੀ ਨੂੰ ਦਵਾਈ ਦੇਣ ਲਗਦੀ ਹੈ]

O

[ਅਗਲੇ ਦਿਨ ਧੀਰੇ ਦੇ ਬਾਪੂ ਦੀ ਹਾਲਤ ਹੋਰ ਵਿਗੜ ਜਾਂਦੀ ਹੈ। ਧੀਰਾ, ਉਸ ਦੀ ਮਾਂ ਅਤੇ ਆਂਢ-ਗੁਆਂਢ ਦੇ ਹੋਰ ਬੰਦੇ ਅਤੇ ਤੀਵੀਆਂ ਧੀਰੇ ਦੇ ਬਾਪੂ ਦੇ ਮੰਜੇ ਦੁਆਲੇ ਉਦਾਸ ਬੈਠੇ ਹਨ। ਧੀਰੇ ਦਾ ਬਾਪੂ ਹੌਲੀ ਹੌਲੀ ਘੰਘਦਾ ਹੈ ਅਤੇ ਖਿੱਚਵੇਂ ਸਾਹਾਂ ਨਾਲ ਬੋਲਦਾ ਹੈ]

ਬਾਪੂ : (ਕੋਲ ਬੈਠੀ ਧੀਰੇ ਦੀ ਮਾਂ ਨੂੰ) .. ਤੂੰ ਮੇਰੇ ਕੋਲੇ.. ਧੀਰੇ ਨੂੰ ਬੁਲਾ.. ।
[ਉਹ ਧੀਰੇ ਨੂੰ ਬੁਲਾਉਂਦੀ ਹੈ। ਧੀਰਾ ਆਪਣੇ ਬਾਪੂ ਕੋਲ ਮੰਜੇ ਤੇ ਬੈਠ ਜਾਂਦਾ ਹੈ।]

ਧੀਰਾ : ਹਾਂ ਦੱਸ...ਬਾਪੂ...ਦੱਸ ਕੀ ਕਹਿਨੈਂ...?

ਬਾਪੂ : ਮੈਂ ਹੁਣ ਬਚਦਾ ਨ੍ਹੀ.. ਪੁੱਤ।

ਧੀਰਾ : (ਰੋਣ ਹਾਕਾ ਹੋ ਕੇ) ਐਂ ਨਾ ਕਹਿ...ਐਂ ਨਾ ਕਹਿ ਬਾਪੂ !.. ਬਾਪੂ !

ਬਾਪੂ : ...ਬਸ...ਰੋ ਨਾਂ...ਪੁੱਤ...ਰੋ ਨਾਂ...।

ਧੀਰਾ : ਬਾਪੂ !...ਹਾਏ ਬਾਪੂ।

ਬਾਪੂ : ਦੇਖੀਂ...ਮੈਂ ਤੈਨੂੰ...ਸਾਰੀ ਉਮਰ 'ਚ ਕੁਸ ਨ੍ਹੀਂ ਦੇ ਸਕਿਆ...ਬਸ...ਇਕ ਆਬਦਾ ਅਮਲ ਪੂਰਾ ਕੀਤੈ ਤੇ ਬੋਝ...ਤੇਰੇ ਸਿਰ ਤੇ...ਧਰਿਆ ਈ ਐ...ਤਕੜਾ ਹੋ ਕੇ...ਕਮਾਈ ਕਰੀ ਸ਼ੇਰਾ...ਤੇ ਜੈਦਾਤ ਛੁਡਾ ਲਈਂ.. ਬ ਸ ...ਬ...ਸ...।
[ਧੀਰੇ ਦਾ ਬਾਪੂ ਪੂਰਾ ਹੋ ਜਾਦਾ ਹੈ। ਧੀਰਾ ਰੋਂਦਾ ਹੈ, ਧੀਰੇ ਦੀ ਮਾਂ ਪਿੱਟਣਾ ਸ਼ੁਰੂ ਕਰ ਦਿੰਦੀ ਹੈ। ਪਿੰਡ ਦੇ ਬੰਦੇ ਧੀਰੇ ਨੂੰ ਅਤੇ ਜ਼ਨਾਨੀਆਂ ਧੀਰੇ ਦੀ ਮਾਂ ਨੂੰ ਧੀਰਜ ਬਨ੍ਹਾਉਂਦੀਆਂ ਹਨ।]

O



[ਆਪਣੇ ਬਾਪੂ ਦੀ ਮੌਤ ਤੋਂ ਬਾਦ ਧੀਰਾ ਗਹਿਣੇ ਪਈ ਜ਼ਮੀਨ ਛੁਡਾਉਣ ਲਈ ਆਪਣੇ ਖੇਤ ਵਿਚ ਸਖ਼ਤ ਮਿਹਨਤ ਕਰਦਾ ਹੈ। ਇਸ ਸਬੰਧ ਵਿਚ ਪਿੰਡ ਦੀ ਸੱਥ ਵਿਚ ਦੋ ਆਦਮੀ ਗੱਲਾਂ ਕਰਦੇ ਹਨ]

ਪਹਿਲਾ : ਮਖਿਆ ਸੁਣਾ ਫੇਰ ਚਾਚਾ, ਕੋਈ ਰੱਬ ਦੇ ਘਰ ਦੀ।

ਦੂਜਾ : ਰੱਬ ਦਾ ਘਰ ਤਾਂ ਦੂਰ ਐ ਸ਼ੇਰਾ, ਆਬਦੇ ਪਿੰਡ ਦੀ ਕਰ ਲੈਨੇਂ ਆਂ।

ਪਹਿਲਾ : ਤੂੰ ਤਾਂ ਬਊਲੈਂ ਚਾਚਾ ! ਆਪਣਾ ਪਿੰਡ ਵੀ ਤਾਂ ਰੱਬ ਦੇ ਘਰ ਦਾ ਕੋਈ ਖੂੰਜਾ ਹੋਊ।

ਦੂਜਾ : ਗੱਲ ਤਾ ਧੀਰੇ ਦੀ ਛੇੜੀ ਸੀ...ਉਏ ਆਹ ਡੱਗੀ ਆਲਿਆਂ ਦਾ ਧੀਰਾ।

ਪਹਿਲਾ : ਹਾਂ ਹਾਂ ਤੂੰ 'ਗਾਹਾਂ ਕਰੀ ਚੱਲ ਗੱਲ.. ਮੈਂ ਜਾਣਦਾਂ ਧੀਰੇ ਨੂੰ...।

ਦੂਜਾ : ਮੈਂ ਕਹਿਨਾਂ ਭੰਮੀਰੀ ਵਾਂਗੂ ਘੁਮਦਾ ਰਹਿੰਦੈ ਸਾਰਾ ਦਿਨ...ਕੀ ਮਜਾਲ ਐ ਬੀ ਕਿਤੇ ਅੱਡੀ ਲਾ ਜੇ...ਬੱਸ ਪੱਬਾਂ ਤੇ ਈ ਰਹਿੰਦੈ...।

ਪਹਿਲਾ : ਚੰਗਾ ਰਹੂ...ਚੰਗਾ ਰਹੂ...ਜੋ ਕਮਾਈ ਕਰੂ ਤਾਂ ਹੀ ਖਾਊ, ਪਿਓ ਤਾਂ ਅਮਲੀ ਸੀ.. ਪੱਟ ਗਿਆ ਸੀ ਘਰ ਨੂੰ...।

ਦੂਜਾ : ਫੇਰ ਵੀ ਬੱਚਤ ਰਹਿ ਗੀ ਸ਼ੇਰਾ, ਜ਼ਿਮੀ ਗਵਾ ਕੇ ਅਮਲ ਤਾਂ ਨ੍ਹੀ ਕੀਤਾ ਧੀਰੇ ਦੇ ਬਾਪ ਨੇ ਕੁੜੀਆਂ-ਚਿੜੀਆਂ ਦੇ ਵਿਆਹ ਦੇ ਟੈਮ ਜ਼ਮੀਨ ਗਹਿਣੇ ਕਰਨਾ ਕੋਈ ਮਾੜੀ ਗੱਲ ਨ੍ਹੀ ਗਿਣੀ ਜਾਂਦੀ...।

ਪਹਿਲਾ : ਹਾਅ ਤਾਂ ਸੂਤ ਐ ਤੇਰੀ ਗੱਲ, ਕਹਿੰਦੇ ਨੇ ਬੀ ਮਰਨ ਵਖਤ ਧੀਰੇ ਕਾ ਬੁੜ੍ਹਾ ਕਹਿ ਕੇ ਗਿਆ ਸੀ ਧੀਰੇ ਨੂੰ ਬੀ ਕਮਾਈ ਕਰਕੇ ਗਹਿਣੇ ਪਈ ਜ਼ਮੀਨ ਛੁਡਾ ਲਵੇ...ਕਿ ਝੂਠ ਐ ਗੱਲ ਚਾਚਾ...।

ਦੂਜਾ : ਨਹੀਂ ਸ਼ੇਰਾ, ਗੱਲ ਤਾਂ ਸੁਣਿਐ ਬੀ ਐਂ ਈ ਹੋਈ ਐ...ਤਾਂ ਹੀ ਫੇਰ ਧੀਰਾ ਕੰਮ ਆਲੀਆਂ ਘੀਹਾਂ ਦਿੰਦਾ ਫਿਰਦੈ...ਪੰਜ ਕੀਲੇ ਤਾਂ ਹੈਗੇ ਅਜੇ ਉਹਦੇ ਕੋਲੇ.. ਨਵਾਂ ਮੁੰਡੈ, ਕੀ ਪੁੱਛਦੈਂ ਲਿਆ ਦੂ 'ਨ੍ਹੇਰੀ ਕੰਮ ਆਲੀ...।

ਪਹਿਲਾ : ਆਹ ਕੁਸ਼ ਦਿਨਾਂ ਦੀ ਗੱਲ ਐ, ਲੱਖਾ ਕਹਿੰਦਾ ਸੀ ਗਹਿਣੇ ਆਲੀ ਜ਼ਮੀਨ ਨ੍ਹੀ ਧੀਰਾ ਛੁਡਾ ਸਕਦਾ ਹੁਣ, ਉਹਨੂੰ ਹੋਰ ਰਕਮ ਦੇ ਕੇ ਭੋਇੰ ਬੈਅ ਈ ਕਰਵਾ ਲਾਂਗੇ...।

ਦੂਜਾ : (ਸਾਂਗ ਲਾਹ ਕੇ) 'ਬੈਅ ਕਰਵਾ ਲਾਗੇ'...ਆਹ ਬੈ ਕਰਵਾਉਣੀ ਸੌਖੀ ਪਈ ਐ ਕਿਤੇ...ਘਰ ਦਾ ਮੂੰਹ ਪਰਲੇ ਪਾਸੇ ਹੋਜੂ...ਨਾਲੇ 'ਗਾਹਾਂ ਧੀਰਾ ਕਿਹੜਾ ਗਾਰੇ-ਮਿੱਟੀ ਦਾ ਬਣਿਐਂ ਬੀ ਜ਼ਮੀਨ ਬੈ ਕਰ ਦੂਗਾ...ਏਹ ਲੱਖਾ ਤਾਂ ਊਈਂ ਮੂਤ ਚੋਂ ਮੱਛੀਆਂ ਭਾਲਦੈ...।

ਪਹਿਲਾ : ਚੱਲ ਚਾਚਾ, ਆਪਾਂ ਕੀ ਲੈਣੈਂ...ਧੀਰਾ ਵੀ ਏਥੇ ਆ...ਲੱਖਾ ਵੀ ਏਥੇ ਆ, ਤੇ ਅੱਪਾਂ ਵੀ ਏਥੇ ਆਂ...ਦੇਖ ਲਾਂਗੇ ਜਿਹੜੀ ਹੋਊ...।

ਦੂਜਾ : ਚੱਲ ਚੁੱਪ ਕਰ...ਲੱਗਦੈ ਧੀਰਾ ਆਉਂਦੈ...ਸਿਰ ਤੇ ਕੱਖਾਂ ਦੀ ਪੰਡ ਚੁੱਕੀ ਐ...।

ਪਹਿਲਾ : ਨਾ ਅੱਪਾਂ ਕਿਹੜਾ ਚੁਗਲੀਆਂ ਕਰਦੇ ਆਂ ਚਾਚਾ...।

[ਧੀਰਾ ਸੱਥ ਵਿੱਚੋਂ ਲੰਘਦਾ ਹੈ]

ਦੂਜਾ : ਥੋੜਾ ਬੋਝ ਚੱਕਿਆ ਕਰ ਸ਼ੇਰਾ, ਕਿਤੇ ਲੱਕ ਨਾ ਮਰੋੜਾ ਖਾਜੇ।

ਧੀਰਾ : ਫੇਰ ਲੱਕ ਨਾ ਹੋਇਆ ਚਾਚਾ, ਕੰਚ ਹੋ ਗਿਆ।

ਪਹਿਲਾ : ਮਤਬਲ ਐ ਬੀ ਕਿਸੇ ਟੈਮ ਬਿੰਦ ਝੱਟ ਦਮ ਵੀ ਮਾਰ ਲਿਆ ਕਰ ਬਾਈ।

ਧੀਰਾ : ਜੇ ਲੇਖੀਂ ਚੰਗਾ ਕੁਸ ਲਿਖਿਆ ਹੁੰਦਾ ਤਾਂ ਕਿਸੇ ਬਾਣੀਏ ਦੇ ਘਰੇ ਜਰਮ ਹੋਣਾ ਸੀ . ਜੱਟ ਦੇ ਘਰੇ ਜ਼ਰੂਰੀ ਜੰਮਣਾ ਸੀ...।

ਦੂਜਾ : ਗੱਲ ਖਰੀ ਐ ਭਤੀਜ। ਔਖੀ ਐ ਕਮਾਈ ਜੱਟ ਦੀ. ਹਲ ਛੱਡ ਕੇ ਚਰ੍ਹੀ ਨੂੰ ਜਾਣਾ..।

ਪਹਿਲਾ : ਤੂੰ ਚੱਲ ਬਾਈ...ਸਿਰ ਤੇ ਐਨਾ ਭਾਰ ਚੱਕੀਂ ਖੜੈਂ...ਇਹ ਤਾਂ ਪਿੰਗਲ ਪੜ੍ਹਨ ਤੇ ਈ ਐ ਵਿਹਲਾ ।

[ਧੀਰਾ ਅੱਗੇ ਲੰਘ ਜਾਂਦਾ ਹੈ]

ਦੂਜਾ : ਗੱਲ ਅੱਪਾਂ ਕਰਦੇ ਸੀ...ਬੀ ਜੇ ਧੀਰਾ ਹੁਣ ਨ੍ਹੀ ਕਮਾਈ ਕਰ ਕੇ ਵਖਾਊ ਤਾਂ ਕੱਦ ਵਖਾਊ...ਉਏ ਉਹਨੇ ਵਿਆਹ ਵੀ ਤਾਂ ਕਰਵਾਉਂਣੈ ਹੁਣ.. ਤੇ 'ਗਾਹਾਂ ਆਲਾ ਜੱਟ ਵੀ ਤਾਂ ਜਿਮੀ ਦੇ ਕੇ ਖੱਡਾਂ ਦੇ ਨਾਲ ਨਾਲ ਮੁੰਡਾ ਵੀ ਕਮਾਊ ਭਾਲਦੈ...।

ਪਹਿਲਾ : ਹਾਂ ਫੇਰ ਤੂੰ ਸਿਆਣਾ ਈ ਐਂ ਚਾਚਾ।

O

[ਧੀਰੇ ਦਾ ਵਿਆਹ ਹੋ ਜਾਂਦਾ ਹੈ। ਉਹ ਖੇਤਾਂ ਵਿਚ ਬਹੁਤ ਮਿਹਨਤ ਕਰਦਾ ਹੈ। ਧੀਰੇ ਦੀ ਘਰ ਵਾਲੀ ਖੇਤ ਵਿਚ ਉਸ ਲਈ ਭੱਤਾ ਲੈ ਕੇ ਆਉਂਦੀ ਹੈ। ਉਹ ਬੈਠਾ ਰੋਟੀ ਖਾ ਰਿਹਾ ਹੈ। ਕੋਲ ਉਸਦੀ ਘਰ ਵਾਲੀ ਤਾਰੋ ਬੈਠੀ ਹੈ]

ਤਾਰੋ : ਮਖਿਆ, ਮਾੜੀ ਮੋਟੀ ਆਬਦੀ ਦੇਹ ਦੀ ਵੀ ਸੁਰਤ ਲੈ ਲਿਆ ਕਰ ਕਿਸੇ ਵੇਲ, ਹਰ ਟੈਮ ਕੰਮ ਦੀ ਮਾਰੋ ਮਾਰ ਕਰਦਾ ਫਿਰਦੈ ਰਹਿਨੈਂ, ਮੂੰਹ ਤਾਂ ਦੇਖ ਕਿਹੋ ਜਿਹਾ ਹੋਇਐ।

ਧੀਰਾ : ਕਿਉਂ, ਕੀ ਹੋਇਐ ਮੂੰਹ ਨੂੰ ? ਦੇਹ ਵੀ ਸੁੱਖ ਨਾਲ ਸੂਤ ਐ (ਮੱਛਰ ਕੇ) ਪਰ ਤੈਨੂੰ ਕੀ ਵਹਿਮ ਹੋ ਗਿਆ ਉਏ ਮੇਰੇ ਦਿਲ ਦਿਆ ਟੋਟਿਆ ?

ਤਾਰੋ : (ਵਿਅੰਗ ਨਾਲ) ਹੂੰ ..ਦਿਲ ਦਾ ਟੋਟਾ...ਤਾਂ ਹੀ ਬਾਹਲਾ ਸਾਂਭ ਸਾਂਭ ਰੱਖਦੈਂ ਨਾ ਦਿਲ ਦੇ ਟੋਟੇ ਨੂੰ...ਕਦੇ ਚੈਨ ਨਾਲ ਕੋਈ ਗੱਲ ਕੀਤੀ ਐ ਦੋ ਘੜੀ ਜਦੋਂ ਦੇਖੋ ਬਸ ਭੱਜੋ-ਭੱਜ। ਨਾ ਦਿਨ ਨੂੰ ਚੈਨ ਨਾ ਰਾਤ ਨੂੰ...ਤੇ ਦਿਲ ਦਾ ਟੋਟਾ ਕਿਤੇ ਮਰਜ਼ੀ ਰੁਲਦਾ ਰਹੇ, ਕੋਈ ਸੰਸਾ ਨ੍ਹੀ...।

ਧੀਰਾ : ਉਏ ਮੈਂ ਕਹਿਨਾ ਕੀ ਗੱਲ ਹੋਗੀ ਮੱਖਣ ਦਿਆ ਪੇੜਿਆ ?...ਬਾਹਲੀ ਤੱਤੀ ਹੋਈ ਬੈਠੀ ਐਂ...ਕਿਉਂ ਕਿਸੇ ਨੇ ਰਾਹ 'ਚ ਤਾਂ ਨ੍ਹੀ ਕੋਈ ਛੇੜਖਾਨੀ ਕਰਤੀ...?



ਤਾਰੋ : ਐਂ ਕਿਹੜਾ ਸਾਲਾ ਝਾਕ ਸਕਦੈ ਮੇਰੇ ਵਨੀਂ...ਗੱਲ ਤਾਂ ਤੇਰੀ ਐ...ਜਿਹੜਾ ਝਾਕਦਾ ਹੋਇਆ ਵੀ ਨਾ-ਝਾਕਦਿਆਂ ਵਰਗੈ ।

ਧੀਰਾ : (ਲਾਪਰਵਾਹੀ ਨਾਲ)...ਮਖਿਆਂ ਤੂੰ ਡੱਕਾ ਝੇੜਾ ਨਾ ਕਰ...ਤੇਰੇ ਸਾਰੇ ਉਲਾਂਭੇ ਲਾਹਦੂੰ ਤੂੰ ਕੇਰਾਂ ਮਾੜ੍ਹੀ ਜੀ ਸਮਾਈ ਰੱਖ (ਹੱਸ ਕੇ ਗਾਉਂਦਾ ਹੋਇਆ) ਤੇਰੇ ਹੱਥਾਂ ਨੂੰ ਕਰਾ ਦੂੰ ਛਾਪਾਂ-ਛੱਲੇ. ਨੀ ਨਰਮੇ ਨੂੰ ਵਿਕ ਲੈਣ ਦੇ...।

ਤਾਰੋ : ਹਾਂ ਕਰਵਾਏ ਪਟੇ ਛਾਪਾਂ-ਛੱਲੇ...ਗੱਲਾਂ ਈ ਨੇ ਤੇਰੇ ਕੋਲੇ ਟੂਮਾਂ ਦੱਸ ਕੀ ਮੈਂ ਚੱਟਣੀਆਂ ਨੇ...।

ਧੀਰਾ : ਉਏ ਹੋਏ ! ਗੁੱਸੇ ਕਾਹਨੂੰ ਹੁਨੀਂ ਐਂ ਸੋਹਣੀਏ ਮੈਂ ਤੇਰੇ ਦਿਲ ਦੀ ਸਮਝਦਾਂ... ਕਰਾਂ ਕੀ...ਵੱਸੋਂ ਬਾਹਰੀ ਗੱਲ ਐ...।

ਤਾਰੋ : ਹਾਂ ..ਬਹਾਨੇ ਤਾਂ ਬਥੇਰੇ ਨੇ ਤੇਰੇ ਕੋਲੇ . ।

ਧੀਰਾ : ਬਹਾਨਿਆਂ ਦੀ ਗੱਲ ਨ੍ਹੀ ਤਾਰੋ...ਲੱਖੇ ਵਨੀਂ ਦੇਖ ਕੇ ਮੇਰੀ ਹਿੱਕ ਤੇ ਸੱਪ ਲਿਟਦੈ ਸੱਪ...ਤੇ ਉਹਦੀ ਖਚਰੀ ਹਾਸੀ ਦਾ ਡੰਗ ਸਿੱਧਾ ਮੇਰੇ ਦਿਲ ਤੇ ਵੱਜਦੈ ਮੇਰਾ ਜੀਅ ਕਰਦੈ (ਤੈਸ਼ 'ਚ ਆ ਕੇ)...ਜੀ ਕਰਦੈ ਟਕੂਏ ਦੇ ਇਕ ਟੱਕ ਨਾਲ ਲੱਖੇ ਨੂੰ ਪਾਰ ਬੁਲਾ ਦੇਮਾਂ ।

ਤਾਰੋ : ਹਾਏ ਹਾਏ, ਰਾਮ ਰਾਮ ਕਰ...ਐਂ ਮਾੜੀਆਂ ਗੱਲਾਂ ਨਾਂ ਚਿੱਤ ਤੇ ਲਿਆਇਆ ਕਰ ।

ਧੀਰਾ : ਪਰ ਤਾਰੋ ਮੈਂ ਕੀ ਕਰਾਂ...ਮੈਨੂੰ ਤੇਰਾ ਹੀ ਤਾਂ ਮੂੰਹ ਮਾਰ ਜਾਂਦੈ...(ਸੰਜੀਦਗੀ ਨਾਲ) ਏਸ ਮਿੱਟੀ ਦੇ ਵੱਟੇ 'ਚ ਮੇਰੇ ਬਾਪੂ ਨੇ ਹਜ਼ਾਰਾ ਸਿਹੁੰ ਤੋਂ ਪੈਸੇ ਲੈ ਕੇ ਗੁੱਡੀਆਂ ਦੇ ਵਿਆਹ ਕੀਤੇ ਤੇ ਮਰਨ ਵੇਲੇ ਬਾਪੂ ਆਖ ਗਿਆ, 'ਗਹਿਣੇ ਪਈ ਜਮੀਨ ਛੁਡਾ ਲੀਂ ਪੁੱਤ...।' ਤੇ ਤਾਰੋ ! ਹੁਣ ਮੈਨੂੰ ਉਦੋਂ ਤੱਕ ਚੈਨ ਨ੍ਹੀਂ ਆਉਂਦਾ ਜਿੰਨਾ ਚਿਰ ਤੱਕ ਮੈਂ ਇਕ ਇਕ ਕਰਕੇ ਪੰਜ ਕੀਲੇ ਛੁਡਾ ਨ੍ਹੀਂ ਲੈਂਦਾ.. ।

ਤਾਰੋ : (ਜਜ਼ਬਾਤੀ ਹੋ ਕੇ)...ਤੇ ਉਦੋਂ ਤੱਕ ਇਹਨਾਂ ਬਾਗਾਂ ਤੇ ਬਹਾਰ ਨ੍ਹੀਂ ਰਹਿਣੀ।

ਧੀਰਾ : ਮੈਂ ਤੇਰੇ ਮੋਹ ਦੀ ਬਹੁਤ ਕਦਰ ਕਰਦਾਂ ਪਰ ਬਹਾਰ ਕਿੱਥੇ ਜਾਊ ?.. ਸਗੋਂ ਸਾਡੇ ਬਾਗਾਂ ਵਿਚ ਤਾਂ ਬਹਾਰ ਉਦੋਂ ਈ ਆਊ ਜਦੋਂ ਸਾਡੀਆ ਹਿੱਕਾਂ ਤੋਂ ਕਰਜ਼ੇ ਦਾ ਭਾਰ ਲਹਿ ਜੂ ਸਾਰੇ ਦਸ ਦੀ ਦਸ ਕੀਲੇ ਭੋਂਇੰ ਸਾਡੀ ਆਬਦੀ ਹੋਊ...ਤੇ ਜਦੋਂ ਮਨਾਂ 'ਚ ਖੁਸ਼ੀ ਹੁੰਦੀ ਐ ਤਾਂ ਸਾਰਾ ਕੁਸ ਆਪੇ ਈ ਵਧੀਆ ਵਧੀਆ ਜ੍ਹਾ ਲੱਗਣ ਲੱਗ ਜਾਂਦੈ।

ਤਾਰੋ : (ਸਹਿਮਤ ਹੁੰਦੀ ਹੋਈ) ਚੰਗਾ ਫੇਰ ਐਂ ਦੱਸ ਬੀ ਕਿੰਨਾ ਚਿਰ ਚੱਲੂ ਇਹ ਧੂਹ-ਘੜੀਸ।

ਧੀਰਾ : ਏਹਦੇ ਵਾਸਤੇ ਕੋਈ ਲਖੀਤਰ ਤਾਂ ਨ੍ਹੀਂ ਨਿੱਕਲ ਸਕਦੀ...ਵਿਚ ਖਰਚ ਹੋਰ ਵੀ ਕਰਨਾ ਪੈ ਜਾਂਦੈ...ਦੇਖ ਹੁਣ ਦੋਵਾਂ ਕੁੜੀਆਂ ਨੂੰ ਸੂਸ਼ਕਾਂ ਦੇਣੀਆਂ ਨੇ...।

ਤਾਰੋ : ਹਾਂ ਸ਼ੁਸ਼ਕਾਂ ਤਾਂ ਦੋਮੇਂ ਦੇਣੀਆਂ ਈ ਨੇ...ਪਿੱਛੇ ਸੌਣੀ 'ਚ ਈ ਦੇਣੀਆਂ ਸੀਗੀਆਂ।

ਧੀਰੂ : ਭਲਾ ਕੀ ਕੁਸ ਦੇਣਾ ਪਊ ?

ਤਾਰੋ : ਇਕ ਇਕ ਟੂਮ ਦੋਮਾਂ ਨੂੰ ਤੇ ਬਾਕੀ ਲੀੜਾ ਕੱਪੜਾ...।

ਧੀਰਾ : ਤਾਂ ਫੇਰ ਹਜ਼ਾਰ ਪੰਦਰਾਂ ਸੌ ਦਾ ਖਰਚ ਤਾਂ ਹੈਗਾ...।

ਤਾਰੋ : ਚੱਲ ਫੇਰ ਵੀ ਕਿੰਨਾ ਟੈਮ ਲੱਗ ਜੂ ਜਮੀਨ ਛੁਡਾਉਣ ਨੂੰ ?

ਧੀਰਾ : ਆਹ ਦੇਖ, ਮੋਟੀ ਜੀ ਗੱਲ ਐ, ਤਿੰਨ ਫਸਲਾਂ ਦੀ ਬੱਚਤ ਨਾਲ ਇਕ ਕੀਲਾ ਛੁਡਾਇਆ ਜਾ ਸਕਦੈ, ਉਹ ਵੀ ਆਬ ਦਾ ਹੱਥ ਘੁੱਟ ਕੇ ਤੇ ਢਿੱਡ ਬੰਨ੍ਹ ਕੇ... ਤੇ ਏਸ ਸੁਾਬ ਨਾਲ ਪੰਜ ਸੱਤ ਸਾਲ ਤਾਂ ਲੱਗ ਈ ਜਾਣਗੇ...।

ਤਾਰੋ : (ਥੋੜੇ ਫਿਕਰ ਨਾਲ)...ਚਲੋ, ਪੰਜ ਸੱਤ ਸਾਲ ਸਹੀ.. ਜਦੋਂ ਹੁਣ ਸਾਰੀ ਉਮਰ ਵਾਸਤੇ ਈ ਤੇਰੇ ਮਗਰ ਲੱਗੀ ਆਂ...ਪਰ ਇਕ ਗੱਲ ਸੁਣੀ...ਤੇਰੇ ਜੁਆਕ ਵੀ ਐਂ ਈ ਤੇਰੇ ਵਾਂਗੂੰ ਮਿੱਟੀ 'ਚ ਈ ਰੁਲਣਗੇ ?

ਧੀਰਾ : (ਖਿੜ ਕੇ) ਮਖਿਆ ਨਹੀਂ ਅਵਤਾਰ ਕੁਰੇ ! ਤੂੰ ਕਿਹੜੀਆਂ ਗੱਲਾਂ ਕਰਦੀ ਐਂ... ਤੂੰ ਦੇਖੀ ਤਾਂ ਸਹੀ, ਮੇਰੇ ਜੁਆਕ ਅਬਸਰ ਲੱਗਣਗੇ ਅਫ਼ਸਰ...ਜੁਆਕਾਂ ਦੀ ਜੂਨ ਸੰਵਾਰਨ ਵਾਸਤੇ ਈ ਤਾਂ ਮੈਂ ਮਿੱਟੀ ਨਾਲ ਮਿੱਟੀ ਹੁੰਨਾ...ਮੇਰਾ ਕੀ ਐ ਮੈਂ ਤਾਂ ਅਣਪੜ ਬੰਦਾ...ਪਰ ਜੁਆਕ ਤਾਂ ਮੌਜਾਂ ਕਰਨਗੇ...।

ਤਾਰੋ : ਕੋਈ ਨ੍ਹੀਂ ਇਹ ਬੀ ਦੇਖਿਆ ਜਾਊ ਬੀ ਤੂੰ ਆਬ ਦੀਆਂ ਕਹੀਆਂ ਗੱਲਾਂ ਤੇ ਕਿੰਨ੍ਹਾ ਕੁ ਪੂਰਾਂ ਉੱਤਰਦੈਂ !

ਧੀਰਾ : ਇਹ ਕੀ ਤੂੰ ਕੱਲੀ ਦੇਖੇਂਗੀ...ਸਾਰਾ ਜੱਗ ਦੇਖੂ ਜੱਗ ..ਸੱਥ 'ਚ ਗੱਲਾਂ ਹੋਣਗੀਆਂ...।

ਤਾਰੋ : ਚੰਗਾ ਬੱਸ ਕਰ ਹੁਣ ..ਬਾਹਲਾ ਮੂੰਹ ਅੱਡੀਏ ਤਾਂ ਮੱਖੀਆਂ ਈ ਪੈਂਦੀਆਂ ਨੇ... [ਹੱਸਦੀ ਹੈ]

O

[ਧੀਰਾ ਹਜਾਰਾ ਸਿੰਘ ਦੇ ਘਰ ਆਉਂਦਾ ਹੈ]

ਧੀਰਾ : ਸਾਸਰੀਕਾਲ ਸਰਦਾਰਾ !

ਹਜਾਰਾ : ਆ ਬਈ ਧੀਰ ਸਿਆਂ...ਆ ਜਾ ਬਹਿ ਜਾ...ਹੋਣ ਸੁਣਾ ਬਾਲ ਬੱਚੇ ਰਾਜ਼ੀ ਨੇ...?

ਧੀਰਾ : ਹਾਂ ਸਭ ਮਿਹਰਾਂ ਨੇ...।

ਹਜਾਰਾ : ਕਿਮੇਂ ਆਉਣੇ ਹੋਏ...ਨਾਲੇ ਕਿਮੇਂ ਬਾਹਲਾ ਈ ਮਾੜਾ ਹੋਇਆ ਫਿਰਦਾਂ ?

ਧੀਰਾ : ਤੂੰ ਸਿਆਣਾ ਈ ਐਂ ਸਰਦਾਰਾ...ਕਬੀਲਦਾਰੀ ਐ, ਮਾੜਾ ਤਾਂ ਹੋਣਾ ਈ ਹੋਇਆ...ਦੋ ਦਿਨ ਪਹਿਲਾਂ ਸਾਲੇ ਤਾਪ ਨੇ ਵੀ ਗੁੱਡੀਆਂ ਘੁਮਾ ਤੀਆਂ ਸੀ...? ਤੈਨੂੰ ਪਤੈ ਕੱਲਾ ਬੰਦਾ...ਕੰਮ ਦੀ ਦੱਬ ਬਾਹਲੀ ਰਹਿੰਦੀ ਐ...।

ਹਜਾਰਾ : ਹੁਣ ਤਾਂ ਸੁੱਖ ਨਾਲ ਤੇਰਾ ਮੁੰਡਾ ਵੀ ਛੀ ਸੱਤ ਸਾਲ ਦਾ ਹੋ ਗਿਐ, ਕੰਮ 'ਚ ਮਾੜੀ-ਮੋਟੀ ਅਮਦਾਦ ਤਾਂ ਦਿੰਦਾ ਹੋਊ ?



ਧੀਰਾ : ਹਾਂ ਵੱਡਾ ਮੁੰਡਾ ਛੀ ਸਾਲ ਦਾ ਹੋ ਗਿਐ, ਉਹਨੂੰ ਪੜ੍ਹਨ ਬਹਾ 'ਤਾ, ਸੋਚ ਲਿਆ 'ਚਲੋ ਜੁਆਕਾਂ ਦੀ ਤਾਂ ਜੂਨ ਸੰਮਰੇ'।

ਹਜਾਰਾ : ਕਿੰਨੇ, ਦੋ ਮੁੰਡੇ ਨੇ ਤੇਰੇ ?

ਧੀਰਾ : ਹਾਂ ਸਰਦਾਰਾ, ਦੋ ਨੇ, ਛੋਟਾ ਤਿੰਨ ਕੁ ਵਰ੍ਹਿਆਂ ਦਾ ਐ।

ਹਜਾਰਾ : ਫੇਰ ਵੱਡੇ ਨੂੰ ਤਾਂ ਲਾ ਆਬਦੇ ਨਾਲ ਕੰਮ ਤੇ...ਛੋਟੇ ਨੂੰ ਪੜ੍ਹਾ ਲੀਂ...।

ਧੀਰਾ : ਹੁਣ ਕਾਹਦੇ ਵਾਸਤੇ ਹਟਾਉਣੈਂ ਉਹਨੂੰ ਪੜ੍ਹਨੋਂ...ਜਿਹੜਾ ਕੰਮ ਸੀ ਉਹ ਤਾਂ ਨਿੱਕਲ ਗਿਆ।

ਹਜਾਰਾ : ਕਿਹੜਾ ਕੰਮ ਨਿਕਲ ਗਿਆ ?

ਧੀਰਾ : ਆ ਹਾ ..ਤੇਰੀ ਰਕਮ। ਪੂਰਾ ਪੰਜ ਹਜਾਰ ਤਿਆਰ ਪਿਐ, ਜਿਮੇਂ ਤੈਂ ਕਿਹਾ ਸੀ।

ਹਜਾਰਾ : ਆਹੋ, ਤੂੰ ਤਾਂ ਹਜਾਰ ਹਜਾਰ ਦੇ ਕੇ ਕਿੱਲਾ ਕਿੱਲਾ ਕਰਕੇ ਛਡਾਉਂਦਾ ਸੀ, ਐ ਮੈਂ ਕਿਵੇਂ ਮੰਨ ਲੈਂਦਾ...ਮੈਂ ਤਾਂ ਕੱਠੀ ਰਕਮ ਦਿੱਤੀ ਸੀ ਤੇ ਕੱਠੀ ਈ ਲਊਂਗਾ ਤੇ ਕੱਠਾ ਈ ਪੰਜਾਂ ਕਿੱਲਿਆਂ ਦਾ ਕਬਜ਼ਾ ਛੱਡੂੰਗਾ...।

ਧੀਰਾ : ਤਾਂ ਹੀ ਮੈਂ ਤਾਂ ਔਖ ਸੌਖ ਕੱਟ ਲੀ...ਹੁਣ ਗਾਹਾਂ ਰੱਬ ਆਪੇ ਭਲੀ ਕਰੂਗਾ, ਜੇ ਕਿਤੇ ਰੱਬ ਮੈਨੂੰ ਟੱਕਰ ਜੇ ਸਰਦਾਰਾ, ਤਾਂ ਮੈਂ ਉਹਨੂੰ ਇਹੀ ਕਹਾਂ ਬੀ ਕਿਸੇ ਨੂੰ ਜੱਟ ਦੀ ਜੂਨ ਨਾ ਪਾਈਂ...ਜੇ ਕੋਈ ਪਾਉਣਾ ਵੀ ਪੈਜੇ ਤਾਂ ਤੇਰੇ ਵਰਗੇ ਕਿਸੇ ਜੱਟ ਦੀ ਜੂਨ ਪਵੇ ਜਿਹਦੇ ਕੋਲੇ ਬਾਹਲੀ ਸਾਰੀ ਭੁੰਇੰ ਹੋਵੇ...।

ਹਜਾਰਾ : ਇਹ ਤਾਂ ਤਮਾਂ ਦੀ ਗੱਲ ਐ ਧੀਰਿਆ ! ਤਮਾਂ ਭਰੀ ਹੋਵੇ ਤੇ ਥੋੜੀ ਚੀਜ਼ ਵੀ ਬਾਹਲੀ ਲੱਗਦੀ ਐ...!

ਧੀਰਾ : ਤਮਾਂ ਵੀ ਫੇਰ ਈ ਭਰਦੀ ਐ ਸਰਦਾਰਾ ਜੇ ਬੰਦੇ ਦਾ ਢਿੱਡ ਭਰੇ...।

ਹਜਾਰਾ : ਹੁਣ ਦੱਸ ਤੇਰੇ ਕੋਲ ਕਾਹਦਾ ਘਾਟੈ...ਦਸ ਕਿੱਲੇ ਜਿਮੀ ਐਂ...ਰੱਬ ਨੇ ਦੋ ਮੁੰਡੇ ਦੇ 'ਤੇ...ਤੇ ਹੁਣ ਤੂੰ ਆਪ ਈ ਪੁੱਠਾ ਗੇੜਾ ਪਾ ਲਿਆ...

ਧੀਰਾ : (ਹੈਰਾਨੀ ਨਾਲ) ਮੈਂ ਕਾਹਦਾ ਪੁੱਠਾ ਗੇੜਾ ਪਾ ਲਿਆ ?

ਹਜਾਰਾ : ਹੋਰ ਕੀ ਐ...ਅਕੇ 'ਜਵਾਕਾਂ ਨੂੰ ਭੜਾਉਣੈਂ' ਉਏ ਕਮਲਿਆ ਅੱਜ ਕੱਲ ਕਾਹਦੀਆਂ ਭੜਾਈਐਂ...ਪੜ੍ਹ ਕੇ ਨਾ ਬੰਦਾ ਘਰ ਦਾ ਰਹੇ ਨਾਂ ਘਾਟ ਦਾ...ਤੂੰ ਮੇਰੀ ਮੰਨ, ਵੱਡੇ ਨੂੰ ਪੜਨੋਂ ਹਟਾ ਕੇ ਆਬ ਦੇ ਨਾਲ ਖੇਤੀ ਦੇ ਕੰਮ 'ਚ ਲਾ ਲੈ...ਛੋਟਾ ਵੀ ਜਦੋਂ ਤਕੜਾ ਹੋ ਗਿਆ ਉਹਨੂੰ ਵੀ ਨਾਲ ਰਲਾ ਲਈਂ...ਫੇਰ ਦੇਖੀਂ ਕੰਧਾਂ ਵੀ ਸਿਉਨੇ ਦੀਆਂ ਬਣ ਜਾਣਗੀਆਂ ਸਿਉਨੇ ਦੀਆਂ...।

ਧੀਰਾ : ਨਹੀਂ ਸਰਦਾਰਾ ! ਮੈਂ ਆਬ ਦੀ ਬਣੀ ਆਪ ਈ ਝੱਲੂਗਾ...ਮੈਂ ਆਬ ਦੇ ਮੁੰਡਿਆਂ ਨੂੰ ਏਸ ਚੁਰਾਸੀ ਦੇ ਗੇੜ 'ਚ ਨਹੀਂ ਪੈਣ ਦੇਣਾ...।

ਹਜਾਰਾ : ਚੰਗਾ ਭਾਈ ਤੇਰੀ ਮਰਜ਼ੀ...।

ਧੀਰਾ : ਹਾਂ ਤੂੰ ਹੁਣ ਐਂ ਕਰ ਪਰਨੋਟ ਲਿਆ ਕੱਢ ਕੇ...ਮੈਂ ਨਾਲੇ ਤਾਂ ਰਕਮ ਲੈ ਕੇ ਆਉਨਾਂ ਤੇ ਨਾਲੇ ਲੰਬਰਦਾਰ ਨੂੰ ਬੁਲਾ ਲਿਆਉਨਾਂ।

ਹਜਾਰਾ : ਹਾਂ ਲੈ ਆ.. ਗੁਆਹੀ ਉਸੇ ਦੀ ਐ .।

O

[ਧੀਰਾ ਮੰਜੇ ਤੇ ਬੈਠਾ ਹੈ। ਤਾਰੋ ਆਉਂਦੀ ਹੈ]

ਤਾਰੋ : ਮਖਿਆ ਸ਼ੀਰੇ ਦੇ ਬਾਪੂ ! ਆਹ ਦੇਖ ਲੈ ਆਬਦੇ ਲਾਡਲੇ ਦੇ ਲੱਛਣ।

ਧੀਰਾ : ਕਿਉਂ ਕੀ ਹੋ ਗਿਆ ? ਕਾਹਤੋਂ ਗੱਡੀ ਦੇ ਇੰਜਣ ਵਾਂਗੂ ਭਖੀ ਆਉਨੀ ਐਂ ?

ਤਾਰੋ : ਆਹੋ, ਮੈਂ ਭਖੀ ਦਿਸਦੀ ਆਂ ਤੈਨੂੰ...ਸ਼ੀਰੇ ਦੇ ਚੱਜ ਨੀ ਦਿਸਦੇ.. ਅੱਜ ਪੂਰੇ ਚਾਰ ਦਿਨ ਹੋਗੇ ਉਹਨੇ ਸਕੂਲ ਦਾ ਮੂੰਹ ਨੀ ਦੇਖਿਆ...ਬਸ ਘਰੋਂ ਸਕੂਲ ਦਾ ਬਹਾਨਾ ਬਣਾ ਕੇ ਨਿਕਲ ਜਾਂਦੈ ਤੇ ਫਿਰਦਾ ਰਹਿੰਦੈ ਪਾਲੀਆਂ ਨਾਲ . ਫੱਟੀ ਬਸਤਾ ਕਿਧਰੇ ਸਿੱਟ ਕੇ ਪਾਲੀਆਂ ਨਾਲ ਖੇਡਦਾ ਰਹਿੰਦੈ.. ਮੇਰੀ ਮੰਨੇ ਤਾਂ ਉਹਨੂੰ ਸਕੂਲੋਂ ਹਟਾ ਕੇ ਡੰਗਰਾਂ ਮਗਰ ਲਾ ਦੇ...।

ਧੀਰਾ : ਸਮਾਈ ਰੱਖ, ਅਜੇ ਉਹ ਜਵਾਕ ਐ, ਸਭ ਠੀਕ ਹੋ ਜੂ।

ਤਾਰੋ : ਆਹੋ, 'ਜਵਾਕ ਜਵਾਕ' ਕਹਿ ਕੇ ਈ ਤਾਂ ਤੈਂ ਉਹਨੂੰ ਸਿਰ ਚਾੜ੍ਹ ਰੱਖਿਐ, ਵੱਡਾ ਬੀਰਾ ਜਿੰਨਾ ਭੜਾਈ 'ਚ ਤੇਜ਼ ਐ ਇਹ ਉਨਾ ਈ ਨਲੈਕ ਐ ਉਹ ਤਾਂ ਅਗਲੇ ਸਾਲ ਸੁੱਖ ਨਾਲ ਫੀਮੀਂ 'ਚ ਹੋ ਜੂ...।

ਧੀਰਾ : ਇਹ ਦੋਮੇਂ ਈ ਪੜ੍ਹਨਗੇ...ਤੂੰ ਵੇਖਦੀ ਜਾਹ ਤੇਰੇ ਦਮੇਂ ਪੁੱਤ ਅਬਸਰ ਹੋਣਗੇ ਅਬਸਰ ਇਨ੍ਹਾਂ ਦੇ ਹਿੱਸੇ ਦਾ ਸਿਰ 'ਚ ਘੱਟਾ ਮੈਂ ਈ ਪੁਆ ਲੈਨਾਂ..।

ਤਾਰੋ : ਤੇਰਾ ਵੀ ਕੁਸ਼ ਪਤਾ ਨੀ ਲੱਗਿਆ ਬੰਦਿਆ...ਅੱਧੀ ਉਮਰ ਕੱਟ ਲੀ ਤੇਰੇ ਨਾਲ, ਤੇਰੇ ਕੁੜਤੇ 'ਚੋਂ ਮੈਲ ਨਾ ਨਿੱਕਲੀ...(ਜਜ਼ਬਾਤੀ ਹੋ ਕੇ) ਸਾਰੀ ਜੂਨ ਮਿੱਟੀ 'ਚ ਰੁਲ ਗਈ। ਤੇਰੇ ਹੱਥਾਂ ਦੇ ਅੱਟਣ ਮੈਨੂੰ ਸਾਰੀ ਉਮਰ ਸੂਲਾਂ ਵਾਂਗੂ ਚੁਭਦੇ ਰਹੇ.. ਚੈਨ ਦੀ ਇਕ ਘੜੀ ਵੀ ਨਸੀਬ ਨਾ ਹੋਈ...ਪਹਿਲਾਂ ਤੂੰ ਕਹਿੰਦਾ ਹੁੰਦਾ ਸੀ ਗਹਿਣੇ ਆਲੀ ਜ਼ਮੀਨ ਛੁਡਾ ਕੇ ਦਮ ਲਵਾਂਗੇ...ਪਰ ਫੇਰ ਵੀ ਉਹੀ ਹਾਲ ਰਿਹਾ...।

ਧੀਰਾ : ਪਹਿਲਾਂ ਜ਼ਮੀਨ ਛੁਡਾਉਣੀ ਸੀ, ਹੁਣ ਜੁਆਕਾਂ ਨੂੰ ਭੜਾਉਣੈ...ਇਹ ਤਾਂ ਕਬੀਲਦਾਰੀ ਐ ਤਾਰੋ...ਕੰਨ ਦੱਬੇ ਤੇ ਪੂਛ ਖੜੀ, ਪੂਛ ਦੱਬੀ ਤੇ ਕੰਨ ਖੜੇ..ਮੇਰਾ ਵੀ ਜੀਅ ਕਰਦੈ ਬੀ ਮਾੜਾ ਮੋਟਾ ਰੈਲਾ ਹੋਵੇ ਕੰਮ...।

ਤਾਰੋ : ਜਿਹੜੇ ਜੁਆਕਾਂ ਦੀ ਖਾਤਰ ਐਨੇ ਜੱਫਰ ਜਾਲਦੇ ਆਂ, ਉਹ ਕੀ ਪਤੈ ਸਾਨੂੰ ਡੇਲਿਆਂ ਵੱਟੋ ਵੀ ਨਾ ਸਿਆਨਣ. ਲੋਕਾਂ ਦੇ ਪੁੱਤਾਂ ਵੱਨੀਂ ਵੇਖਦੇ ਈ ਆਂ, ਕੋਈ ਨੀ ਆਬਦੇ ਮਾਂ ਪਿਓ ਨੂੰ ਪਾਲਕੀ ਝੂਟਾਉਂਦਾ..।

ਧੀਰਾ : ਤੂੰ ਪਾਲਕੀ ਝੂਟਣ ਨੂੰ ਰੋਨੀਂ ਐਂ...ਦੋ ਵੇਲੇ ਦੋ ਮੰਨੀਆਂ ਦੇ ਦਿਆ ਕਰਨ ਛਕਣ ਨੂੰ, ਉਹੀ ਵਾਧੂ ਐ...ਨਾਲੇ ਇਹ ਤਾਂ ਮਾਪਿਆਂ ਦਾ ਫਰਜ਼ ਐ ਤਾਰੋ...ਪੁੱਤ ਭਾਵੇਂ ਕਪੁੱਤ ਹੋ ਜਾਣ ਪਰ ਮਾਪੇ ਕਦੇ ਕਮਾਪੇ ਨੀ ਹੋ ਸਕਦੇ...ਮੈਂ ਇਕ ਗੱਲ ਸੋਚਦਾਂ ਤਾਰੋ ਬੀ ਮੈਨੂੰ ਤਾਂ ਮੇਰਾ ਬਾਪੂ ਬਲਦਾਂ ਦੇ ਪੂੜੇ ਕੁੱਟਣ ਜੋਗਾ ਛੱਡ ਗਿਆ ਸੀ... ਪਰ ਮੇਰੀ ਉਲਾਦ ਤਾਂ ਘੱਟੋ ਘੱਟ ਮਿੱਟੀ 'ਚ ਨਾ ਰੁਲੇ...।



ਤਾਰੋ : (ਲੰਮਾਂ ਸਾਹ ਲੈ ਕੇ) ਚੰਗਾ, ਦਾਤਾ ਭਲੀ ਕਰੂਗਾ...।

O

[ਵੀਹ ਸਾਲ ਦਾ ਸਮਾਂ ਬੀਤ ਚੁੱਕਾ ਹੈ। ਧੀਰੂ ਬਹੁਤ ਕਮਜ਼ੋਰ ਹੋ ਗਿਆ ਹੈ। ਉਹ ਪਸ਼ੂਆਂ ਵਾਲੇ ਵਿਹੜੇ ਵਿਚ ਇਕ ਟੁੱਟੀ ਜਿਹੀ ਮੰਜੀ ਤੇ ਬੈਠਾ ਹੈ। ਉਸ ਕੋਲ ਵੀਹ ਕੁ ਵਰ੍ਹਿਆਂ ਦਾ ਗਵਾਂਢੀ ਮੁੰਡਾ ਸ਼ਿੰਦਰ ਆਉਂਦਾ ਹੈ।]

ਸ਼ਿੰਦਰ : ਆਹ ਕੀ ਐਮੇਂ ਵਾਧੂ ਰੱਸੀਆਂ ਜਿਹੀਆਂ ਤੇ ਨਿਗ੍ਹਾ ਲਾਈ ਜਾਨੈਂ ਤਾਇਆ।

ਧੀਰਾ : ਇਹ ਭਾਈ ਛਿੱਕਲੀ ਬਣਾਉਨਾਂ...ਆਪਣੀ ਬੱਗੀ ਗਾਂ ਨੇ ਵੱਛਾ ਦਿੱਤੈ, ਬਾਹਲਾ ਮਿੱਟੀ ਖਾਂਦੈ ਸਹੁਰਾ...ਵੱਛੇ ਦੇ ਮੂੰਹ ਤੇ ਜਾਲ ਚੜ੍ਹਾਉਣ ਵਾਸਤੇ ਐ...।

ਸਿੰਦਰ : ਤੂੰ ਵੀ ਤਾਇਆ ਕੋਈ ਨਾ ਕੋਈ ਬੁੱਤੀ ਕਰਦਾ ਈ ਰਹਿਨੈਂ, ਮਾੜਾ ਮੋਟਾ ਰਾਮ ਕਰ ਲਿਆ ਕਰ ਬਿੰਦ-ਝੱਟ...।

ਧੀਰਾ : ਉਈਂ ਬਸ ਆਦਤ ਜੀ ਬਣਗੀ...ਨਿਚਲੇ ਬੈਠ ਕੇ ਸਾਲਾ ਟੈਮ ਜ੍ਹਾ ਨੀਂ ਪਾਸ ਹੁੰਦਾ...ਨਾਲੇ ਫੇਰ ਜਿਹੜੇ ਬੰਦੇ ਨੇ ਸਾਰੀ ਉਮਰ ਟਿਕ ਕੇ ਨਾ ਵੇਖਿਆ ਹੋਵੇ, ਉਹਨੂੰ ਤਾਂ ਵਿਹਲਾ ਬੈਠਣਾ ਜਾਣੀ ਊਂਈਂ ਪਹਾੜ ਤੇ ਚੜ੍ਹਨ ਬਰੋਬਰ ਐ... ਇਹ ਤਾਂ ਸ਼ਿੰਦਰਾ ਮੇਰੇ ਗੋਡੇ ਗਿੱਟੇ ਜੇ ਦੁਖਣ ਲੱਗ ਪੇ...ਜੀਅ ਤਾਂ ਹਾਲੇ ਵੀ ਕਰਦੈ ਬੀ ਹਲ ਵਾਹਾਂ...ਪਰ ਕੀ ਕਰਾਂ...ਫੇਰ ਵੀ ਜਿੰਨਾ ਕੁ ਬਣਦੈ ਕਰ ਲੈਨਾਂ ...ਪਰ ਸਾਰੀ ਉਮਰ ਕਰ-ਕੱਤਰ ਕੇ ਹੁਣ ਚਿੱਤ ਹੌਰੂੰ ਹੌਰੂੰ ਜ੍ਹਾ ਹੋਣ ਲੱਗਾ ਪੈਂਦੈ।

ਸ਼ਿੰਦਰ : ਕਿਉਂ ਚਿੱਤ ਨੂੰ ਕੀ ਹੋ ਗਿਐ ਤਾਇਆ !

ਧੀਰਾ : (ਅਫਸੋਸ ਨਾਲ ਲਹਿਜੇ ਵਿਚ) ਜੀਹਦੀ ਖਾਤਰ ਸਾਰੀ ਉਮਰ ਸਿਰ 'ਚ ਘੱਟਾ ਪਵਾਇਆ ਹੁਣ ਉਨ੍ਹਾਂ ਦੇ ਮੱਥੇ ਤੇ ਮੈਨੂੰ ਦੇਖ ਕੇ ਐਂ ਤਿਉੜੀਆ ਪੈ ਜਾਂਦੀਐਂ ਜਿਮੇਂ ਭੇਡੂ ਨੂੰ ਅਫਰੇਮਾਂ ਹੋ ਇਆ ਹੋਵੇ...(ਗਲਾ ਭਰ ਕੇ)...ਮੈਂ ਹੁਣ ਉਹਨਾਂ ਨੂੰ ਵਾਧੂ ਜਿਹਾ ਲੱਗਦਾਂ...ਇਹ ਮੈਨੂੰ ਈ ਪਤੈ ਬੀ ਇਹਨਾਂ ਵਾਸਤੇ ਮੈਂ ਕਿਮੇਂ ਆਬ ਦਾ ਚੰਮ ਫੂਕਿਐ...ਇਹਨਾਂ ਨੂੰ ਭੋਰਾ ਚੋਹ ਨੀਂ ਲੱਗਣ ਦਿੱਤਾ...

ਸ਼ਿੰਦਰ : ਇਹ ਤਾਂ ਜਮਾਨੇ ਦੀ ਹਵਾ ਈ ਇਹੀ ਜੀ ਐ ਤਾਇਆ, ਕਿਸੇ ਦਾ ਕਸੂਰ ਨੀਂ।

ਧੀਰਾ : ਚੰਗੀ 'ਵਾ ਐ ਜਿਹੜੀ ਪੁਰੇ ਵਾਂਗੂ ਬੁੜ੍ਹੇ ਹੱਡਾਂ ਨੂੰ ਰੜਕਾਉਂਦੀ ਜਾਂਦੀ ਐ... ਵੱਡਾ ਬੀਰਾ ਜੇ ਦਸ ਜਮਾਤਾਂ ਪੜ੍ਹ ਕੇ ਮਾਸਟਰ ਲੱਗ ਗਿਆ ਤਾਂ ਇਹ ਉਸਦੀ ਹਿੰਮਤ ਐ ਤੇ ਛੋਟਾ ਸ਼ੀਰਾ ਅੱਠਵੀਂ ਚੋਂ ਤਿੰਨ ਵਾਰੀ ਫੇਲ ਹੋਇਆ ਇਹ ਉਹਦੀ ਨਲੈਕੀ ਸੀ...।

ਸ਼ਿੰਦਰ : ਹਾਂ ਤਾਇਆ...ਤੈਂ ਕਿਹੜੇ ਕੋਈ ਦਵੈਤ ਰੱਖੀ ਹੋਣੀ ਐ...ਇਹ ਤਾਂ ਹਰੇਕ ਦੇ ਆਬਦੇ ਆਬਦੇ ਕਰਮ ਨੇ, ਜਿਹਾ ਬੀਜੂ ਤਿਹਾ ਵੱਢੂ...।

ਧੀਰਾ : ਪਰ ਐਸ ਗੱਲ ਨੂੰ ਸ਼ੀਰਾ ਵੀ ਨ੍ਹੀਂ ਨਾਂ ਸਮਝਦਾ...ਪੜਨ ਵੇਲੇ ਤਾਂ ਪਟਮੇਲੀ ਪੈ ਜਾਂਦੀ ਸੀ, ਸਕੂਲ ਤਾਂ ਵੜਦਾ ਈ ਨ੍ਹੀਂ ਸੀ...ਸਾਰਾ ਸਾਰਾ ਦਿਨ ਪਾਲੀਆਂ ਨਾਲ ਬੰਨਿਆਂ 'ਚ ਫਿਰਦਾ ਰਹਿੰਦਾ...ਪੜ੍ਹਨਾ ਕੀ ਟੱਟੂ ਸੀ ਉਹਨੇ.. ਹੁਣ ਸਾਰੀ ਗੱਲ ਦਾ ਜ਼ਿਮਾ ਲਊ ਮੇਰੇ ਤੇ...ਦੱਸ ਮੈਂ ਕੀ ਘਟ ਕੇ ਪਿਆ ਦਿੰਦਾ ਇਹਨੂੰ... ਇਹਦੀ ਮਾਂ ਤਾਂ ਬਥੇਰਾ ਕਹਿੰਦੀ ਸੀ ਬੀ ਇਹਨੂੰ ਪੜ੍ਹਨੋਂ ਹਟਾ ਕੇ ਡੰਗਰ ਸੰਭਾਲ। ਇਹ ਤਾਂ ਮੈਂ ਈ ਤਰਲੇ ਮਾਰੀ ਗਿਆ ਬੀ ਚਲੋ ਦੋ ਅੱਖਰਾਂ ਦਾ ਸਿਆਣੂੰ ਹੋ ਜੂ ਤਾਂ ਮਾੜੀ-ਮੋਟੀ ਸੂਹ ਆ ਜੂ ਪਰ ਇਹਨੇ ਤਾਂ ਮਾਂ ਦੇ ਪੁੱਤ ਨੇ ਅੱਠਮੀਂ 'ਚ ਈ ਲਖੀਰ ਕੱਢ ਤੀ।

ਸ਼ਿੰਦਰ : ਤੈਂ ਤਾਂ ਤਾਇਆ ਕੋਈ ਕਸਰ ਨ੍ਹੀਂ ਛੱਡੀ ।

ਧੀਰਾ : ਮਖਿਆ ਤੇਰੀ ਤਾਈ ਤੋਂ ਮੱਲੋ ਮੱਲੀ ਇਸਨੂੰ ਅੱਠਮੀਂ 'ਚ ਦੋ ਸਾਲ ਹੋਰ ਲਵਾਏ ਪਰ ਇਹਨੇ ਸ਼ੇਰ ਨੇ ਗਾਹਾਂ ਪੈਰ ਨਾ ਪੱਟਿਆ...ਤੇ ਅਖੀਰ ਨੂੰ ਪੜ੍ਹਨੋਂ ਹਟ ਗਿਆ...ਤੇ ਜਿੱਦਣ ਸ਼ੀਰਾ ਸਕੂਲੋਂ ਹਟਿਆ ਤਾਂ ਤੇਰਾ ਨਾਂ ਕੀ ਸ਼ਿੰਦਰਾ ਗਊ ਦੀ ਸਹੁੰ ਦੋ ਦਿਨ ਟੁੱਕ ਦੀ ਬੁਰਕੀ ਮੇਰੇ ਸੰਘੋਂ ਨਾ ਉਤਰੀ। ਸੋਚਿਆ, ਮਨਾ ! ਤੂੰ ਕੀਹਦੇ ਵਾਸਤੇ ਸਰੀਰ ਦਾ ਬਾਲਣ ਬਣਾਇਆ, ਜੇ ਇਹਨੇ ਇਹੀ ਕਰਤੂਤ ਕਰਨੀ ਸੀ .।

ਸ਼ਿੰਦਰ : ਫੇਰ ਤਾਂ ਤੇਰੀ ਬੜੀ ਕੁਰਬਾਨੀ ਐਂ ਮੁੰਡਿਆਂ ਖਾਤਰ...ਜਿਹੜੀ ਹਾਲਤ 'ਚ ਤੈਂ ਇਹਨਾਂ ਨੂੰ ਭੜਾਇਆ। ਕੋਈ ਹੋਰ ਹੁੰਦਾ ਤਾਂ ਵੱਡੇ ਨੂੰ ਹਲ ਦਾ ਮੁੰਨਾ ਫੜਾ ਕੇ ਛੋਟੇ ਨੂੰ ਲਾ ਦਿੰਦਾ ਡੰਗਰਾਂ ਮਗਰ.. ਹਰੇਕ ਆਬਦੇ ਸਹਾਰੇ ਦੀ ਸੋਚਦੈ... ਜੇ ਇਹ ਸਿਆਣੇ ਹੋਣ ਤਾਂ ਤੇਰੇ ਪੈਰਾਂ ਹੇਠ ਹੱਥ ਦੇਣ...।

ਧੀਰਾ : ਰਾਮ ਰਾਮ ਕਰ ਸ਼ੇਰਾ...ਮੈਂ ਚਾਹੇ ਸਿਉਨੇ ਦਾ ਬਣ ਜਾਮਾਂ...ਪਰ ਇਹਨਾਂ ਕੋਲੇ ਤਾਂ ਇਹੀ ਮੂਤ ਦੀ ਚੂਲੀ ਐ...।

ਸ਼ਿੰਦਰ : ਪਰ ਸੁਣਿਐ ਬੀ ਤੈਂ ਸਾਰੀ ਜੈਦਾਤ ਸ਼ੀਰੇ ਹੋਰਾਂ ਦੇ ਨਾਂ ਲਵਾ ਤੀ ?

ਧੀਰਾ : ਉਏ ਇਹ ਤਾਂ ਕੰਡੇ ਬੀਜ ਗੇ...ਡੁੱਬੀ ਤਾਂ ਡੂੰਘੇ ਵੜਗੀ .।

ਸ਼ਿੰਦਰ : ਫੇਰ ਤੈਂ ਇਹ ਕੀ ਕੀਤਾ ਤਾਇਆ ?

ਧੀਰਾ : ਬਸ ਕੁਸ ਨਾ ਪੁੱਛ...ਮੈਨੂੰ ਕੀ ਪਤਾ ਸੀ ਬੀ ਮੇਰੇ ਪੁੱਤ ਜਿਨ੍ਹਾਂ ਦੀ ਖਾਤਰ ਮੈਂ ਐਨਾ ਲਹੂ ਛਿੜਕਿਐ, ਐਡੇ ਗਊਂ ਕੱਟ ਹੋ ਜਾਣਗੇ ...।

ਸ਼ਿੰਦਰਾ : ਤੂੰ ਤਾਂ ਕਮਲੈਂ ਤਾਇਆ।

ਧੀਰਾ : ...ਬਸ...ਸ਼ੇਰਾ ਕਮਲਾ ਈ ਸਮਝ...ਪਰ ਇਕ ਗੱਲ ਐ, ਕਿਸੇ ਦੇ ਮੱਥੇ ਤੇ ਤਾਂ ਨ੍ਹੀਂ ਲਿਖਿਆ ਹੁੰਦਾ ਬੀ ਅਗਲੇ ਦੇ ਚਿੱਤ 'ਚ ਕੀ ਐ...ਪਹਿਲਾਂ ਤਾਂ ਮੈਨੂੰ ਦੋਹਾਂ ਮੁੰਡਿਆਂ ਤੇ ਨੂੰਹਾਂ 'ਚ ਐਹਾ ਜ੍ਹਾ ਕੁਸ ਨ੍ਹੀਂ ਦਿਖਿਆ, ਜੀਹਤੇ ਮੇਰਾ ਸ਼ਹੁ ਨਾਂ ਡੁੱਬਦਾ ਹੋਵੇ...ਬੱਸ ਊਂਈਂ ਬੈਠੇ ਬੈਠੇ ਇਕ ਦਿਨ ਚਿੱਤ ਤੇ ਆ ਗੀ ਬੀ 'ਮਨਾ, ਹੁਣ ਤੈਂ ਕੀ ਲੈਣਾ ਦੇਣੈਂ...ਬਥੇਰਾ ਚਿਰ ਭੱਠ ਝੋਕ ਕੇ ਦੇਖ ਲਿਆ ਮੁੰਡੇ ਵਿਆਹੇ-ਵਰੇ ਗਏ.. ਸਾਰਾ ਕੁਸ ਛੱਡ ਛਡਾ ਕੇ, ਦੋ ਦੋ ਮੰਨੀਆਂ ਦੋਹੇ ਵੇਲੇ ਛਕ ਕੇ, ਵਾਖਰੂ ਕਹਿ ਛੱਡਿਆ ਕਰ'...ਬਸ ਦਸ ਕਿੱਲੇ ਤਾਂ ਭੋਂਇ ਘਰੇ ਸੀ.. ਤੇ ਦੋ ਕਿੱਲੇ ਮੈਂ ਬੈ ਲੈ 'ਤੇ ਸੀ... ਦੋਹਾਂ ਨੂੰ ਛੀ ਛੀ ਵੰਡ ਕੇ ਦੇ 'ਤੇ... ਨਾਲ ਦੀ ਨਾਲ ਘਰ 'ਚ ਸੂਹਣ ਖੜੀ ਹੋ ਗਈ...।

ਸ਼ਿੰਦਰ : ਫੇਰ ਤਾਂ ਤਾਇਆ. ਤੈਂ ਆਬ ਦੇ ਹੱਥੀਂ ਆਬ ਕੰਡੇ ਬੀਜੇ ਐ, ਚੁਗ ਹੁਣ ਔਖਾ ਸੌਖਾ ਹੋ ਕੇ।

ਧੀਰਾ : ਹਾ ਸ਼ਿੰਦਰਾ, (ਹੌਕਾ ਲੈ ਕੇ) ਹੱਥੀਂ ਜਾਏ ਰੁੱਖੜੇ ਉੱਠ ਵੈਰੀ ਹੋਏ...।

[ਧੀਰੇ ਦੀ ਛੋਟੀ ਨੂੰਹ ਦੀ ਆਵਾਜ਼ ਆਉਂਦੀ ਹੈ]

ਨੂੰਹ : ਮਖਿਆਂ ਬਾਬਾ ਜੀ ! ਆ ਜਾ ਰੋਟੀ ਲੈ ਲੈ ਆ ਕੇ ਕਿ ਅਜੇ ਤੇਰਾ ਟੈਮ ਨ੍ਹੀ ਹੋਇਆ ?

ਧੀਰਾ : (ਉੱਚੀ ਆਵਾਜ਼ 'ਚ) ਆਉਨਾ ਭਾਈ ! (ਸ਼ਿੰਦਰ ਨੂੰ)...ਦੇਖ ਲੈ ਇਹ ਐ ਸ਼ੀਰੇ ਦੀ ਬਹੂ ਦਾ ਬੋਲ, ਕਿੱਡਾ ਪੁੱਠਾ ਬੋਲਦੀ ਐ ਜਿਮੇਂ ਮੈਂ ਕੋਈ ਸੀਰੀ-ਪਾਲੀ ਹੋਮਾਂ..।

ਸ਼ਿੰਦਰ : ਚੱਲ ਤੈਂ ਕੀ ਲੈਣੈਂ ਤਾਇਆ, ਫੜ ਕੇ ਦੋ ਰੋਟੀਆਂ ਝੰਮਣ ਦੀ ਕਰ...।

ਧੀਰਾ : (ਜਾਂਦਾ ਹੋਇਆ) ਹਾਂ ਇਹ ਤਾਂ ਹੈ ਈ...ਚੰਗਾ...।

O

[ਧੀਰਾ ਵਿਹੜੇ ਵਿੱਚ ਮੰਜੇ ਤੇ ਬੈਠਾ ਰੋਟੀ ਖਾ ਰਿਹਾ ਹੈ। ਸ਼ੀਰੇ ਦੇ ਘਰ ਵਾਲੀ ਪੋਣੇ ਵਿਚ ਰੋਟੀਆਂ ਬੰਨ੍ਹ ਕੇ ਧੀਰੇ ਕੋਲ ਰੱਖ ਦਿੰਦੀ ਹੈ।]

ਨੂੰਹ : ਲੈ ਬਾਬਾ ਜੀ... ਤੂੰ ਰੋਟੀ ਖਾਕੇ ਆਬਦੇ ਪੁੱਤ ਦੀ ਰੋਟੀ ਖੇਤ ਫੜਾ ਆਈਂ...।

ਧੀਰਾ : ਮਖਿਆ ਭਾਈ ਕਿਹੜੇ ਖੇਤ ਐ ਸ਼ੀਰਾ ?

ਨੂੰਹ : ਸਰੀਹਾਂ ਆਲੇ।

ਧੀਰਾ : ਪਾਲੀ ਵੀ ਆਉਣ ਆਲੈ ਡੰਗਰ ਲੈਕੇ, ਟੋਭੇ ਤਾਈਂ ਗਿਐ...ਜੇ ਉਹ ਲੈ ਜਾਂਦਾ ਸ਼ੀਰੇ ਦੀ ਰੋਟੀ ਭਲਾ...?

ਨੂੰਹ : (ਤਲਖ਼ੀ ਨਾਲ) ਕਿਉਂ...ਉਦੋਂ ਨੂੰ ਰੋਟੀ ਸੁੱਕ ਕੇ ਪਾਪੜ ਬਣ ਜੂ...

ਧੀਰਾ : ਸਰੀਹਾਂ ਆਲੀ ਵਾਟ ਕੁਸ ਜਿਆਦੇ ਐ...ਗੋਡੇ ਕਿਹੜਾ ਚੰਦਰੇ ਤੁਰਦੇ ਨੇ..।

ਨੂੰਹ : ਕਿਉਂ ਕੀ ਹੋਇਐ ਗੋਡਿਆਂ ਨੂੰ · ਚੰਗਾ ਭਲਾ ਤਾਂ ਤੁਰਿਆ ਫਿਰਦੈਂ...ਹੋਰ ਕੀ ਹੁੰਦਾ ਐਸ ਉਮਰ 'ਚ ?

ਧੀਰਾ : ਕੋਈ ਨ੍ਹੀ ਭਾਈ ਕੋਈ ਨ੍ਹੀ ..ਬਸ ਮੈਂ ਲੈ ਜਾਨਾਂ ਰੋਟੀ।

ਨੂੰਹ : (ਅੰਦਰ ਨੂੰ ਮੁੜਦੀ ਹੋਈ) ਹੂੰਹ ।

[ਧੀਰਾ ਡੰਗਰਾਂ ਵਾਲੇ ਵਿਹੜੇ ਵਿੱਚ ਬੈਠਾ ਹੈ। ਸ਼ੀਰਾ ਆਉਂਦਾ ਹੈ]

ਸ਼ੀਰਾ : ਬਾਪੂ ! ਆਹ ਫੜ ਦਸ ਰੁਪਈਏ, ਹੱਟ ਤੋਂ ਖੰਡ ਤਾਂ ਲਿਆਈਂ ਜਾਕੇ...।

ਧੀਰਾ (ਜਾਂਦਾ ਹੋਇਆ ਸੋਚਦਾ ਹੋਇਆ) ਹੂੰ...ਖੰਡ ਲਿਅ ਉਣ ਨੂੰ ਬੁੜ੍ਹਾ ਤੇ ਜਦੋਂ

ਬੁੜ੍ਹੇ ਨੂੰ ਚਾਹ ਦੇਣੀ ਐ...ਚਾਹ ਕੱਚੇ ਮਿੱਠੇ ਦੀ। ਮੁੱਦਤਾਂ ਹੋ ਗਈਆਂ ਪੱਕੇ ਮਿੱਠੇ ਦੀ ਚਾਹ ਪੀਤੀ ਨੂੰ...ਸ਼ੈਤ ਤਾਰੋ ਨੇ ਪਿਆਈ ਸੀ ਕਦੇ...ਤਾਰੋ ਵੀ ਅੱਧ ਵਿਚਾਲੇ ਈ ਡੋਬਾ ਦੇ ਗਈ...ਵੈਰਨ !...ਤਿੰਨ ਦਿਨ ਤਾਪ ਚੜ੍ਹਿਆ ਤੇ ਚੌਥੇ ਦਿਨ ਬਸ...(ਅੱਖਾਂ ਭਰ ਕੇ)...ਇੱਕ ਗੱਲੋਂ ਤਾਂ ਚੰਗੀ ਰਹੀ...ਨਹੀਂ ਮੇਰੇ ਵਾਂਗੂ ਧੱਕੇ ਖਾਂਦੀ ਫਿਰਦੀ ਰਹਿੰਦੀ...ਹਾਂ ਮੇਰੇ ਵਾਂਗੂ...ਚਾਹੇ ਦਿਨ 'ਚ ਸੌ ਬੁੱਤੀਆਂ ਕਰ ਲਾਂ.. ਫੇਰ ਵੀ ਸਾਰਿਆਂ ਨੂੰ ਵਿਹਲਾ ਈ ਦਿਸਦਾਂ...ਕੋਈ ਨ੍ਹੀ ਝ ਕਦਾ ਬੀ ਸੂਤ ਨੂੰ ਵੱਟ ਕੀਹਨੇ ਦਿੱਤਾ.. ਡੰਗਰਾਂ ਹੇਠੋਂ ਗੋਹਾ ਕੀਹਨੇ ਹਟਾਇਆ, ਡੰਗਰ ਬੰਨ੍ਹਣ ਆਲ਼ੀ ਥਾਂ ਤੇ ਰੇਤਾ ਕੀਹਨੇ ਸਿੱਟਿਆ...ਬਸ ਸਭ ਨੂੰ ਬੁੜ੍ਹਾ ਵਿਹਲਾ ਦੀਂਹਦੈ...ਚੱਲੋ ਖੈਰ...।

O

ਸ਼ੀਰਾ : (ਆਪਣੀ ਘਰ ਵਾਲੀ ਨੂੰ) ਮੈਂ ਤੇ ਸ਼ੀਰੀ ਸਾਰਾ ਦਿਨ ਖੇਤ 'ਚ ਖ਼ਪਾ ਖ਼ੂਨ ਹੁੰਨੇ ਆਂ ਤੇ ਬਾਪੂ ਵਿਹਲਾ ਘਰੇ ਮੰਜੇ ਤੋੜਦਾ ਰਹਿੰਦੈ...।

ਘਰ ਵਾਲੀ : ਹਾਂ ਬਸ ਆ ਹੀ ਐ ਕਦੇ ਮਾੜਾ-ਮੋਟਾ ਚਾਹ-ਰੋਟੀ ਖੇਤ ਫੜਾ ਆਇਆ, ਉਹ ਵੀ ਨਾਂਹ-ਨੁੱਕਰ ਕਰਦਾ...ਸਾਰਾ ਦਿਨ ਮੰਜੇ ਤੇ ਚੜ੍ਹਿਆ ਜੜਾਂਗੇ ਮਾਰਦਾ ਰਹਿੰਦੈ . ਕੋਈ ਨਾ ਕੋਈ ਪਿੰਡ 'ਚੋਂ ਆਕੇ ਉਹਦੇ ਕੋਲੇ ਬੈਠਾ ਈ ਰਹਿੰਦੈ.. ਕਦੇ ਜਾਗਰ...ਕਦੇ ਸ਼ਿੰਦਰ...ਕਦੇ ਕੋਈ ਤੇ ਕਦੇ ਕੋਈ...ਬਸ ਗੱਲਾਂ ਦੀ ਤਾਰ ਬੰਨ੍ਹੀਂ ਰੱਖਦੇ ਮਜਾਲ ਐ ਕਿਤੇ ਦੋ ਘੜੀ ਲਤਰੋ ਮੂੰਹ 'ਚ ਪੈ ਜੇ ।

ਸ਼ੀਰਾ : ਕੋਈ ਨ੍ਹੀਂ, ਇਹਦਾ ਵੀ ਕਰਦੇ ਆਂ ਕੋਈ ਹੀਲਾ ।

O

ਸ਼ੀਰਾ : (ਧੀਰੇ ਨੂੰ) ਮਖਿਆਂ ਬਾਪੂ ! ਵਾਢੀਆਂ ਦਾ ਜ਼ੋਰ ਐ ਨਿੱਤ ਨਵੇਂ ਵੱਢ ਖੁੱਲ੍ਹਦੇ ਨੇ, ਘੰਟਾ ਦੋ ਘੰਟੇ ਪਸ਼ੂਆਂ ਨੂੰ ਬਾਹਰ ਫ਼ੇਰ ਲਿਆਇਆ ਕਰ...ਨਾਲੇ ਤੁਰਦੇ ਫਿਰਦੇ ਦਾ ਤੇਰਾ ਸਰੀਰ ਠੀਕ ਰਹੂ...ਬੈਠਾ ਤਾਂ ਬੰਦਾ ਊਂ ਈਂ ਮੰਜੇ ਨਾਲ ਈ ਜੁੜ ਜਾਂਦੈ । ਸੌ ਬਿਮਾਰੀਆਂ ਚਿੰਮੜ ਜਾਂਦੀਐਂ ਬੈਠੇ ਬੰਦੇ ਨੂੰ . ।

ਧੀਰਾ : ਬੜਾ ਫਿਕਰ ਲੱਗਿਐ ਬੁੜ੍ਹੇ ਦਾ ਇੱਕ ਲਖਤ ਜਾਂ ਆਬਦੇ ਡੰਗਰ ਚਰਾਉਣ ਦਾ ਲਾਲਚ ਐ ?

ਸ਼ੀਰਾ : ਇਹਦੇ 'ਚ ਲਾਲਚ ਆਲੀ ਕਿਹੜੀ ਗੱਲ ਐ ਨਾਲੇ ਆਬਦਾ ਕੰਮ ਕਰਨ 'ਚ ਕਾਹਦੀ ਸੰਗ ਐ ?

ਧੀਰਾ : ਸੰਗ-ਸੁੰਗ ਤਾਂ ਨ੍ਹੀਂ ਡੱਕਾ...ਪਰ ਤੂੰ ਆਪ ਸੋਚ ਬੀ ਗੋਡਿਆਂ ਤੇ ਤਾਂ ਭਾਰ ਨ੍ਹੀਂ ਆਉਂਦਾ। ਖੇਤ ਤਾਈਂ ਰੋਟੀ ਲੈ ਕੇ ਜਾਣਾ ਦੁੱਭਰ ਹੋ ਜਾਂਦੈ...।

ਸ਼ੀਰਾ : ਇਹੀ ਤਾਂ ਮੈਂ ਕਹਿਨਾਂ...ਤੁਰਨ ਫਿਰਨ ਨਾਲ ਗੋਡੇ ਆਪੇ ਸੂਤ ਹੋ ਜਾਣਗੇ . ਇਹ ਵੀ ਬਾਹਲਾ ਬੈਠਣ ਕਰਕੇ ਈ ਦੁਖਦੇ ਐ...।



ਧੀਰਾ : ਹੂੰ ਮੈਂ ਬਾਹਲਾ ਬੈਠਾ ਰਹਿਨਾਂ !...ਕੀ ਅੰਤ ਐ...ਕਦੇ ਕਦੇ ਤਾਂ ਸਾਰਾ ਸਾਰਾ ਦਿਨ ਥੋਡੀ ਚਾਹ-ਰੋਟੀ ਢੋਂਹਦੇ ਦਾ ਈ ਲੰਘ ਜਾਂਦੈ...ਤੇ ਸਾਰੀ ਉਮਰ ਹਲ ਮਗਰ ਤੋਰਾ-ਫੇਰਾ ਈ ਕੀਤੈ...ਤੁਰਨ ਫਿਰਨ ਦੀ ਤਾਂ ਕੋਈ ਕਸਰ ਨ੍ਹੀ ਰਹੀ... ਥੋਨੂੰ ਹੁਣ ਗੱਲਾਂ ਆਉਂਦੀਆਂ ਨੇ, ਟਰੈਕਟਰ ਹੋਗੇ ਨਾ ਹਲ ਵਾਹੁਣ ਨੂੰ. ਤੇ ਪਾਲੀ ਨੂੰ ਕਿੱਥੇ ਭੇਜਣ ਦੀ ਸਲਾਹ ਐ ?

ਸ਼ੀਰਾ : ਜੇ ਤੂੰ ਪਸ਼ੂ ਲੈ ਜਾਇਆ ਕਰੇਂ ਤਾਂ ਪਾਲੀ ਸਾਡੇ ਨਾਲ ਖੇਤ ਦੇ ਕੰਮ 'ਚ ਕਰਾ ਦਿਆ ਕਰੂ ਮਾੜੀ-ਮੋਟੀ ਚੱਕ ਧਰ ।

ਧੀਰਾ : ਨਾ ਬਈ ! ਹੁਣ ਪਿਛਲੀ ਉਮਰ 'ਚ ਇਹ ਕੰਮ ਨ੍ਹੀਂ ਹੋਣਾ ।

ਸ਼ੀਰਾ : (ਜਾਂਦਾ ਹੋਇਆ, ਵਿਅੰਗ ਨਾਲ) ਹੂੰ ਕੋਈ ਗੱਲ ਨ੍ਹੀ...।

O

[ਅਗਲੇ ਦਿਨ ਧੀਰੇ ਦਾ ਵੱਡਾ ਪੁੱਤਰ ਬੀਰਾ ਆ ਜਾਂਦਾ ਹੈ]

ਬੀਰਾ : ਹੋਰ ਬਾਪੂ ਜੀ, ਕੀ ਹਾਲ ਨੇ ਥੋਡੇ ?

ਧੀਰਾ : ਚੰਗੇ ਨੇ ਸ਼ੇਰਾ...ਤੂੰ ਸੁਣਾ...ਸੁਣਿਆ ਸੀ ਪਿੱਛੇ ਜੇ ਮਾਸਟਰਾਂ ਦੀਆਂ ਤਨਖ਼ਾਹਾਂ ਕੁਸ਼ ਵਧੀਆਂ ਨੇ ?

ਬੀਰਾ : ਹਾਂ ਬਾਪੂ ਜੀ, ਤਨਖਾਹਾਂ ਤਾਂ ਵਧਦੀਆਂ ਈ ਰਹਿੰਦੀਆਂ ਨੇ...ਚੰਗਾ ਵਧੀਆ ਗੁਜ਼ਾਰਾ ਹੋਈ ਜਾਂਦੈ...ਕੁੱਕੂ ਤੇ ਸੋਨੂੰ ਵਧੀਆ ਸਕੂਲ 'ਚ ਪਬਲਿਕ ਸਕੂਲ 'ਚ ਪੜ੍ਹਨ ਲਾ ਤੇ ।

ਧੀਰਾ : ਚੰਗੈ... ਜ਼ਿੰਦਗੀ ਬਣਜੂ ਜੁਆਕਾਂ ਦੀ...ਤੂੰ ਤਾਂ ਫੇਰ ਭਾਈ ਦੋ ਚਾਰ ਮਹੀਨਿਆਂ ਮਗਰੋਂ ਈ ਗੇੜਾ ਮਾਰਦੈਂ ।

ਬੀਰਾ : ਹਾਂ ਜੀ, ਕਿਹੜਾ ਘਰਾਂ 'ਚੋਂ ਨਿਕਲਿਆ ਜਾਂਦੈ...ਬਸ ਦੋ ਚਾਰ ਮਹੀਨਿਆਂ ਬਾਦ ਈ ਕਿਤੇ ਮਾੜਾ-ਮੋਟਾ ਟੈਮ ਲੱਗਦੈ ਆਉਣ ਦਾ (ਗੱਲ ਬਦਲ ਕੇ) . ਤੁਸੀਂ ਕਿਮੇਂ ਕੁਸ਼ ਢਿੱਲੇ ਜੇ ਲੱਗਦੇ ਓ ?

ਧੀਰਾ : ਊਂਈਂ ਚਿੱਤ ਕੁਸ ਉੱਖੜਿਆ ਉੱਖੜਿਆ ਜ੍ਹਾ ਰਹਿੰਦੈ...ਇਕ ਆਹ ਗੋਡਿਆਂ ਦਾ ਚੰਦਰਾ ਰੋਗ ਲੱਗ ਗਿਆ ਤੁਰਨਾ ਫਿਰਨਾ ਜਾਣੀ ਮੁਹਾਲ ਐ . ।

ਬੀਰਾ : ਹਾਂ ਸੱਚ ਬਾਪੂ ਜੀ, ਮੈਂ ਥੋਡੇ ਵਾਸਤੇ ਗੋਡਿਆਂ ਦੇ ਦਰਦ ਦੀ ਦਵਾਈ ਲੈ ਕੇ ਆਇਆ, ਬੜੇ ਮਸ਼ਹੂਰ ਡਾਕਟਰ ਦੀ ਐ ।

ਧੀਰਾ : ਪਹਿਲਾਂ ਵੀ ਬਥੇਰੇ ਡਾਗਟਰਾਂ, ਵੈਦਾਂ ਦੀ ਦਾਰੂ ਦੇਖ ਲੀ...ਹੁਣ ਇਹ ਵੀ ਖਾ ਕੇ ਦੇਖ ਲੈਨਾਂ...ਜੇ ਕੋਈ ਮੋੜ ਪਾ ਦੇ ਭਲਾ । ਪਰ ਦਾਰੂ ਵੀ ਬੀਰਿਆ ਫੇਰ ਈ ਲੱਗਦੀ ਐ ਜੇ ਬੰਦੇ ਦਾ ਚਿੱਤ ਸੂਤ ਹੋਵੇ ।

ਬੀਰਾ : ਕੀ ਹੋ ਗਿਐ ਥੋਡੇ ਚਿੱਤ ਨੂੰ ਬਾਪੂ ਜੀ ?

ਧੀਰਾ : ਨਹੀਂ ਸ਼ੇਰਾ ਕੁਸ ਨ੍ਹੀਂ ਮੈਂ ਤਾਂ ਊਂਈਂ ਸੁਭੋਕੇ ਈ ਗੱਲ ਕੀਤੀ ਸੀ...।

ਬੀਰਾ : ਤੁਸੀਂ ਮੈਥੋਂ ਕੁਸ ਲੁਕੋ ਰਹੇ ਹੋ ਬਾਪੂ ਜੀ ?

ਧੀਰਾ : (ਡੂੰਘੀ ਆਵਾਜ਼ 'ਚ) ਮੇਰਾ ਹੁਣ ਏਥੇ ਜੀਅ ਨ੍ਹੀਂ ਲੱਗਦਾ ਬੀਰਿਆ...ਸਾਰੇ ਲੋਕ ਜਾਣੀ ਵੱਢ ਖਾਣੇ ਜੇ ਲੱਗਦੇ ਨੇ...।

[ਧੀਰੇ ਦੇ ਦਿਮਾਗ ਵਿਚ ਇਹ ਅਵਾਜ਼ਾਂ ਗੂੰਜ ਰਹੀਆਂ ਹਨ, "ਕਿਉਂ ਕੀ ਹੋਇਐ ਗੋਡਿਆਂ ਨੂੰ...ਚੰਗਾ ਭਲਾ ਤਾਂ ਤੁਰਿਆ ਫਿਰਦੈ'...ਹੋਰ ਕੀ ਹੁੰਦੈ ਏਸ ਉਮਰ 'ਚ?", ਸ਼ੀਰੇ ਦੇ ਘਰ ਵਾਲੀ ਦੀ ਇਸ ਅਵਾਜ਼ ਤੋਂ ਬਾਦ ਸ਼ੀਰੇ ਦੀ ਅਵਾਜ਼, "ਜੇ ਤੂੰ ਪਸ਼ੂ ਲੈ ਜਾਇਆ ਕਰੇਂ ਤਾਂ ਪਾਲੀ ਸਾਡੇ ਨਾਲ ਖੇਤ ਦੇ ਕੰਮ 'ਚ ਕਰਾ ਦਿਆ ਕਰੇ ਮਾੜੀ-ਮੋਟੀ ਚੱਕ ਧਰ।"]

ਬੀਰਾ : (ਹੈਰਾਨ ਹੋ ਕੇ) ਸਾਰੇ ਲੋਕ ਵੱਢ ਖਾਣੇ ਲੱਗਦੇ ਨੇ। ...ਏਸ ਵਹਿਮ ਦਾ ਕੀ 'ਲਾਜ ਐ?

ਧੀਰਾ : 'ਲਾਜ ਹੈਗਾ ਤੇਰੇ ਕੋਲ ਬੀਰਿਆ...(ਆਸ ਭਰਪੂਰ ਨਜ਼ਰਾਂ ਨਾਲ)...ਤੂੰ ਮੈਨੂੰ ਮੀਹਨਾ ਦੋ ਮੀਹਨਿਆਂ ਵਾਸਤੇ ਆਬ ਦੇ ਨਾਲ ਸ਼ਹਿਰ ਲੈ ਚੱਲ...!

ਬੀਰਾ : (ਸੋਚਦਾ ਹੋਇਆ) ਤੁਹਾਨੂੰ ਸ਼ਹਿਰ ਲੈ ਜਾਵਾਂ...ਪਰ ਬਾਪੂ ਜੀ! ਥੋਨੂੰ ਏਥੇ ਕੀ ਤਕਲੀਫ ਹੋ ਸਕਦੀ ਐ...ਪਿੰਡ 'ਚ ਖੁੱਲ੍ਹਾ-ਡੁੱਲ੍ਹਾ ਖਾਣ ਪੀਣ ਨੂੰ ਹੁੰਦੈ.. ਸ਼ਹਿਰ 'ਚ ਤਾਂ ਤੰਗੀ-ਤੁਰਸ਼ੀ 'ਚ ਦਿਹਾੜੇ ਕੱਟੀਂਦੇ ਨੇ ਨਾਲੇ ਥੋਨੂੰ ਏਸ ਉਮਰ 'ਚ ਚੰਗੀ ਖੁਰਾਕ ਖਾਣੀ ਚਾਹੀਦੀ ਐ...ਤਾਂ ਹੀ ਥੋਡਾ ਸਰੀਰ ਤੁੜ੍ਹਕਦਾ ਰਹੂ.. ਤਕੜੀ ਖੁਰਾਕ ਦੁੱਧ-ਘਿਓ ਈ ਹੁੰਦੈ...ਇਹ ਸ਼ਹਿਰ 'ਚ ਕਿੱਥੇ..?

[ਧੀਰੇ ਦਾ ਜਵਾਬ ਸੁਣ ਕੇ ਧੀਰੇ ਦੀਆਂ ਅੱਖਾਂ ਭਰ ਆਉਂਦੀਆਂ ਹਨ। ਉਹ ਨਲਕੇ ਤੋਂ ਮੂੰਹ ਧੋਣ ਦੇ ਬਹਾਨੇ ਆਪਣੇ ਹੰਝੂ ਪੂੰਝਣ ਲੱਗਦਾ ਹੈ।]

ਬੀਰਾ : (ਅਣਜਾਣ ਬਣਦੇ ਹੋਏ) ਉਏ ਹੋਏ ਕੀ ਹੋਇਆ ਬਾਪੂ ਜੀ...ਇਕ ਲਖਤ ਤੁਸੀਂ ਨਲਕੇ ਤੋਂ ਮੂੰਹ ਧੋਣ ਲੱਗ ਪੇ?

ਧੀਰਾ : (ਬਹਾਨਾ ਬਣਾਉਂਦਿਆਂ) ਅੱਖਾਂ 'ਚ ਕਦੇ ਕਦੇ ਸਾਲੀ ਰੜਕ ਜੀ ਪੈਣ ਲੱਗ ਜਾਂਦੀ ਐ, ਠੰਡੇ ਪਾਣੀ ਦੇ ਛਿੱਟੇ ਮਾਰਨ ਨਾਾਲ ਸੂਤ ਹੋ ਜਾਂਦੀ ਐ...।

O

ਸ਼ੀਰਾ : (ਆਪਣੀ ਘਰ ਵਾਲੀ ਨੂੰ) ਦੇਖ ਲੈ, ਫੁੱਟਗੀ ਨਾਂ ਦੋ ਦਿਨਾਂ 'ਚ ਬੁੜ੍ਹੇ ਦੀ ਮੜਕ, ਕਹਿੰਦਾ, 'ਹਮ ਨਹੀਂ ਚਾਰਦੇ ਡੰਗਰ,' ਹੁਣ ਆਪੇ ਈ ਕਿੱਲਿਆਂ ਤੋਂ ਛੱਡ ਕੇ ਲੈ ਗਿਐ।

ਘਰ ਵਾਲੀ : ਸੁਣਿਆ ਸੀ ਮਾਸਟਰ ਨੂੰ ਕਹਿੰਦਾ ਸੀ ਬੀ ਉਹਨੂੰ ਆਬਦੇ ਨਾਲ ਸ਼ਹਿਰ ਲੈ ਜੇ...ਫੇਰ ਤੈਨੂੰ ਪਤੈ ਬੀ ਸ਼ਹਿਰੀ ਬੰਦਾ ਕਦੋਂ ਚੂੰਡੀ ਵਢਾਉਂਦੈ...ਬੁੜ੍ਹੇ ਤੋਂ ਕਦੋਂ ਉਹ ਆਬਦਾ ਕੰਨ-ਵਾਲ ਤੜਵਾਉਂਦੈ...ਸਾਫ ਨਾਂਹ ਕਰ 'ਤੀ ਮਾਸਟਰ ਨੇ..।

ਸ਼ੀਰਾ : ਤਾਂ ਹੀ ਕੱਲ ਦਾ ਠੂਹੇਂ ਵਾਂਗੂ ਪੂਛ ਮਰੋੜੀ ਫਿਰਦੈ ਮੈਨੂੰ ਵੀ ਇਹੀ ਲੱਗਿਆ ਸੀ ਤਕਰਾਰ ਹੋਈ ਜ਼ਰੂਰ ਐ ਪਿਓ-ਪੁੱਤ 'ਚ...।



ਘਰ ਵਾਲੀ : ਹੂੰ...ਹੁਣ ਪਤਾ ਲੱਗੂ ਜਦੋਂ ਡੰਗਰ ਚਾਰਨੇ ਪੈ ਗਏ. ਪਹਿਲਾਂ ਡੱਕਾ ਤੋੜ ਕੇ ਦੂਹਰਾ ਨ੍ਹੀਂ ਸੀ ਕਰਦਾ...।

O

[ਧੀਰਾ ਬਰਾਂਡੇ ਵਿਚ ਬੈਠਾ ਚਾਹ ਪੀ ਰਿਹਾ ਹੈ। ਸ਼ੀਰਾ ਲੋਹਾ-ਲਾਖਾ ਹੋਇਆ ਆਉਂਦਾ ਹੈ।]

ਸ਼ੀਰਾ : (ਮਾਲਕਾਂ ਵਰਗੇ ਰੋਹਬ ਨਾਲ) ਬਾਪੂ! ਗਾਂ ਨੂੰ ਕਿੱਥੇ ਛੱਡ ਆਇਆ ਸੀ ਕੱਲ੍ਹ, ਦੂਜੇ ਪਸ਼ੂਆਂ ਨਾਲ ਤਾਂ ਆਈ ਨ੍ਹੀਂ!

ਧੀਰਾ : (ਠਰ੍ਹਮੇ ਨਾਲ) ਗਾਂ ਦਾ ਪਤਾ ਨ੍ਹੀਂ ਲੱਗਿਆ, ਡੰਗਰਾਂ ਨਾਲੋਂ ਨਿੱਖੜ ਕੇ ਪਤਾ ਨ੍ਹੀਂ ਕਿੱਧਰ ਤੁਰ ਗਈ ਸੀ।

ਸ਼ੀਰਾ : ਹੂੰ ਪਤਾ ਨ੍ਹੀਂ ਲੱਗਿਆ, ਉਹ ਆਇਆ ਸੀ ਪਤੰਦਰ ਜੰਟਾ, ਸੌ ਸੌ ਉਲਾਂਭੇ ਦਿੰਦਾ ਸੀ ..ਬੀ ਚਉਰੀ ਦਾੜ੍ਹੀ ਆਲਾ ਸਿਆਣਾ-ਬਿਆਣਾ ਬੰਦਾ ਡੰਗਰਾਂ ਮਗਰ ਲਾਇਐ, ਤਾਂ ਵੀ ਗਾਂ ਨੇ ਜੰਟੇ ਦੀ ਬਰਸੀਮ 'ਚ ਗਾਹ ਪਾ 'ਤਾ...ਕੁਸ ਚਰ ਲਈ...ਕੁਸ ਲਤੜ 'ਤੀ...ਔਹ ਖੜੀ ਐ ਆਫਰੀ ਹੁਣ...ਮੈਂ ਕਹਿਨਾਂ ਤੈਨੂੰ ਸ਼ਰਮ ਨ੍ਹੀਂ ਆਉਂਦੀ ਕੁਸ...ਹੂੰ।

[ਧੀਰਾ ਚੁੱਪ ਰਹਿੰਦਾ ਹੈ। ਸ਼ੀਰਾ ਕਾਹਲੀ ਨਾਲ ਚਲਾ ਜਾਂਦਾ ਹੈ। ਧੀਰੇ ਨੂੰ ਲੱਗਦਾ ਹੈ ਜਿਵੇਂ ਕੋਈ ਤੂਫਾਨ ਲੰਘਿਆ ਹੋਵੇ। ਸ਼ੀਰੇ ਦੇ ਇਹ ਵਾਕ ਵਾਰ ਵਾਰ ਉਸਦੇ ਕੰਨਾਂ ਵਿਚ ਗੂੰਜ ਰਹੇ ਹਨ, 'ਮੈਂ ਕਹਿਨਾਂ ਤੈਨੂੰ ਸ਼ਰਮ ਨ੍ਹੀਂ ਆਉਂਦੀ ਕੁਸ।" ਉਹ ਅੱਖਾਂ ਬੰਦ ਕਰਕੇ ਮੰਜੇ ਤੇ ਲੇਟ ਜਾਂਦਾ ਹੈ। ਉਸਨੂੰ ਯਾਦ ਆਉਂਦੇ ਹਨ ਬਚਪਨ ਵਿਚ ਉਸਦੇ ਬਾਪੂ ਵਲੋਂ ਇਹ ਸ਼ਬਦ, ਤੂੰ ਕੌਣ ਹੁੰਨੈਂ ਵਿਚ ਫਾਨਾ ਲਾਉਣ ਆਲਾ," ਤੇ ਮਾਂ ਦੇ ਇਹ ਸ਼ਬਦ, "ਸ਼ਗਨ-ਸਾਹੇ ਦੇ ਕੰਮ 'ਚ ਨੰਨਾ ਪਾਉਣ ਵੇਲੇ ਤੇਰੀ ਜੀਭ ਕਿਉਂ ਨਾ ਵੱਢੀ ਗਈ ਵੇ ਨਕੜਮਿਆਂ!" ਧੀਰੇ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰਦੇ ਹਨ। ਉਸਨੂੰ ਤਾਰੋ ਦੇ ਇਹ ਸ਼ਬਦ ਯਾਦ ਆਉਂਦੇ ਹਨ, "ਜਿਹੜੇ ਜੁਆਕਾਂ ਖਾਤਰ ਅੱਪਾਂ ਐਨੇ ਜੱਫਰ ਜਾਲਦੇ ਆਂ.. ਉਹ ਕੀ ਪਤੈ ਸਾਨੂੰ ਡੇਲਿਆਂ ਵੱਟੇ ਵੀ ਨਾਂ ਸਿਆਨਣ ਬੀਰਾ ਹਲਕੀ ਅਵਾਜ਼ ਵਿਚ "ਆਹੋ ਤਾਰੋ!" ਕਹਿੰਦਾ ਹੈ। ਉਹ ਹੌਲੀ ਜਿਹੀ ਮੰਜੇ ਤੋਂ ਉੱਠਣ ਦੀ ਕੋਸ਼ਿਸ਼ ਕਰਦਾ ਹੈ ਪਰ ਸ਼ੀਰੇ ਦਾ ਇਹ ਵਾਕ, "ਮੈਂ ਕਹਿਨਾਂ ਤੈਨੂੰ ਸ਼ਰਮ ਨ੍ਹੀ ਆਉਂਦੀ ਕੁਸ," ਉਸਦੇ ਦਿਮਾਗ ਤੇ ਭਾਰੂ ਹੋ ਜਾਂਦਾ ਹੈ। ਉਸਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿਣ ਲੱਗ ਜਾਂਦੇ ਹਨ ਅਤੇ ਨਮੋਸ਼ੀ ਕਾਰਨ ਉਹ ਆਪਣਾ ਮੂੰਹ ਝੁਕਾ ਲੈਂਦਾ ਹੈ ਅਤੇ ਹਟਕੋਰੇ ਭਰਦਾ ਹੈ।]

(ਪਰਦਾ)

# ਡਾ. ਫੁੱਲ ਐਵਾਰਡ

ਪ੍ਰਸਿੱਧ ਪੰਜਾਬੀ ਨਾਟਕਕਾਰ ਡਾ. ਗੁਰਦਿਆਲ ਸਿੰਘ ਫੁੱਲ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਲਈ ਕੀਤੀ ਘਾਲਣਾ ਦੀ ਯਾਦ ਵਿਚ 'ਮੰਚਣ ਆਰਟਸ ਐਂਡ ਰੀਸਰਚ ਸੈਂਟਰ' ਵੱਲੋਂ 10,000 ਰੁਪਏ ਦਾ ਇਕ ਪੁਰਸਕਾਰ ਹਰ ਦੋ ਸਾਲਾਂ ਬਾਅਦ ਪੰਜਾਬੀ ਨਾਟਕ ਜਾਂ ਰੰਗਮੰਚ ਦੀ ਇਕ ਮਹਾਨ ਹਸਤੀ ਨੂੰ ਦਿੱਤਾ ਜਾਣਾ ਹੈ। ਇਸ ਦੇ ਸਾਰੇ ਵਿਸਥਾਰ ਮੰਚਣ-15 ਅਤੇ ਮੰਚਣ-16 ਵਿਚ ਛਾਪੇ ਗਏ ਹਨ। ਪੰਜਾਬੀ ਦੇ ਸਿਰਮੌਰ ਲੇਖਕਾਂ ਦੀ ਅਪੀਲ 'ਤੇ ਹੇਠ ਲਿਖੀ ਰਕਮ ਪ੍ਰਾਪਤ ਹੋਈ ਹੈ :

| | |
|---|---|
| ਪਿਛਲੀ ਬਾਕੀ-(ਮੰਚਣ-17 ਦੇ ਵੇਰਵੇ ਅਨੁਸਾਰ) | 33,000 |
| ਸ: ਭਾਗ ਸਿੰਘ | 1,000 |
| ਪ੍ਰਿੰ. ਸ. ਸ. ਅਮੋਲ | 1,000 |
| ਡਾ: ਮਨਜੀਤ ਪਾਲ ਕੌਰ | 1,000 |
| ਭਾ. ਮੋਹਨ ਸਿੰਘ ਵੈਦ ਐਂਡ ਸਨਜ਼ | 2,000 |
| ਸ. ਮੋਹਿੰਦਰ ਜੀਤ ਸਿੰਘ, ਗੁਰਮੀਤ ਸਿੰਘ | 500 |
| ਸ. ਗੁਰਦੇਵ ਸਿੰਘ ਲਾਲੀ | 1,000 |
| ਸ. ਬਿੱਕਰ ਸਿੰਘ ਲਾਲੀ | 1,000 |
| ਸ. ਸ਼ਾਮ ਸਿੰਘ ਲਾਲੀ | 1,000 |
| ਸ. ਰਤਨ ਸਿੰਘ | 1100 |
| ਸ. ਬਰਜਿੰਦਰ ਸਿੰਘ ਹਮਦਰਦ | 1100 |
| ਸ੍ਰੀ ਐਨ. ਐਸ. ਮਾਨ | 501 |
| ਗੁਰੂ ਨਾਨਕ ਗਰਲਜ਼ ਕਾਲਿਜ ਲੁਧਿਆਣਾ | 5000 |
| ਪੀ. ਐਸ. ਐਨ. ਏ. ਚੰਡੀਗੜ੍ਹ | 5000 |
| ਸ. ਮੋਹਿੰਦਰ ਸਿੰਘ ਫੁੱਲ | 1000 |
| ਸ੍ਰੀ ਰਵਿੰਦਰ ਰਵੀ, ਕੈਨੇਡਾ | 1000 |
| ਵਜ਼ੀਰ ਚੰਦ ਐਂਡ ਸਨਜ਼ ਅੰਮ੍ਰਿਤਸਰ | 500 |
| ਸ. ਦਰਸ਼ਨ ਸਿੰਘ ਰਾਹੀਂ | 5000 |
| ਕੁੱਲ ਜੋੜ | 61701 |

ਪੁਰਸਕਾਰ 'ਤੇ ਦੂਜੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਲਈ ਆਈ ਇਸ ਰਕਮ ਦਾ ਅਸੀਂ ਸਤਿਕਾਰ ਕਰਦੇ ਹਾਂ ਅਤੇ ਭੇਜਣ ਵਾਲਿਆਂ ਦੇ ਦਿਲੋਂ ਰਿਣੀ ਹਾਂ।

ਤੁਸੀਂ ਵੀ ਚਾਹੋ ਤਾਂ ਇਸ ਕਾਰਜ ਵਿਚ ਸਾਡੀ ਮਦਦ ਕਰ ਸਕਦੇ ਹੋ। ਇਹ ਪੰਜਾਬੀ ਨਾਟਕ, ਰੰਗਮੰਚ ਤੇ ਸਭਿਆਚਾਰ ਦੇ ਨਾਮ ਲੱਗੇਗੀ। ਚੈੱਕ ਜਾਂ ਡਰਾਫਟ ਕੇਵਲ ਇਸ ਨਾਂ ਤੇ ਭੇਜਿਆ ਜਾਵੇ : Dr, Phul Memorial Manchan Award. ਡਰਾਫਟ ਚੰਡੀਗੜ੍ਹ ਜਾਂ ਮੋਹਾਲੀ ਦਾ ਬਣਾਇਆ ਜਾਵੇ ਅਤੇ ਇਸ ਪਤੇ ਤੇ ਭੇਜਿਆ ਜਾਵੇ :

225, ਫੇਜ਼-6 ਮੁਹਾਲੀ-160055

## MANCHAN-18

**A Book-Series of Drama & Theatre**
**(Publication of Manchan Arts & Research Centre)**
**225, Phase-VI, Mohali—160055**


**ਅਗਲਾ ਅੰਕ**

-ਸ਼ਤੀਸ਼ ਕੁਮਾਰ ਵਰਮਾ ਦਾ ਨਾਟਕ 'ਦਾਇਰੇ'
-ਸੰਤੋਖ ਸਿੰਘ ਸ਼ਾਹਬਾਰ ਦਾ ਕਾਵਿ-ਨਾਟਕ 'ਕੰਜਕਾਂ ਤੇ ਕੁੜੀਆਂ'
-ਡਾ. ਹਰਚਰਨ ਸਿੰਘ ਦਾ ਲੇਖ : ਆਧੁਨਿਕ ਪੰਜਾਬੀ ਰੰਗਮੰਚ ਦਾ ਮੁੱਢ
-ਰੰਗਮੰਚ ਦੀ ਕਲਾ : ਪਹਿਲਾ ਵਾਰਤਾਲਾਪ
-ਨਾਟਕ 'ਛੱਲੀਏ ਨੈਣ' ਬਾਰੇ ਡਾ. ਹਰਿਭਜਨ ਸਿੰਘ ਭਾਟੀਆ ਦਾ ਲੇਖ
-ਵਿਊ-ਰਿਵਿਊ ਤੇ ਪ੍ਰੋਡਕਸ਼ਨਾਂ


ਬੰਗੜ ਪ੍ਰਿੰਟਿੰਗ ਪ੍ਰੈਸ, ਐਸ. ਸੀ. ਓ. 58, ਫੇਜ਼-2, ਮੋਹਾਲੀ ਫੋਨ : 571379